ਜਗਤ ਗੁਰੂ ਨਾਨਕ ਦੇਵ
ਪੰਜਾਬ ਸਟੇਟ ਓਪਨ ਯੂਨੀਵਰਸਿਟੀ
ਪਟਿਆਲਾ

**The Motto of Our University**
**(SEWA)**

**SKILL ENHANCEMENT**
**EMPLOYABILITY**
**WISDOM**
**ACCESSIBILITY**

**JAGAT GURU NANAK DEV**
**PUNJAB STATE OPEN UNIVERSITY, PATIALA**
(Established by Act No. 19 of 2019 of the Legislature of State of Punjab)

# CERTIFICATE COURSE ON
## VALUES AND LEARNING OF SIKHISM

## SEMESTER I

## CISE-3

# EQUALITY AND WELFARE

Head Quarter: C/28, The Lower Mall, Patiala-147001
Website: www.psou.ac.in

SELF-INSTRUCTIONAL STUDY MATERIAL FOR JGND PSOU

ALL COPYRIGHTS WITH JGND PSOU, PATIALA

The Study Material has been prepared exclusively under the guidance of Jagat Guru Nanak Dev Punjab State Open University, Patiala, as per the syllabi prepared by Committee of Experts and approved by the Academic Council.

The University reserves all the copyrights of the study material. No part of this publication may be reproduced or transmitted in any form.

**COURSE COORDINATOR AND EDITOR :**

Sukhdev Singh
Assistant Professor
School of Religious Studies
Jagat Guru Nanak Dev Punjab State Open University

**LIST OF CONSULTANTS/ CONTRIBUTORS**

| Sr. No. | Name |
|---|---|
| 1 | Dr. Shefali Bedi |
| 2 | Dr. Raminderjeet Kaur |

**JAGAT GURU NANAK DEV PUNJAB STATE OPEN UNIVERSITY, PATIALA**
**(Established by Act No. 19 of 2019 of the Legislature of State of Punjab)**

# PREFACE

Jagat Guru Nanak Dev Punjab State Open University, Patiala was established in December 2019 by Act 19 of the Legislature of State of Punjab. It is the first and only Open University of the State, entrusted with the responsibility of making higher education accessible to all, especially to those sections of society who do not have the means, time or opportunity to pursue regular education.

In keeping with the nature of an Open University, this University provides a flexible education system to suit every need. The time given to complete a programme is double the duration of a regular mode programme. Well-designed study material has been prepared in consultation with experts in their respective fields.

The University offers programmes which have been designed to provide relevant, skill-based and employability-enhancing education. The study material provided in this booklet is self-instructional, with self-assessment exercises, and recommendations for further readings. The syllabus has been divided in sections, and provided as units for simplification.

The University has a network of 10 Learner Support Centres/Study Centres, to enable students to make use of reading facilities, and for curriculum-based counselling and practicals. We, at the University, welcome you to be a part of this instituition of knowledge.

Prof. Anita Gill
Dean Academic Affairs

# Syllabus

**Equality and Welfare**

**PAPER - III**

**Total Marks: 100**

**External Marks: 70**

**Internal Marks: 30**

**Credits: 4**

**Pass Percentage: 35%**

## SECTION A

Religious Harmony and Tolerance, Social Harmony: Caste and Race, Gender Equality, and Issues of women (dowry, violence, foeticide),

## SECTION B

Social welfare, Environmental Awareness, Bio-ethics (commercialization of Organs), Right to die

**JAGAT GURU NANAK DEV PUNJAB STATE OPEN UNIVERSITY, PATIALA**
**(Established by Act No. 19 of 2019 of the Legislature of State of Punjab)**

**CISE-3: Equality and Welfare**

**COURSE COORDINATOR AND EDITOR: SUKHDEV SINGH**

| UNIT NO. | UNIT NAME |
|---|---|
| UNIT 1 | Religious Harmony and Tolerance |
| UNIT 2 | Social Harmony: Caste and Race |
| UNIT 3 | Gender Equality |
| UNIT 4 | Issues of women (dowry, violence, foeticide |
| UNIT 5 | Social welfare |
| UNIT 6 | Environmental Awareness |
| UNIT 7 | Bio-ethics ((commercialization of Organs) |
| UNIT 8 | Right to die |

## PROGRAMME: CERTIFICATE COURSE ON VALUE AND LEARNING OF SIKHISM

### COURSE: EQUALITY AND WELFARE

### SEMESTER-I

### UNIT I - RELIGIOUS HARMONY AND TOLERANCE

**STRUCTURE**

1.0 ਉਦੇਸ਼

1.1 ਜਾਣ ਪਛਾਣ

1.2 ਧਾਰਮਿਕ ਸਹਿਣਸ਼ੀਲਤਾ ਅਤੇ ਸਦਭਾਵਨਾ ਦੀ ਮਹਤਤਾ

1.3 ਧਰਮ ਵਿੱਚਸਹਿਣਸ਼ੀਲਤਾ ਅਤੇ ਸਦਭਾਵਨਾ

1.4 ਧਾਰਮਿਕ ਵਿਹਾਰ ਵਿੱਚਸਹਿਣਸ਼ੀਲਤਾ ਅਤੇ ਸਦਭਾਵਨਾ

1.5 ਸਿੱਖ ਸਿਧਾਂਤਾਂ ਵਿੱਚਧਾਰਮਿਕ ਸਹਿਣਸ਼ੀਲਤਾ ਤੇ ਸਦਭਾਵਨਾ

1.6 ਸਿੱਖ ਵਿਹਾਰ ਵਿੱਚਧਾਰਨਿਕ ਸਹਿਣਸ਼ੀਲਤਾ ਤੇ ਸਦਭਾਵਨਾ

1.7 ਸਾਰ

1.8 ਪੜ੍ਹਨਯੋਗ ਪੁਸਤਕਾਂ

1.9 ਅਭਿਆਸ ਲਈ ਪ੍ਰਸ਼ਨ

**1.0 ਉਦੇਸ਼:**

- ਧਾਰਮਿਕ ਸਹਿਣਸ਼ੀਲਤਾ ਅਤੇ ਸਦਭਾਵਨਾ ਦੇ ਸੰਕਲਪ ਨੂੰ ਜਾਣਨਾ।
- ਧਾਰਮਿਕ ਸਹਿਣਸ਼ੀਲਤਾ ਅਤੇ ਸਦਭਾਵਨਾ ਦਾ ਸਮਾਜ ਵਿੱਚ ਮਹੱਤਵ ਜਾਣਨਾ।
- ਸਿੱਖ ਧਰਮ ਵਿੱਚਧਾਰਮਿਕ ਸਹਿਣਸ਼ੀਲਤਾ ਅਤੇ ਸਦਭਾਵਨਾ ਨੂੰ ਸਮਝਣਾ।

**1.1. ਜਾਣ-ਪਛਾਣ:**

ਸੰਸਾਰ ਵਿੱਚ ਰਹਿੰਦੇ ਮਨੁੱਖਾਂ ਦੇ ਵਿਸ਼ਵਾਸ, ਧਰਮ, ਸੰਸਕਾਰ, ਸਭਿਆਚਾਰ, ਰਹਿਣ-ਸਹਿਣ,ਖਾਣ-ਪੀਣ, ਬੋਲੀ, ਪਹਿਰਾਵੇ ਆਦਿ ਵਿੱਚ ਵਖਰਤਾ/ਭਿੰਨਤਾ ਸੁਭਾਵਿਕ ਹੈ।ਇਹਨਾਂ ਵਖਰੇਂਵਿਆਂ ਦੇ ਬਾਵਜੂਦ ਮਨੁੱਖ ਨੇ ਇਸ ਸੰਸਾਰ ਵਿੱਚ ਇੱਕ-ਦੂਜੇ ਨਾਲ ਪ੍ਰੇਮ-ਭਾਵ, ਸਦਭਾਵਨਾ ਨਾਲ ਵਿਚਰਨਾ ਸਿਖਿਆ ਹੈ। ਸਮਾਜ ਵਿੱਚਰਹਿ ਕੇ ਮਨੁੱਖ ਜੋ ਵੀ ਚੰਗਾ-ਮਾੜਾ ਕਾਰ-ਵਿਹਾਰ ਕਰਦਾ ਹੈ, ਉਸ ਦਾ ਅਸਰਸਮਾਜ ਉੱਪਰ ਪੈਂਣਾ ਲਾਜ਼ਮੀ ਹੈ। ਇਸੇ ਤਰਾਂ ਸਮਾਜਿਕ ਤੌਰ 'ਤੇ ਵਾਪਰਦੇ ਵਰਤਾਰੇ ਮਨੁੱਖੀ ਚੇਤਨਾ ਤੇ ਵਿਹਾਰ ਨੂੰ ਪ੍ਰਭਾਵਿਤ ਕਰਦੇ ਹਨ।ਸਮਾਜ ਅਤੇ ਮਨੁੱਖ ਦੇ ਇੱਕ-ਦੂਜੇ 'ਤੇ ਪੈਣ ਵਾਲੇ ਆਪਸੀ ਪ੍ਰਭਾਵ ਕਾਰਨ ਹੀ ਸਮਾਜ ਤੇ ਮਨੁੱਖ ਵਿੱਚ ਡੂੰਘੀ ਸਾਂਝ ਬਣੀ ਹੋਈ ਹੈ ਤੇ ਇੱਕ ਦੂਜੇ ਨਾਲ ਜੁੜੇ ਹੋਏ ਹਨ। ਇੱਕ ਚੰਗੇ ਸਮਾਜ ਦੀ ਸਿਰਜਣਾ,ਸਮਾਜ ਵਿੱਚ ਰਹਿਣ ਵਾਲੇਂ ਮਨੁੱਖਾਂ ਦੀ ਚੰਗੀ ਸੋਚ, ਚੰਗੇ ਵਿਹਾਰ ਉੱਪਰ ਨਿਰਭਰ ਕਰਦੀ ਹੈ, ਜਿਸ ਲਈ ਮਨੁੱਖ ਨੂੰ ਨੈਤਿਕਤਾ, ਸਬਰ-ਸੰਤੋਖ, ਸਚਾਈ, ਇਮਾਨਦਾਰੀ, ਸੰਜਮ, ਸਾਹਸ, ਨਿਮਰਤਾ, ਸਿਆਣਪ, ਨਿਆਂ, ਸਹਿਣਸ਼ੀਲਤਾ ਵਰਗੇ ਅਨੇਕ ਸਦਗੁਣਾਂ ਨੂੰ ਆਪਣੀ ਚੇਤਨਾ ਤੇ ਵਿਹਾਰ ਵਿੱਚ ਸ਼ਾਮਿਲ ਕਰਨਾ ਜ਼ਰੂਰੀ ਹੋ ਜਾਂਦਾ ਹੈ। ਅਜਿਹੇ ਸਦਗੁਣਾਂ ਵਿਚੋਂ ਧਾਰਮਿਕ ਸਹਿਣਸ਼ੀਲਤਾ ਅਤੇ ਸਦਭਾਵਨਾ ਬਹੁਤ ਮਹੱਤਵਪੂਰਣ ਕੀਮਤਾਂ ਹਨ, ਜੋ ਮਨੁੱਖਤਾ ਵਿੱਚ ਆਪਸੀ ਪ੍ਰੇਮ-ਪਿਆਰ, ਮਿਲਵਰਤਨ, ਸਤਿਕਾਰ ਅਤੇ ਆਪਸੀ ਭਾਈਚਾਰੇ ਨੂੰ ਵਧਾਉਣ ਵਿੱਚ ਸਹਾਈ ਹੁੰਦੀਆਂ ਹਨ।ਪੁਰਾਤਨ ਸਮਿਆਂ ਵਿੱਚ ਲੋਕ ਕਬੀਲਾਈ ਸਮਾਜ ਵਿੱਚ ਰਹਿੰਦੇ ਸਨ ਅਤੇ ਹਰ ਕਬੀਲੇਦੇ ਲੋਕਾਂ ਦਾ ਆਪਣਾ-ਆਪਣਾ ਇੱਕ ਸਾਝਾ ਵਿਸ਼ਵਾਸ਼, ਤਿਉਹਾਰ ਹੁੰਦਾ ਸੀ, ਜਿਸ ਅਨੁਸਾਰ ਉਸ ਕਬੀਲੇ ਦੀਆਂ ਰਸਮਾਂ-ਰਿਵਾਜ਼ ਨਿਸਚਤ ਸਨ। ਹਰ ਕਬੀਲਾ ਦੂਸਰੇ ਕਬੀਲੇ ਤੋਂ ਅਲਗ ਰਹਿੰਦਾ ਸੀ ਅਤੇ ਆਪੋ-ਆਪਣੀ ਮਾਨਤਾ 'ਤੇ ਦ੍ਰਿੜ ਵਿਸ਼ਵਾਸ ਰਖਦਾ ਸੀ। ਅਜੋਕੇ ਸੰਸਾਰ ਵਿੱਚ ਦੁਨੀਆਂ ਦੇ ਵਿਕਾਸ ਕਰਨ ਕਰਕੇ ਸੰਸਾਰਇੱਕ ਗਲੋਬਲ ਪਿੰਡ ਦੀ ਤਰ੍ਹਾਂ ਬਣ ਚੁਕਾ ਹੈ, ਜਿਸ ਵਿੱਚਅਲਗ-ਅਲਗਧਰਮਾਂ, ਫਿਰਕਿਆਂ, ਵਿਸ਼ਵਾਸਾਂ, ਰੰਗਾਂ, ਨਸਲਾਂ ਆਦਿ ਦੇ ਲੋਕ ਇੱਕ-ਦੂਜੇ ਨਾਲ ਮਿਲਵਰਤਨ ਦੀ ਭਾਵਨਾ ਨਾਲ ਰਹਿ ਰਹੇ ਹਨ। ਇਸ ਮਿਲਵਰਤਨ-ਭਾਵਨਾ ਕਾਰਨ ਹੁਣ ਮਿਸ਼ਰਤ ਸਮਾਜਾਂ ਦੀ ਸਥਾਪਨਾ ਹੋਣ ਲਗੀ ਹੈ। ਅਜਿਹੇ ਅਜੋਕੇ ਮਿਸ਼ਰਿਤ ਸਮਾਜਾਂ ਵਿਚ ਇੱਕ ਦੂਸਰੇ ਦੀਆਂ ਭਾਵਨਾਵਾਂ ਨੂੰ ਸਮਝਦੇ ਹੋਏ ਪਿਆਰ, ਭਾਈਚਾਰਾ ਵਧਾਉਣ ਲਈ, ਵੱਖਰੇ-ਵੱਖਰੇ ਧਰਮ ਦੇ ਲੋਕਾਂ ਲਈ ਧਾਰਮਿਕ ਸਹਿਣਸ਼ੀਲਤਾ ਅਤੇ ਸਦਭਾਵਨਾ ਜਿਹੇ ਸਦਗੁਣਾਂਨੂੰ ਧਾਰਨ ਕਰਨਾ ਜ਼ਰੂਰੀ ਹੋ ਜਾਂਦਾ ਹੈ।

## 1.2.ਧਾਰਮਿਕ ਸਹਿਣਸ਼ੀਲਤਾ ਅਤੇ ਸਦਭਾਵਨਾ ਦੀ ਮਹਤਤਾ:

ਸੰਸਾਰ ਵਿੱਚ ਰਹਿੰਦੇ ਲੋਕਾਂ ਦਾ ਵੱਡਾ ਹਿਸਾ ਵੱਖਰੇ-ਵੱਖਰੇ ਧਰਮਾਂ ਨਾਲ ਸੰਬੰਧ ਰਖਦਾ ਹੈ। ਵਿਸ਼ਵੀਕਰਨ ਨੇ ਸੰਸਾਰ ਨੂੰ ਇੱਕ ਗਲੋਬਲ ਪਿੰਡ ਵਿੱਚਤਬਦੀਲ ਕਰ ਦਿਤਾ ਹੈ, ਜਿਸ ਕਾਰਨ ਸਭ ਧਰਮਾਂ ਦੇ ਲੋਕ, ਵੱਡੇ ਪੱਧਰ 'ਤੇ ਇੱਕ-ਦੂਜੇ ਦੇ ਸੰਪਰਕ ਵਿੱਚ ਆਏ ਹਨ ਤੇ ਇੱਕ-ਦੂਜੇ ਦੇ ਧਾਰਮਿਕ ਵਿਸ਼ਵਾਸਾਂ ਨੂੰ ਸਮਝਣ-ਸਮਝਾਉਣ ਵਿੱਚ ਵੀ ਰੁਚੀ ਲੈ ਰਹੇ ਹਨ। ਪਰੰਤੂ ਅਜਿਹੇ ਵਿੱਚ ਧਰਮ ਨੂੰ ਲੈ ਕੇ ਖਾਸ ਤਰਾਂ ਦੇ ਤਣਾਵ ਵੀ ਸਮਾਜ ਵਿੱਚ ਜਨਮ ਲੈ ਰਹੇ ਹਨ, ਜੋ ਧਰਮ ਨੂੰ ਆਧਾਰ ਬਣਾ ਕੇ ਛੋਟੇ-ਵੱਡੇ ਝਗੜਿਆਂ ਦਾ ਰੂਪ ਲੈ ਰਹੇ ਹਨ। ਅਜਿਹੇ ਵਿੱਚ ਇੱਕ-ਦੂਜੇ ਦੇ ਧਰਮ ਪ੍ਰਤੀ ਸਤਿਕਾਰ ਦਾ ਮਾਹੌਲ ਸਿਰਜਣ ਲਈ, ਸਮਾਜ ਵਿੱਚ ਧਾਰਿਮਕ ਤੌਰ 'ਤੇ ਸਹਿਣਸ਼ੀਲਤਾ ਰਖਣਾ ਜਿਥੇ ਦੇਸ਼ ਦੇ ਹਿਤਾਂ ਲਈ ਜ਼ਰੂਰੀ ਹੈ, ਉਥੇ ਹੀ ਕਿਸੇ ਵੀ ਆਦਰਸ਼ਮਈ ਸਮਾਜ ਦੀ ਉਸਾਰੀ ਅਤੇ ਵੱਖ-ਵੱਖ ਧਰਮਾਂ ਦੇ ਲੋਕਾਂ ਵਿੱਚ ਆਪਸੀ ਪ੍ਰੇਮ-ਭਾਵ ਬਣਾਈ ਰੱਖਣ ਲਈ ਵੀ ਬੇਹਦ ਜ਼ਰੂਰੀ ਹੈ। ਧਾਰਮਿਕ ਸਹਿਣਸ਼ੀਲਤਾ ਅਤੇ ਸਦਭਾਵਨਾ ਵਰਗੇ ਸਦਗੁਣਾਂ ਨੂੰ ਧਾਰਨ ਕਰਕੇ ਹੀ ਦੂਸਰੇ ਦੇ ਧਰਮ ਨੂੰ ਸਮਝਣ ਦੀ ਸਮਰਥਾ ਪੈਦਾ ਹੋ ਸਕਦੀ ਹੈ। ਅਜਿਹੀ ਜਿੰਮੇਵਾਰੀ ਨੂੰ ਸਮਝਦਿਆਂ ਹੋਇਆ UNESCO ਨੇ 1995 ਈ. 16 ਨਵੰਬਰ ਦੇ ਦਿਨ ਨੂੰ ਹਰ ਸਾਲ ਸਹਿਣਸ਼ੀਲਤਾ ਦੇ ਦਿਨ ਵਜੋਂ ਮਨਾਉਣ ਦਾ ਐਲਾਨ ਕੀਤਾ ਸੀ।

## 1.3. ਧਰਮ ਵਿੱਚ ਸਹਿਣਸ਼ੀਲਤਾ ਅਤੇ ਸਦਭਾਵਨਾ:

ਮਨੁੱਖੀ ਇਤਿਹਾਸ ਵਿੱਚਧਰਮ ਦਾ ਵਰਤਾਰਾ ਬਹੁਤ ਮਹੱਤਵਪੂਰਣ ਰਿਹਾ ਹੈ, ਜਿਸ ਤੋਂ ਬਿਨਾਂ ਸੰਸਾਰ ਦੀ ਪ੍ਰਕਿਰਿਆ ਸੰਭਵ ਨਹੀਂ ਮੰਨੀ ਜਾ ਸਕਦੀ। ਧਰਮ ਨੂੰ ਮਨੁੱਖੀ ਜੀਵਨ ਦਾ ਆਧਾਰ ਕਿਹਾ ਜਾ ਸਕਦਾ ਹੈ। ਸੰਸਾਰ ਵਿੱਚਰਹਿੰਦੇ ਬਹੁਗਿਣਤੀ ਮਨੁੱਖ ਕਿਸੇ ਨਾ ਕਿਸੇ ਧਰਮ ਨਾਲ ਸੰਬੰਧ ਰਖਦੇ ਹਨ ਤੇ ਆਪਣੇ ਧਰਮ ਕੋਲੋਂ ਆਦਰਸ਼ ਜੀਵਨ ਜਿਉਣ ਦੀ ਪ੍ਰੇਰਨਾ ਲੈਂਦੇ ਹਨ। ਪਰੰਤੂ ਕਈ ਵਾਰ ਆਪਣੇ ਧਰਮ ਨੂੰ ਸਰਵੋਤਮ ਮੰਨ ਕੇ ਪ੍ਰਚਾਰਨ ਅਤੇ ਪ੍ਰਸਾਰਨ ਜਾਂ ਧਰਮ ਦੀ ਸੰਕੀਰਨ ਵਿਆਖਿਆ ਕਾਰਨ ਵੱਖ-ਵੱਖ ਸਮਾਜ ਆਪਸੀ ਫੁਟ ਦਾ ਸ਼ਿਕਾਰ ਹੋ ਜਾਂਦੇ ਹਨ। ਕਬੀਲਾਈ ਅਤੇ ਜਾਤੀ-ਮੂਲਕ ਆਧਾਰਾਂ ਰਾਹੀਂ ਧਰਮ ਦੀ ਵਿਆਖਿਆ ਹੋਣ ਕਰਕੇ ਧਰਮ ਦੇ ਇਤਿਹਾਸ ਵਿੱਚਕਈ ਵਾਰ ਧਾਰਮਿਕ-ਸੰਕੀਰਣਤਾ ਦੇ ਮਾਹੌਲ ਬਣੇ ਹਨ। ਜਾਤੀ-ਭੇਦ, ਨਸਲ-ਮੂਲਕ, ਖੇਤਰ ਅਤੇ ਭਾਸ਼ਾਈ ਵਖਰੇਵਿਆਂ ਕਰਕੇ ਵੀ ਧਰਮ ਨੂੰ ਆਧਾਰ ਬਣਾ ਕੇ ਸਮਾਜਾਂ ਵਿੱਚ ਲੜਾਈਆਂ ਹੁੰਦੀਆਂ ਰਹੀਆਂ ਹਨ। ਪਰੰਤੂ ਧਰਮ ਮਨੁੱਖ ਨੂੰ ਆਪਸੀ ਪ੍ਰੇਮ-ਭਾਵ, ਦੂਸਰਿਆਂ ਦੇ ਧਰਮ ਪ੍ਰਤੀ ਸਹਿਣਸ਼ੀਲਤਾ, ਸਦਭਾਵਨਾ ਸਿਖਾਉਂਦਾ ਹੈ। ਬਦਲਦੇ ਸੰਸਾਰ ਵਿੱਚ ਵਿਸ਼ਵੀਕਰਣ ਅਤੇ ਮਨੁੱਖ ਦੁਆਰਾ ਇੱਕ ਧਰਤੀ ਤੋਂ ਦੂਜੀ ਧਰਤੀ ਦੇ ਪ੍ਰਵਾਸ ਕਰਕੇ ਵੱਖ-ਵੱਖ ਸਭਿਆਚਾਰ ਅਤੇ ਧਰਮ ਦੇ ਲੋਕਾਂ ਵਿੱਚ ਵਿਚਰਨ ਲਈ ਧਾਰਮਿਕ ਤੌਰ 'ਤੇ ਸਹਿਣਸ਼ੀਲ ਹੋਣਾ ਹੋਰ ਵੀ ਜ਼ਰੂਰੀ ਹੋ ਚੁਕਾ ਹੈ। ਧਾਰਮਿਕ ਤੌਰ 'ਤੇ ਸਹਿਣਸ਼ੀਲ ਮਨੁੱਖ ਉਸ ਨੂੰ ਕਿਹਾ ਜਾ ਸਕਦਾ ਹੈ ਜੋ ਦੂਸਰੇ ਵਿਅਕਤੀ ਦੇ ਹਾਲਾਤਾਂ ਨੂੰ ਖਿੜੇ ਮਥੇ ਪਰਵਾਨ ਕਰੇ। ਭਾਵ ਦੂਸਰਾ ਮਨੁੱਖ ਚਾਹੇ ਕਿਸੇ ਹੋਰ ਧਰਮ ਨਾਲ ਸੰਬੰਧ ਰਖਦਾ ਹੋਵੇ, ਕਿਸੇ ਦੂਸਰੇ ਦੇਸ਼ ਦਾ ਵਸਨੀਕ ਹੋਵੇ, ਕਿਸੇ ਹੋਰ ਜਾਤ ਨਾਮ ਸੰਬੰਧਿਤ ਹੋਵੇ, ਆਦਿ ਕਿਸੇ ਤਰਾਂ ਦੇ ਵੀ ਵਖਰੇਵੇਂ ਨੂੰ ਸਕਾਰਾਤਮਕ ਰੂਪ ਵਿੱਚ ਦੇਖਣਾ ਤੇ

ਸਨਮਾਨ ਦੇਣਾ ਧਾਰਿਮਕ ਸਹਿਣਸ਼ੀਲਤਾ ਹੈ।ਧਰਮ ਮਨੁੱਖ ਨੂੰ ਸਹਿਣਸ਼ੀਲਤਾ ਨੂੰ ਨੈਤਿਕ ਸਦਗੁਣ ਦੇ ਤੌਰ ‘ਤੇ ਆਪਣੇ ਵਿਅਕਤਤਵ ਦਾ ਹਿਸਾ ਬਣਾਉਣ ਦੀ ਪ੍ਰੇਰਨਾ ਦਿੰਦਾ ਹੈ, ਜਿਸ ਨਾਲ ਮਨੁੱਖ ਅੰਦਰ ਦੂਸਰੇ ਧਰਮ ਦੇ ਲੋਕਾਂ ਪ੍ਰਤੀ ਵੀ ਸਤਿਕਾਰ ਦੀ ਭਾਵਨਾ ਪੈਦਾ ਹੁੰਦੀ ਹੈ ਤੇ ਉਹ ਸਭ ਨਾਲ ਸਨਮਾਨ-ਪੂਰਵਕ ਵਿਹਾਰ ਕਰਦਾ ਹੈ। ਇਸ ਤਰ੍ਹਾਂ ਸਦਭਾਵਨਾ ਦਾ ਅਰਥ ਹੈ ਕਿ ਕਿਸੇ ਦੂਸਰੇ ਪ੍ਰਤੀ ਉਤਮ, ਚੰਗੀ ਭਾਵਨਾ ਦਾ ਪ੍ਰਗਟਾਅ ਕਰਨਾ ਤਾਂ ਕਿ ਇੱਕ ਦੂਜੇ ਪ੍ਰਤੀ ਪਿਆਰ, ਸਤਿਕਾਰ ਦੀ ਭਾਵਨਾ ਦਾ ਵਿਕਾਸ ਹੋਵੇ। ਕਿਸੇ ਮਨੁੱਖ ਅੰਦਰ ਧਾਰਮਿਕ ਸਹਿਣਸ਼ੀਲਤਾ ਅਤੇ ਸਦਭਾਵਨਾ ਦੇ ਗੁਣ ਸਮਾਜ ਵਿੱਚ ਸੁਖਾਵਾਂ ਤੇ ਖੁਸ਼ੀਨੁਮਾ ਮਾਹੌਲ ਸਿਰਜਣ ਵਿੱਚ ਸਹਾਈ ਹੁੰਦੇ ਹਨ।

**1.4.ਧਾਰਿਮਕ ਵਿਵਹਾਰ ਵਿੱਚ ਸਹਿਣਸ਼ੀਲਤਾ ਅਤੇ ਸਦਭਾਵਨਾ:**

ਸਾਰੇ ਧਰਮਾਂ ਦੇ ਗੁਰੂਆਂ, ਪੀਰਾਂ, ਪੈਗੰਬਰਾਂ, ਮਹਾਤਮਾਂ, ਸੰਤਾਂ ਆਦਿ ਮਹਾਂਪੁਰਸ਼ਾਂ ਨੇ ਮਨੁੱਖਤਾ ਨੂੰ ਸਾਂਝੀਵਾਲਤਾ ਦਾ ਸੰਦੇਸ਼ ਦਿੰਦੇ ਹੋਏ, ਉਹਨਾਂ ਨੂੰ ਪ੍ਰੇਮ-ਭਾਵ, ਇਤਫ਼ਾਕ ,ਆਪਸੀ ਭਾਈਚਾਰੇ ਅਤੇ ਲੋੜ ਸਮੇਂ ਇੱਕ ਦੂਜੇ ਦੀ ਮਦਦ ਕਰਨਦੀ ਪ੍ਰੇਰਨਾ ਦਿਤੀ ਹੈ। ਹਰ ਇਨਸਾਨ ਭਾਵੇਂ ਉਹ ਕਿਸੇ ਵੀ ਨਸਲ, ਧਰਮ, ਕੌਮ, ਜਾਂ ਸਮੂਹ ਨਾਲ ਸੰਬੰਧਿਤ ਹੋਵੇ ਉਸ ਦੀਆਂ ਧਾਰਮਿਕ ਕਦਰਾਂ-ਕੀਮਤਾਂ ਪ੍ਰਤੀ ਸਹਿਣਸ਼ੀਲ ਰਵੱਈਆ ਅਪਨਾਉਣ ਵਾਲਾ ਵਿਅਕਤੀ ਹੀ ਸਚੇ ਅਰਥਾਂ ਵਿੱਚ ਕਿਸੇ ਧਰਮ ਦਾ ਪੈਰੋਕਾਰ ਹੋ ਸਕਦਾ ਹੈ। ਵਿਸ਼ਵ ਦੇ ਹਰੇਕ ਧਰਮ ਅਤੇ ਧਾਰਿਮਕ ਗ੍ਰੰਥ ਵਿੱਚਕਿਸੇ ਦੂਸਰੇ ਵਿਅਕਤੀ ਵਿਸ਼ੇਸ਼ ਦੇ ਧਰਮ ਪ੍ਰਤੀ ਸਹਿਣਸ਼ੀਲਤਾ ਤੇ ਸਦਭਾਵਨਾ ਦਾ ਰਵੱਈਆ ਅਪਨਾਉਣ ਦੀ ਪ੍ਰੇਰਨਾ ਦਿਤੀ ਹੈ। ਸਾਮੀ ਧਰਮਾਂ ਵਿਚੋਂ ਈਸਾਈ ਧਰਮ ਰੱਬ ਨੂੰ ਪਿਆਰ ਮੰਨਦਾ ਹੋਇਆ, ਸਭ ਨਾਲ ਪਿਆਰ ਕਰਨ ਦੀ ਭਾਵਨਾ ਰਾਹੀਂ, ਦੂਜਿਆਂ ਦੇ ਧਰਮ ਪ੍ਰਤੀ ਸਹਿਣਸ਼ੀਲ ਰਵੱਈਆ ਅਪਨਾਉਣ ਦੀ ਪ੍ਰੇਰਨਾ ਦਿੰਦਾ ਹੈ। ਇਸਲਾਮ ਵਿੱਚਕੁਰਾਨ ਮੁਸਲਿਮ ਜੀਵਨ ਦਾ ਆਧਾਰ ਹੈ। ਕੁਰਾਨ ਵਿੱਚ ਲਿਖਿਆ ਹੈ ਕਿ ਹਰ ਮਨੁੱਖ ਨੂੰ ਖੁਦਾ ਨੇ ਕੋਈ ਨਾ ਕੋਈ ਪਛਾਣ ਦਿਤੀ ਹੈ, ਇਸ ਲਈ ਸਾਡਾ ਫਰਜ਼ ਬਣਦਾ ਹੈ ਕਿ ਮਨੁੱਖ ਦੀ ਪਛਾਣ ਦਾ ਸਤਿਕਾਰ ਕਰੀਏ। ਬੁਧ ਤੇ ਜੈਨ ਮਤ ਅਹਿੰਸਾਵਾਦੀ ਧਰਮ ਹੋਣ ਕਰਕੇ, ਕਿਸੇ ਵੀ ਦੂਜੇ ਧਰਮ ਪ੍ਰਤੀ ਧਾਰਮਿਕ-ਉਦਾਰਤਾ ਉਨ੍ਹਾਂ ਦੀ ਨੈਤਕਿਤਾ ਦਾ ਹਿਸਾ ਹੈ। ਦੋਵੇਂ ਮਤ ਨੈਤਿਕ ਤੌਰ ‘ਤੇ ਦੂਜੇ ਧਰਮਾਂ ਦੀਆਂ ਕਦਰਾਂ-ਕੀਮਤਾਂ ਪ੍ਰਤੀ ਸਨਮਾਨ ਨੂੰ ਮੁਢਲੇ ਫਰਜ਼ ਦੇ ਤੌਰ ‘ਤੇ ਦੇਖਦੇ ਹਨ। ਅਸ਼ੋਕ ਨੇ ਬੁਧ ਮਤ ਧਾਰਨ ਕਰਨ ਤੋਂ ਬਾਅਦ ਧਾਰਮਿਕ ਸਹਿਣਸ਼ੀਲਤਾ ਪ੍ਰਤੀ ਕਈ ਤਰਾਂ ਦੀਆਂ ਰਣਨੀਤੀਆਂ ਅਪਣਾਈਆਂ ਸਨ ਤੇ ਇਸ ਸੰਬੰਧੀ ਸ਼ਿਲਾਲੇਖ ਵੀ ਲਿਖਵਾਏ ਸਨ। ਸਨਾਤਨ ਪਰੰਪਰਾ ਵੀ ਧਾਰਮਿਕ ਗ੍ਰੰਥਾਂ ਵਿੱਚ ਪਰਮ ਸਚ ਨੂੰ ਜਾਣਨ ਦੇ ਅਨੇਕ ਮਾਰਗਾਂ ਨੂੰ ਸਵੀਕ੍ਰਿਤੀ ਦੇ ਕੇ, ਧਾਰਮਿਕ ਸਹਿਣਸ਼ੀਲਤਾ ਤੇ ਸਦਭਾਵਨਾ ਵਾਲੇ ਜੀਵਨ ਨੂੰ ਉਤਸ਼ਾਹਿਤ ਕਰਦੀ ਹੈ।

**1.5.ਸਿੱਖ-ਸਿਧਾਂਤਾਂ ਵਿਚਧਾਰਮਿਕ ਸਹਿਣਸ਼ੀਲਤਾ ਅਤੇ ਸਦਭਾਵਨਾ**

ਸਿੱਖ ਧਰਮ ਦੇ ਸਗਲੇ ਅਭਿਆਸਾਂ, ਸਿਧਾਂਤਾਂ ਦਾ ਕੇਂਦਰੀ ਸ੍ਰੋਤ ਸ੍ਰੀ ਗੁਰੂ ਗ੍ਰੰਥ ਸਾਹਿਬ ਹੈ। ਗੁਰਬਾਣੀ ਵਿੱਚ ਜਿਥੇ ਸਿੱਖ ਪਛਾਣ ਦੀ ਗਲ ਕੀਤੀ ਗਈ ਹੈ, ਉਥੇ ਹੀ ਦੂਸਰੇ ਧਰਮਾਂ ਦੇ ਅਭਿਆਸਮਈ ਵਰਤਾਰਿਆਂ ਨੂੰ

ਸਕਾਰਾਤਮਕ ਰੂਪ ਵਿੱਚ ਦੇਖਦੇ ਹੋਏ, ਦੂਸਰੇ ਧਰਮਾਂ ਪ੍ਰਤੀ ਸਹਿਣਸ਼ੀਲਤਾ ਤੇ ਸਦਭਾਵਨਾ ਬਣਾਈ ਰਖਣ ਲਈ ਵਚਨਬੱਧਤਾ ਦਰਸਾਉਂਦੀ ਹੈ। ਗੁਰੂ ਗ੍ਰੰਥ ਸਾਹਿਬ ਵਿਸ਼ਵ ਦਾ ਇਕੋ-ਇੱਕ ਧਾਰਿਮਕ ਗ੍ਰੰਥ ਹੈ, ਜਿਸ ਵਿੱਚ ਅਲਗ-ਅਲਗ ਧਰਮ, ਭਾਸ਼ਾਵਾਂ ਨਾਲ ਸੰਬੰਧਿਤ ਮਹਾਂਪੁਰਸ਼ਾਂ ਦੀ ਬਾਣੀ ਬਿਨਾ ਕਿਸੇ ਧਾਰਿਮਕ ਭੇਦ-ਭਾਵ ਦੇ ਦਰਜ ਕੀਤੀ ਗਈ ਹੈ, ਜੋ ਧਾਰਮਿਕ ਤੌਰ 'ਤੇ ਸਹਿਣਸ਼ੀਲਤਾ ਤੇ ਸਦਭਾਵਨਾ ਦੀ ਇੱਕ ਉਤਮ ਮਿਸਾਲ ਕਹੀ ਜਾ ਸਕਦੀ ਹੈ। ਗੁਰਬਾਣੀ ਵਿੱਚ ਸਿਧਾਂਤਕ ਤੌਰ 'ਤੇ ਵੀ, ਅਨਯ ਧਰਮਾਂ ਪ੍ਰਤੀ ਸਹਿਣਸ਼ੀਲ ਤੇ ਸਦਭਾਵਨਾ ਬਣਾਈ ਰਖਣ ਦੀ ਪ੍ਰੇਰਨਾ ਦਿਤੀ ਗਈ ਹੈ।ਗੁਰਬਾਣੀ ਵਿੱਚਕਿਸੇ ਮਨੁੱਖ ਨੂੰ ਉਸ ਦੇ ਜਨਮ ਜਾਂ ਧਰਮ ਦੇ ਕਾਰਨ ਛੋਟਾ-ਵੱਡਾ ਨਹੀਂ ਮੰਨਿਆ ਗਿਆ। ਸੰਸਾਰ ਵਿੱਚ ਰਹਿੰਦੇ ਸਾਰੇ ਲੋਕਾਂ ਨੂੰ ਇੱਕ ਅਕਾਲ-ਪੁਰਖ ਦੀ ਸੰਤਾਨ ਮੰਨਦੇ ਹੋਏ, ਉਨ੍ਹਾਂ ਸਭ ਵਿੱਚ ਉਸ ਇੱਕ ਅਕਾਲ-ਪੁਰਖ ਦੀ ਜੋਤਿ ਨੂੰ ਪ੍ਰਕਾਸ਼ਮਾਨ ਦਸਿਆ ਹੈ।

ਸਹਸ ਤਵ ਨੈਨ ਨਨ ਨੈਨ ਹਹਿ ਤੋਹਿ ਕਉ।।
ਸਹਸ ਮੂਰਤਿ ਨਨਾ ਏਕ ਤੁੋਹੀ॥
ਸਹਸ ਪਦ ਬਿਮਲ ਨਨ ਏਕ ਪਦ ਗੰਧ ਬਿਨੁ
ਸਹਸ ਤਵ ਗੰਧ ਇਵ ਚਲਤ ਮੋਹੀ।।
ਸਭ ਮਹਿ ਜੋਤਿ ਜੋਤਿ ਹੈ ਸੋਇ।।
ਤਿਸ ਦੇ ਚਾਨਣ ਸਭਿ ਮਹਿ ਚਾਨਣ ਹੋਇ।।
ਗੁਰ ਸਾਖੀ ਜੋਤਿ ਪਰਗਟੁ ਹੋਇ।।

ਜਦੋਂ ਗੁਰੂ ਦੀ ਸਿਖਿਆਂ ਨਾਲ ਮਨੁੱਖ ਨੂੰ ਸਭਨਾਂ ਵਿੱਚ ਇੱਕ ਅਕਾਲ-ਪੁਰਖ ਦੀ ਵਰਤ ਰਹੀ ਜੋਤਿ ਦਿਸਦੀ ਹੈ ਤਾਂ ਉਸ ਲਈ ਧਰਤੀ ਦਾ ਕੋਈ ਜੀਵ ਜਾਂ ਮਨੁੱਖ ਬੇਗਾਨਾ ਜਾਂ ਵੈਰੀ ਨਹੀਂ ਰਹਿ ਜਾਂਦਾ। ਉਸ ਲਈ ਆਪਣੇ-ਪਰਾਇਆ ਦਾ ਫਰਕ ਮਿਟ ਜਾਂਦਾ ਹੈ ਤੇ ਸਭ ਨੂੰ ਇਕੋ ਦ੍ਰਿਸ਼ਟੀ ਨਾਲ ਦੇਖਦਾ ਹੋਇਆ, ਉਨ੍ਹਾਂ ਦੇ ਧਰਮ ਪ੍ਰਤੀ ਸਨਮਾਨਿਤ ਦ੍ਰਿਸ਼ਟੀ ਤੇ ਸਹਿਣਸ਼ੀਲਤਾ ਦਾ ਰਵੱਈਆ ਅਪਣਾਉਂਦਾ ਹੈ।

ਬਿਸਰਿ ਗਈ ਸਭ ਤਾਤਿ ਪਰਾਈ।।
ਜਬ ਤੇ ਸਾਧਸੰਗਤਿ ਮੋਹਿ ਪਾਈ।।
ਨਾ ਕੋ ਬੈਰੀ ਨਹੀ ਬਿਗਾਨਾ ਸਗਲ ਸੰਗਿ ਹਮ ਕਉ ਬਨਿ ਆਈ।।
ਜੋ ਪ੍ਰਭ ਕੀਨੋ ਸੋ ਭਲ ਮਾਨਿਓ ਏਹ ਸੁਮਤਿ ਸਾਧੂ ਤੇ ਪਾਈ।।
ਸਭ ਮਹਿ ਰਵਿ ਰਹਿਆ ਪ੍ਰਭੁ ਏਕੈ ਪੇਖਿ ਪੇਖਿ ਨਾਨਕ ਬਿਗਸਾਈ।।

ਇਸੇ ਅਵਸਥਾ ਦੀ ਗਲ ਕਰਦੇ ਹੋਏ ਭਗਤ ਕਬੀਰ ਜੀ ਨੇ ਧਰਤੀ ਦੇ ਸਾਰੇ ਜੀਵਾਂ, ਮਨੁੱਖਾਂ ਨੂੰ ਇੱਕ ਖੁਦਾ ਦੇ ਨੂਰ ਦੀ ਉਪਜ ਦਸਿਆ ਹੈ ਤੇ ਸਭ ਉਸ ਦੇ ਬੰਦੇ ਹਨ। ਕਬੀਰ ਜੀ ਦੇ ਜੀਵਨ ਸਮੇਂ ਦੇ ਸਮਾਜ ਵਿੱਚ ਜਿਸ ਤਰ੍ਹਾਂ ਦੀ ਅਚ-ਨੀਚ, ਜਾਤ-ਪਾਤ ਦੇ ਭੇਦ-ਭਾਵ ਕਰੜੇ ਅਤੇ ਜ਼ਾਲਮ ਹਦ ਤਕ ਪਹੁੰਚੇ ਹੋਏ ਸਨ, ਉਸਨੂੰ ਕਬੀਰ ਜੀ ਨੇ ਆਪਣੇ ਅਧਿਆਤਮਕ ਬਲ ਨਾਲ ਪ੍ਰਸ਼ਨਮਈ ਕੀਤਾ। ਕਬੀਰ ਜੀ ਅਨੁਸਾਰ ਜੇਕਰ ਇੱਕ ਪ੍ਰਭੂ ਦੀ ਜੋਤ ਤੋਂ ਹੀ ਸਾਰਾ ਜਗਤ

ਪੈਦਾ ਹੋਇਆ ਹੈਤਾਂ ਫਿਰ ਦੂਜੇ ਪ੍ਰਤੀ ਕਿਸੇ ਤਰਾਂ ਦੀ ਮੰਦੀ ਭਾਵਨਾ ਦਾ ਕੋਈ ਅਰਥ ਨਹੀਂ ਰਹਿ ਜਾਂਦਾ। ਇਸ ਲਈ ਧਾਰਮਿਕ ਤੌਰ 'ਤੇ ਵੀ ਇੱਕ-ਦੂਜੇ ਪ੍ਰਤੀ ਸਤਿਕਾਰ ਦੀ ਭਾਵਨਾ ਹੀ ਮਨੁੱਖ ਦੇ ਧਰਮ ਦਾ ਮੁਢਲਾ ਫਰਜ਼ ਬਣ ਜਾਂਦਾ ਹੈ। ਕਬੀਰ ਜੀ ਦੇ ਇਸ ਅਨੁਭਵ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਇਸ ਤਰ੍ਹਾਂ ਦਰਜ਼ ਕੀਤਾ ਗਿਆ ਹੈ ਕਿ:

ਅਵਲਿ ਅਲਹ ਨੂਰੁ ਉਪਾਇਆ ਕੁਦਰਤਿ ਕੇ ਸਭ ਬੰਦੇ ॥
ਏਕ ਨੂਰ ਤੇ ਸਭੁ ਜਗੁ ਉਪਜਿਆ ਕਉਨ ਭਲੇ ਕੋ ਮੰਦੇ।।
ਲੋਗਾ ਭਰਮਿ ਨ ਭੂਲਹੁ ਭਾਈ।।
ਖਾਲੁ ਖਲਕ ਖਲਕ ਮਹਿ ਖਾਲਿਕੁ ਪੂਰਿ ਰਹਿਓ ਸ੍ਰਬ ਠਾਂਈ।।
ਮਾਟੀ ਏਕ ਅਨੇਕ ਭਾਂਤਿ ਕਰਿ ਸਾਜੀ ਸਾਜਨਹਾਰੈ।।
ਨਾ ਕਛੁ ਪੋਚ ਮਾਟੀ ਕੇ ਭਾਂਡੇ ਨਾ ਕਛੁ ਪੋਚ ਕੁੰਭਾਰੈ।।
ਸਭਿ ਮਹਿ ਸਚਾ ਏਕੋ ਸੋਈ ਤਿਸ ਕਾ ਕੀਆ ਸਭੁ ਕਛੁ ਹੋਈ।।
ਹੁਕਮੁ ਪਛਾਨੈ ਸੁ ਏਕੋ ਜਾਨੈ ਬੰਦਾ ਕਹੀਐ ਸੋਈ।।
ਅਲਹੁ ਅਲਖੁ ਨ ਜਾਈ ਲਖਿਆ ਗੁਰਿ ਗੁੜੁ ਦੀਨਾ ਮੀਠਾ।।
ਕਹਿ ਕਬੀਰ ਮੇਰੀ ਸੰਕਾ ਨਾਸੀ ਸਰਬ ਨਿਰੰਜਨੁ ਡੀਠਾ।।

ਗੁਰੂ ਸਾਹਿਬ ਨੇ ਮਨੁੱਖ ਨੂੰ 'ਮਾਨਸ ਕੀ ਜਾਤਿ ਸਬੈ ਏਕੋ ਪਹਿਚਾਨਬੋ' ਦੇ ਸੰਦੇਸ਼ ਦਾ ਧਾਰਨੀ ਬਣਾਇਆ ਹੈ। ਸਾਰੀ ਮਨੁੱਖਤਾ ਦੀ ਇੱਕ ਅਕਾਲ-ਪੁਰਖ ਨਾਲ ਸਾਂਝ, ਮਨੁੱਖ ਨੂੰ ਦੂਜਿਆਂ ਦੇ ਧਰਮ ਪ੍ਰਤੀ ਵੀ ਸਾਂਝੀਵਾਲਤਾ ਬਣਾਈ ਰਖਣ ਦੀ ਪ੍ਰੇਰਨਾ ਦਿੰਦੀ ਹੈ। ਮਨੁੱਖੀ ਇਤਿਹਾਸ ਵਿੱਚ ਜਿਸ ਤਰ੍ਹਾਂ ਗੁਰੂ ਸਾਹਿਬਾਨ ਨੇ ਆਪਣੇ ਜੀਵਨ ਅਤੇ ਬਾਣੀ ਰਾਹੀਂ ਮਨੁੱਖਤਾ ਦੇ ਭਲੇ ਅਤੇ ਇਸਦੀ ਸਾਂਝੀਵਾਲਤਾ ਲਈ ਸਿਧਾਂਤਾਂ ਦੇ ਨਾਲ ਵਿਵਹਾਰ ਵਿੱਚ ਜੋ ਕਾਰਜ ਕੀਤੇ, ਉਸਦੇ ਵਿਚੋਂ ਇੱਕ ਨਵੇਂ ਸਮਾਜ ਦੀ ਸਿਰਜਣਾ ਹੋਈ। ਸਿੱਖ-ਸਿਧਾਂਤਾਂ ਵਿੱਚ ਵਾਹਿਗੁਰੂ ਕੇਂਦਰ ਵਿੱਚ ਹੈ, ਜਿਸਨੂੰ ਕਣ-ਕਣ ਵਿੱਚ ਰਮਿਆ ਮੰਨਿਆ ਜਾਂਦਾ ਹੈ ਅਤੇ ਜਿਸਦਾ ਨਿਵਾਸ ਹਰ ਇੱਕ ਪ੍ਰਾਣੀ ਦੇ ਵਿੱਚ ਹੈ। ਇਸ ਲਈ ਗਿਆਨ ਅਤੇ ਅੰਭਵ ਦੇ ਖੇਤਰ ਇਹ ਪਹਿਲੀ ਵਾਰ ਅਤੇ ਬਹੁਤ ਮਹੱਤਵਪੂਰਣ ਨੁਕਤਾ ਦਰਪੇਸ਼ ਹੋਇਆ ਕਿ ਸਿਖੀ ਵਿੱਚ"ਦੂਜਾ" ਭਾਵ ਪਰ ਭਾਵ ਬੇਗਾਨਾ ਮੰਨਿਆ ਹੀ ਨਹੀਂ ਗਿਆ। ਹੋਂਦ ਹੀ ਇੱਕ ਦੀ ਮੰਨੀ ਗਈ ਹੈ। ਇਸ ਲਈ ਸਿੱਖ-ਸਿਧਾਂਤ ਅਨੁਸਾਰ ਸਭ ਲੋਕਾਂ ਵਿੱਚ ਸਾਂਝੀਵਾਲਤਾ ਇਸ ਕਰਕੇ ਹੈ ਕਿਉਂਕਿ ਵਾਹਿਗੁਰੂ ਕਿਸੇ ਤੋਂ ਬਾਹਰਾ ਨਹੀ ਹੈ:

ਤੂੰ ਸਾਝਾ ਸਾਹਿਬੁ ਬਾਪੁ ਹਮਾਰਾ।।
ਨਉ ਨਿਧਿ ਤੇਰੈ ਅਖੁਟ ਭੰਡਾਰਾ।।
ਜਿਸੁ ਤੂੰ ਦੇਹਿ ਸੁ ਤ੍ਰਿਪਤਿ ਅਘਾਵੈ ਸੋਈ ਭਗਤੁ ਤੁਮਾਰਾ ਜੀਉ।।
ਸਭੁ ਕੋ ਆਸੈ ਤੇਰੀ ਬੈਠਾ।।
ਘਟ ਘਟ ਅੰਤਰਿ ਤੂੰਹੈ ਵੁਠਾ।।
ਸਭੇ ਸਾਝੀਵਾਲ ਸਦਾਇਨ ਤੂੰ ਕਿਸੈ ਨ ਦਿਸਹਿ ਬਾਹਰਾ ਜੀਉ।।

ਤੂੰ ਆਪੇ ਗੁਰਮੁਖਿ ਮੁਕਤਿ ਕਰਾਇਹਿ॥

ਤੂੰ ਆਪੇ ਮਨਮੁਖਿਜਨਮਿ ਭਵਾਇਹਿ॥

ਨਾਨਕ ਦਾਸ ਤੇਰੈ ਬਲਿਹਾਰੈ ਸਭੁ ਤੇਰਾ ਖੇਲੁ ਦਸਾਹਰਾ ਜੀਉ॥

ਗੁਰਬਾਣੀ ਵਿੱਚ ਮੁਕਤੀ ਨੂੰ ਮਨੁੱਖ ਦੇ ਜੀਵਨ ਦਾ ਪਰਮ ਉਦੇਸ਼ ਮੰਨਿਆ ਗਿਆ ਹੈ। ਇਸ ਉਦੇਸ਼ ਦੀ ਪੂਰਤੀ ਲਈ ਗੁਰਬਾਣੀ ਸਾਰੇ ਧਰਮਾਂ ਦੇ ਨਿਜੀ ਅਭਿਆਸਮਈ ਵਰਤਾਰਿਆਂ ਪ੍ਰਤੀ ਸਨਮਾਨਯੋਗ ਦ੍ਰਿਸ਼ਟੀ ਰਖਦੀ ਹੈ। ਗੁਰਬਾਣੀ ਵਿੱਚ ਅਕਾਲ-ਪੁਰਖ ਅਗੇ ਵੀ ਇਹ ਅਰਜ਼ ਹੈ ਕਿ ਇਸ ਧਰਤੀ 'ਤੇ ਰਹਿੰਦੇ ਜੀਵਾਂ, ਮਨੁੱਖਾਂ 'ਤੇ ਆਪਣੀ ਕਿਰਪਾ ਕਰ ਤਾਂ ਜੋ ਉਨ੍ਹਾਂ ਦਾ ਇਸ ਜਗਤ 'ਚੋਂ ਉਧਾਰ ਹੋਵੇ ਭਾਵੇਂ ਉਹ ਕਿਸੇ ਵੀ ਮਾਰਗ ਦੁਆਰਾ ਹੋਵੇ।

ਜਗਤੁ ਜਲੰਦਾ ਰਖਿ ਲੈ ਆਪਣੀ ਕਿਰਪਾ ਧਾਰਿ॥

ਜਿਤੁ ਦੁਆਰੈ ਉਬਰੈ ਤਿਤੈ ਲੈਹੁ ਉਬਾਰਿ॥

## 1.5. ਸਿੱਖ ਵਿਹਾਰ ਵਿੱਚ ਧਾਰਮਿਕ ਸਹਿਣਸ਼ੀਲਤਾ ਅਤੇ ਸਦਭਾਵਨਾ

ਸਿੱਖ ਧਰਮ ਵਿੱਚਸਿਧਾਂਤਕ ਤੌਰ 'ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚਧਾਰਮਿਕ ਸਹਿਣਸ਼ੀਲਤਾ ਤੇ ਸਦਭਾਵਨਾ ਲਈ ਵਚਨਬਧਤਾ ਦਰਸਾਈ ਗਈ ਹੈ। ਗੁਰਬਾਣੀ ਦੇ ਸੰਦੇਸ਼ ਨੂੰ ਸਿੱਖ ਜੀਵਨ ਨੇ ਆਪਣੇ ਅਭਿਆਸ ਵਿੱਚ ਲਾਗੂ ਕਰਕੇ ਹਮੇਸ਼ਾਂ ਧਾਰਮਿਕ ਤੌਰ 'ਤੇ ਸਹਿਣਸ਼ੀਲ ਰਹਿਣ ਦਾ ਯਤਨ ਕੀਤਾ ਹੈ।ਵਿਵਹਾਰਿਕ ਤੌਰ ਤੇ ਸਿੱਖ ਇਤਿਹਾਸ ਵਿੱਚ ਇਸ ਦੀਆਂ ਅਨੇਕਾਂ ਉਦਾਹਰਨਾਂ ਸਾਨੂੰ ਦੇਖਣ ਨੂੰ ਮਿਲਦੀਆਂ ਹਨ, ਜਿਸ ਤੋਂ ਕੋਈ ਵੀ ਮਨੁੱਖ ਦੂਜਿਆਂ ਦੇ ਧਰਮ ਪ੍ਰਤੀ ਸਹਿਣਸ਼ੀਲਤਾ ਤੇ ਸਦਭਾਵਨਾ ਦਾ ਰਵੱਈਆ ਅਪਨਾਉਣ ਦੀ ਪ੍ਰੇਰਨਾ ਲੈ ਸਕਦਾ ਹੈ।

### 1.5.1 ਸਾਂਈ ਮੀਆਂ ਮੀਰ ਜੀ:

ਸਾਂਈ ਮੀਆਂ ਮੀਰ ਜੀ ਗੁਰੂ ਘਰ ਦੇ ਸ਼ਰਧਾਲੂ ਸਨ। ਸਾਂਈ ਮੀਆਂ ਮੀਰ ਜੀ ਦੇ ਮੁਸਲਿਮ ਹੋਣ ਦੇ ਬਾਵਜੂਦ ਗੁਰੂ ਘਰ ਵਿੱਚ ਉਨ੍ਹਾਂ ਦਾ ਬਹੁਤ ਸਤਿਕਾਰ ਸੀ। ਸਾਂਈ ਜੀ ਵੀ ਗੁਰੂ ਘਰ ਦੀ ਸੇਵਾ ਵਿੱਚ ਲਗੇ ਰਹਿੰਦੇ ਸਨ। ਗੁਰੂ ਅਰਜਨ ਦੇਵ ਜੀ ਦੁਆਰਾ ਸ੍ਰੀ ਹਰਿਮੰਦਰ ਸਾਹਿਬ ਦੀ ਨੀਂਹ, ਸੂਫ਼ੀ ਫ਼ਕੀਰ ਸਾਂਈ ਮੀਆਂ ਮੀਰ ਜੀ ਤੋਂ ਰਖਵਾਈ। ਇਹ ਸਪਸ਼ਟ ਇਸ਼ਾਰਾ ਸੀ ਕਿ ਸਿੱਖ ਧਰਮ ਹਰੇਕ ਦੂਸਰੇ ਧਰਮ ਪ੍ਰਤੀ ਸਤਿਕਾਰ ਤੇ ਸਹਿਣਸ਼ੀਲਤਾ ਦਾ ਰਵੱਈਆ ਬਣਾ ਕੇ ਰੱਖਣ ਦਾ ਹਾਮੀ ਹੈ।

### 1.5.2 ਗੁਰੂ ਤੇਗ ਬਹਾਦਰ ਜੀ ਦੀ ਸ਼ਹਾਦਤ:

ਸਿੱਖ ਧਰਮ ਵਿੱਚ ਧਾਰਮਿਕ ਸਹਿਣਸ਼ੀਲਤਾ ਅਤੇ ਸਦਭਾਵਨਾ ਦੀ ਵਡੀ ਮਿਸਾਲ ਨੌਵੇਂ ਗੁਰੂ ਤੇਗ ਬਹਾਦਰ ਜੀ ਦੀ ਸ਼ਹਾਦਤ ਹੈ। ਜਦੋਂ ਗੁਰੂ ਸਾਹਿਬ ਆਨੰਦਪੁਰ ਸਾਹਿਬ ਸਨ ਤਾਂ ਕੁਝ ਕਸ਼ਮੀਰੀ ਪੰਡਿਤ ਗੁਰੂ ਸਾਹਿਬ ਕੋਲ ਅਰਜ਼ ਲੈ ਕੇ ਆਏ ਕਿ ਉਨ੍ਹਾਂ ਦੇ ਧਰਮ ਦੀ ਰੱਖਿਆ ਕੀਤੀ ਜਾਵੇ, ਕਿਉਂਕਿ ਔਰੰਗਜੇਬ ਉਨ੍ਹਾਂ ਨੂੰ ਜ਼ਬਰਦਸਤੀ

ਮੁਸਲਮਾਨ ਬਣਾ ਰਿਹਾ ਹੈ। ਗੁਰੂ ਸਾਹਿਬ ਨੇ ਉਨ੍ਹਾਂ ਨੂੰ ਕਿਹਾ ਕਿ ਉਹ ਔਰੰਗਜੇਬ ਨੂੰ ਜਾ ਕੇ ਕਹਿਣ ਕਿ ਜੇ ਉਹ ਗੁਰੂ ਤੇਗ ਬਹਾਦਰ ਨੂੰ ਮੁਸਲਮਾਨ ਬਣਾ ਲਵੇ ਤਾਂ ਉਹ ਆਪ ਹੀ ਸਾਰੇ ਮੁਸਲਮਾਨ ਬਣ ਜਾਣਗੇ। ਇਸ ਤੋਂ ਬਾਅਦ ਗੁਰੂ ਸਾਹਿਬ ਨੇ ਆਪਣੀ ਗ੍ਰਿਫਤਾਰੀ ਦਿਤੀ। ਮੁਗਲਾਂ ਵਲੋਂ ਗੁਰੂ ਸਾਹਿਬ ਨੂੰ ਮੁਸਲਮਾਨ ਬਣ ਜਾਣ ਲਈ ਕਿਹਾ ਗਿਆ। ਗੁਰੂ ਸਾਹਿਬ ਨੇ ਸਾਫ ਇਨਕਾਰ ਕਰ ਦਿਤਾ, ਜਿਸ ਕਾਰਨ ਉਨ੍ਹਾਂ ਦਾ ਸੀਸ, ਧੜ੍ਹ ਨਾਲੋਂ ਅਲਗ ਕਰਕੇ ਸ਼ਹੀਦ ਕਰ ਦਿਤਾ ਗਿਆ। ਗੁਰੂ ਸਾਹਿਬ ਦੀ ਸ਼ਹਾਦਤ ਔਰੰਗਜ਼ੇਬ ਦੀ ਧਾਰਮਿਕ ਕਟੜਤਾ ਨੂੰ ਵੰਗਾਰ ਸੀ ਤੇ ਇੱਕ ਸੁਨੇਹਾ ਸੀ ਕਿ ਹਰ ਕਿਸੇ ਨੂੰ ਆਪਣੀ ਧਾਰਮਿਕ ਆਜ਼ਾਦੀ ਮਾਣਨ ਦਾ ਹਕ ਹੈ। ਗੁਰੂ ਸਾਹਿਬ ਦੀ ਸ਼ਹਾਦਤ ਮੌਜੂਦਾ ਸਮੇਂ ਤਕ ਵੀ, ਸਿੱਖਾਂ ਨੂੰ ਦੂਜਿਆਂ ਦੇ ਧਰਮ ਪ੍ਰਤੀ ਸਹਿਣਸ਼ੀਲ ਰਵੱਈਆ ਰੱਖਣ ਦੀ ਪ੍ਰੇਰਨਾ ਦਿੰਦੀ ਹੈ।

### 1.5.3 ਪੀਰ ਭੀਖਣ ਸ਼ਾਹ:

ਪੀਰ ਭੀਖਨ ਸ਼ਾਹ ਜੀ ਇੱਕ ਬਹੁਤ ਵੱਡੇ ਸੂਫ਼ੀ ਹੋਏ ਹਨ ਸੀ। ਗੁਰੂ ਗੋਬਿੰਦ ਜੀ ਦੇ ਪ੍ਰਕਾਸ਼ ਸਮੇਂ ਓਹਨਾਂ ਨੂੰ ਆਪਣੇ ਸਥਾਨ ਸਢੌਰੇ ਵਿਖੇ ਅਧਿਆਤਮਕ ਅੰਭਵ ਹੋਇਆ ਕਿ ਪੂਰਬ ਵਿੱਚ ਕਿਸੇ ਸਥਾਨ 'ਤੇ ਅੱਲਾ ਦਾ ਨੂਰ ਉਤਰਿਆ ਹੈ। ਉਨ੍ਹਾਂ ਨੇ ਉਸ ਦਿਨ ਪੱਛਮ ਵਲ ਨਮਾਜ਼ ਅਦਾ ਕਰਨ ਦੀ ਬਜਾਇ ਪਟਨੇ ਦੀ ਧਰਤੀ ਨੂੰ ਸਿਜ਼ਦਾ ਕਰਕੇ ਨਮਾਜ਼ ਅਦਾ ਕੀਤੀ। ਇਹ ਸਭ ਦੇਖ ਕੇ ਪੀਰ ਜੀ ਦੇ ਮੁਰੀਦਾਂ ਨੇ ਸ਼ੰਕਾ ਜ਼ਾਹਰ ਕੀਤੀ ਤਾਂ ਪੀਰ ਜੀ ਨੇ ਦੱਸਿਆ ਕਿ ਅੱਲਾ ਦਾ ਨੂਰ ਪੂਰਬ ਵਲ ਉਤਰਿਆ ਹੈ ਅਤੇ ਅਸੀਂ ਉਹਨਾਂ ਦੇ ਦਰਸ਼ਨਾਂ ਲਈ ਜਾਵਾਂਗੇ। ਇਸ ਤੋਂ ਬਾਅਦ ਜਦ ਪੀਰ ਭੀਖਣ ਸ਼ਾਹ ਜੀ ਗੁਰੂ ਗੋਬਿੰਦ ਸਿੰਘ ਜੀ ਦੇ ਦਰਸ਼ਨ ਕਰਨ ਲਈ ਪਟਨਾ ਸਾਹਿਬ ਗਏ ਤਾਂ ਉਨ੍ਹਾਂ ਨੇ ਬਾਲ ਗੁਰੂ ਸਾਹਿਬ ਸਾਹਮਣੇ ਦੋ ਕੁੱਜੇ ਪਾਣੀ ਅਤੇ ਦੁੱਧ ਦੇ ਭਰ ਕੇ ਸਨਮੁਖ ਕੀਤੇ ਤਾਂਕਿ ਗੁਰੂ ਜੀ ਦੀ ਰਮਜ਼ ਪਛਾਣੀ ਜਾ ਸਕੇ। ਦੋ ਕੁੱਜਿਆਂ ਤੋਂ ਭਾਵ ਪੀਰ ਜੀ ਗੁਰੂ ਜੀ ਤੋਂ ਪੁਛਣਾ ਚਾਹੁੰਦੇ ਸਨ ਕਿ ਗੁਰੂ ਜੀ ਕਿਸ ਦੇ ਸੀਸ 'ਤੇ ਹਥ ਧਰਨਗੇ। ਜਦ ਗੁਰੂ ਜੀ ਨੇ ਦੋਹਾਂ ਕੁੱਜਿਆਂ 'ਤੇ ਆਪਣੇ ਹਥ ਧਰੇ ਤਾਂ ਪੀਰ ਜੀ ਨੇ ਫੁਰਮਿਇਆ ਕਿ ਇਹ ਮਨੁੱਖਤਾ ਦੇ ਰਹਿਬਰ ਆਏ ਹਨ, ਇਨ੍ਹਾਂ ਨੂੰ ਸਿਜ਼ਦਾ ਕਰੋ। ਇਸ ਤੋਂ ਬਾਅਦ ਪੀਰ ਜੀ ਦੀ ਸਾਰੀ ਉਮਰ ਗੁਰੂ ਜੀ ਨਾਲ ਰੂਹਾਨੀ ਸਾਂਝੀਵਾਲਤਾ ਰਹੀ।

### 1.5.4 ਜੰਗਾਂ ਦੌਰਾਨ ਧਾਰਮਿਕ ਸਹਿਣਸ਼ੀਲਤਾ ਨੂੰ ਬਹਾਲ ਰਖਣਾ:

ਸਿੱਖ ਇਤਿਹਾਸ ਵਿੱਚ ਹੋਈਆਂ ਅਨੇਕਾਂ ਜੰਗਾਂ ਵਿੱਚ ਇਤਿਹਾਸ ਇਸ ਗੱਲ ਦੀ ਗਵਾਹੀ ਭਰਦਾ ਹੈ ਕਿ ਸਿੱਖਾਂ ਨੇ ਕਦੇ ਕਿਸੇ ਦੇ ਧਰਮ ਦਾ ਨਿਰਾਦਰ ਨਹੀਂ ਕੀਤਾ ਸੀ। ਸਿੱਖਾਂ ਨੇ ਕਦੇ ਜੰਗਾਂ ਦੌਰਾਨ ਕਦੇ ਕਿਸੇ ਦੇ ਧਾਰਮਿਕ ਸਥਾਨ ਨੂੰ ਨੁਕਸਾਨ ਨਹੀਂ ਪਹੁੰਚਾਇਆ ਸੀ। ਸਰਹਿੰਦ ਦੀ ਲੜਾਈ ਸਮੇਂ ਬਾਬਾ ਬੰਦਾ ਸਿੰਘ ਬਹਾਦਰ ਵਲੋਂ ਸਿੱਖਾਂ ਨੂੰ ਹੁਕਮ ਸੀ ਕਿ ਕਿਸੇ ਵੀ ਧਾਰਮਿਕ ਸਥਲ ਨੂੰ ਨੁਕਸਾਨ ਨਹੀਂ ਪਹੁੰਚਾਉਣਾ। ਸਿੱਖ ਦੂਜੇ ਧਰਮਾਂ ਦੀਆਂ ਔਰਤਾਂ ਨੂੰ ਵੀ ਆਪਣੀਆ ਧੀਆਂ-ਭੈਣਾਂ ਸਮਾਨ ਜਾਣਦੇ ਸਨ ਤੇ ਕਦੇ ਵੀ ਲੜਾਈ ਦੌਰਾਨ ਕਿਸੇ ਔਰਤ ਨੂੰ ਨੁਕਸਾਨ ਨਹੀਂ ਪਹੁੰਚਾਉਦੇ ਸਨ।

ਮੁਗਲ ਜਦੋਂ ਗਰੀਬ ਲੋਕਾਂ ਦੀਆਂ ਧੀਆਂ-ਭੈਣਾਂ ਨੂੰ ਜਬਰੀ ਚੁਕ ਕੇ ਲੈ ਜਾਂਦੇ ਸਨ ਤਾਂ ਸਿੱਖ ਰਾਤ ਨੂੰ ਬਾਰਾਂ ਵਜੇ ਮੁਗਲਾਂ 'ਤੇ ਹੱਲਾ ਬੋਲ ਕੇ ਸਭ ਧੀਆਂ-ਭੈਣਾਂ ਨੂੰ ਉਨ੍ਹਾਂ ਦੇ ਘਰ ਸਹੀ-ਸਲਾਮਤ ਪਹੁੰਚਾਉਂਦੇ ਰਹੇ ਸਨ।

**<u>1.7. ਸਾਰ:</u>**

ਅੰਤ ਵਿੱਚ ਕਿਹਾ ਜਾ ਸਕਦਾ ਹੈ ਕਿ ਇੱਕ ਸਭਿਅਕ ਅਤੇ ਆਦਰਸ਼ਮਈ ਸਮਾਜ ਦੀ ਸਥਾਪਨਾ ਲਈ ਜ਼ਰੂਰੀ ਹੈ ਕਿ ਮਨੁੱਖੀ-ਸੁਭਾਅ ਵਿੱਚ ਧਾਰਮਿਕ ਸਹਿਣਸ਼ੀਲਤਾ ਤੇ ਸਦਭਾਵਨਾ ਜਿਹੇ ਗੁਣਾਂ ਦੀ ਸ਼ਮੂਲੀਅਤ ਹੋਵੇ। ਮਨੁੱਖੀ ਸੁਭਾਅ ਵਿੱਚ ਇਨ੍ਹਾਂ ਗੁਣਾਂ ਦੀ ਸ਼ਮੂਲੀਅਤ ਹੀ ਕਿਸੇ ਦੇਸ਼, ਸਮਾਜ, ਸਭਿਆਚਾਰ ਦੀ ਮਜ਼ਬੂਤੀ ਦਾ ਕਾਰਨ ਬਣਦੀ ਹੈ। ਧਾਰਮਿਕ ਸਹਿਣਸ਼ੀਲਤਾ ਤੋਂ ਬਿਨਾਂ ਸਮਾਜ ਵਿੱਚ ਅਰਾਜਕਤਾ ਫੈਲਣੀ ਸ਼ੁਰੂ ਹੋ ਜਾਂਦੀ ਹੈ ਤੇ ਇਹ ਅਰਾਜਕਤਾ ਸਮਾਜ ਵਿੱਚ ਆਪਸੀ ਲੜਾਈ-ਝਗਿੜਆਂ ਦਾ ਕਾਰਨ ਬਣਦੀ ਹੈ। ਸਿੱਖ ਧਰਮ ਸਿਧਾਂਤਕ ਤੇ ਵਿਹਾਰਕ ਤੌਰ 'ਤੇ ਸਮਾਜ ਵਿੱਚ ਧਾਰਮਿਕ ਸਹਿਣਸ਼ੀਲਤਾ ਤੇ ਸਦਭਾਵਨਾ ਬਣਾਈ ਰੱਖਣ ਲਈ ਵਚਨਬੱਧ ਹੈ। ਗੁਰਬਾਣੀ ਵਿੱਚ ਜਿਥੇ ਸਭਨਾ ਵਿੱਚ ਇੱਕ ਅਕਾਲ-ਪੁਰਖ ਦੀ ਜੋਤਿ ਦੇਖਦੇ ਹੋਏ, ਹਰ ਇੱਕ ਨਾਲ ਧਾਰਮਿਕ ਤੌਰ 'ਤੇ ਸਹਿਣਸ਼ੀਲਤਾ ਦਾ ਰਵੱਈਆ ਅਪਨਾਉਣ ਉੱਪਰ ਜ਼ੋਰ ਦਿਤਾ ਹੈ, ਉਥੇ ਹੀ ਸਿੱਖ ਇਤਿਹਾਸ ਵਿੱਚ ਵਾਪਰੀਆਂ ਘਟਨਾਵਾਂ ਵੀ ਸਾਨੂੰ ਸਦੀਵੀ ਦੂਜਿਆਂ ਪ੍ਰਤੀ ਧਾਰਮਿਕ ਸਹਿਣਸ਼ੀਲਤਾ ਤੇ ਸਦਭਾਵਨਾ ਬਣਾਈ ਰਖਣ ਦੀ ਪ੍ਰੇਰਨਾ ਦਿੰਦੀਆਂ ਹਨ।

**<u>1.8. ਪੜ੍ਹਨਯੋਗ ਪੁਸਤਕਾਂ:</u>**


- ਹਰਬੰਸ ਸਿੰਘ ਧੀਮਾਨ (ਸੰਪਾ.), *ਮਾਨਵਵਾਦ ਅਤੇ ਵਿਸ਼ਵ ਧਰਮ*, ਦਿਲੀ: ਧੀਮਾਨ ਪਬਲਿਸ਼ਰਜ਼, 2019
- ਜਸਬੀਰ ਕੌਰ (ਸੰਪਾ.), *ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਵਿਭਿੰਨ ਪਰਿਪੇਖ*, ਪਟਿਆਲਾ: ਪੰਜਾਬੀ ਯੂਨੀਵਰਸਿਟੀ, 2004
- ਪਰਮਵੀਰ ਸਿੰਘ ਅਤੇ ਪ੍ਰਦੁਮਨਸ਼ਾਹ ਸਿੰਘ, *ਭਾਰਤ ਦੇ ਪ੍ਰਮੁੱਖ ਧਰਮ*, ਪਟਿਆਲਾ: ਪੰਜਾਬੀ ਯੂਨੀਵਰਸਿਟੀ, 2016
- ਐਲ. ਐਮ. ਜੋਸ਼ੀ ਅਤੇ ਜੋਧ ਸਿੰਘ, *ਵਿਸ਼ਵ ਧਰਮ ਸੰਗ੍ਰਿਹ,* ਪਟਿਆਲਾ: ਪੰਜਾਬੀ ਯੂਨੀਵਰਸਿਟੀ, 2000


**<u>1.9. ਅਭਿਆਸ ਲਈ ਪ੍ਰਸ਼ਨ :</u>**

ਪ੍ਰਸ਼ਨ 1. ਧਾਰਮਿਕ ਸਹਿਣਸ਼ੀਲਤਾ ਤੇ ਸਦਭਾਵਨਾ ਦੇ ਸੰਕਲਪ ਬਾਰੇ ਦਸੋ।

ਪ੍ਰਸ਼ਨ 2. ਧਰਮ ਵਿੱਚ ਸਹਿਣਸ਼ੀਲਤਾ ਤੇ ਸਦਭਾਵਨਾ ਦੀ ਕੀ ਮਹੱਤਤਾ ਹੈ?

ਪ੍ਰਸ਼ਨ 3. ਸਿੱਖ ਸਿਧਾਂਤ ਵਿੱਚ ਧਾਰਮਿਕ ਸਹਿਣਸ਼ੀਲਤਾ ਤੇ ਸਦਭਾਵਨਾ ਕੀ ਮਹੱਤਤਾ ਹੈ?

ਪ੍ਰਸ਼ਨ 4. ਸਿੱਖ-ਵਿਹਾਰ ਵਿੱਚ ਧਾਰਮਿਕ ਸਹਿਣਸ਼ੀਲਤਾ ਤੇ ਸਦਭਾਵਨਾ ਦੇ ਸੰਕਲਪ ਬਾਰੇ ਦਸੋ।

# PROGRAMME:CERTIFICATE COURSE ON VALUES AND LEARNING OF SIKHISM

**COURSE: EQUALITY AND WELFARE**

**SEMESTER-I**

**UNIT II - SOCIAL HARMONY: CASTE AND RACE**

**STRUCTURE**


2.0 ਉਦੇਸ਼

2.1 ਜਾਣ ਪਛਾਣ

2.2 ਸਮਾਜਿਕ ਸਦਭਾਵਨਾ: ਅਰਥ ਅਤੇ ਸਰੂਪ

2.3 ਸਮਾਜਿਕ ਸਦਭਾਵਨਾ ਦੀ ਜਰੂਰਤ

2.4 ਸਮਾਜਿਕ ਸਦਭਾਵਨਾ ਦੇ ਸਾਧਨ

2.5 ਸਿੱਖ ਧਰਮ ਤੋਂ ਪਹਿਲਾਂ ਦੀ ਸਥਿਤੀ

2.6 ਸਿੱਖ ਧਰਮ ਦੇ ਸਮਾਜਿਕ ਸਦਭਾਵਨਾ ਲਈ ਯਤਨ

2.6.1 ਰੱਬ ਦੀ ਏਕਤਾ ਦਾ ਸੰਕਲਪ

2.6.2 ਵਿਹਾਰਕ ਸੰਸਥਾਵਾਂ ਦੀ ਸਥਾਪਨਾ

2.6.3 ਸ੍ਰੀ ਗੁਰੂ ਗਰੰਥ ਸਾਹਿਬ ਵਿੱਚ ਸਦਭਾਵਨਾ ਦਾ ਸਰੂਪ

2.7 ਸਿੱਟਾ

2.8 ਸਹਾਇਕ ਪੁਸਤਕ ਸੂਚੀ

2.9 ਅਭਿਆਸ ਲਈ ਪ੍ਰਸ਼ਨ


## 2.0 ਉਦੇਸ਼-

ਇਸ ਪਾਠ ਦਾ ਉਦੇਸ਼ ਵਿਦਿਆਰਥੀਆਂ ਨੂੰ ਸਿੱਖ ਪੰਥ ਵਿੱਚ ਦਰਸਾਏ ਗਏ ਇਕ ਪਰਮਾਤਮਾ ਅਤੇ ਉਸਦੀ ਬਣਾਈ ਹੋਈ ਕਾਇਨਾਤ ਵਿੱਚ ਸਮਾਨਤਾ ਅਤੇ ਏਕਤਾ ਦੇ ਸਿਧਾਂਤ ਦੀ ਜਾਣਕਾਰੀ ਪ੍ਰਦਾਨ ਕਰਨਾ ਹੈ। ਇਸ ਪਾਠ ਰਾਹੀਂ ਇਹਨਾਂ ਸਿਧਾਂਤਾ ਦੀ ਪੂਰਤੀ ਲਈ ਵੱਖ-ਵੱਖ ਗੁਰੂ ਸਾਹਿਬਾਨਾਂ ਵਲੋਂ ਸਮੇਂ ਸਮੇਂ ਸਥਾਪਿਤ ਕੀਤੀਆਂ ਗਈਆਂ ਵਿਵਹਾਰਕ ਸੰਸਥਾਵਾਂ ਦੀ ਜਾਣਕਾਰੀ ਵੀ ਦਿੱਤੀ ਜਾਵੇਗੀ।

## 2.1 ਜਾਣ ਪਛਾਣ

ਦੁਨਿਆਵੀ ਪੱਧਰ ਉੱਪਰ ਗਿਆਨ ਵਿਗਿਆਨ ਦੇ ਸਹਾਰੇ ਮਨੁੱਖਤਾ ਨੇ ਬੇਅੰਤ ਤਰੱਕੀ ਕੀਤੀ ਹੈ। ਇਹ ਪ੍ਰਤੱਖ ਹੈ ਕਿ ਪਦਾਰਥਕ ਉੱਨਤੀ ਨੇ ਮਨੁੱਖ ਨੂੰ ਸੁੱਖ ਆਰਾਮ ਤਾਂ ਬਹੁਤ ਦਿਤੇ ਹਨ ਪਰੰਤੂ ਅੱਜ ਦੇ ਵਿਸ਼ਵ ਵਿੱਚ ਮਨੁੱਖਤਾ ਕੋਲੋਂ ਉਸਦਾ ਉਚਾ ਇਖਲਾਕ, ਆਪਸੀ ਪਿਆਰ ਅਤੇ ਸਹਿਨਸ਼ੀਲਤਾ ਵਰਗੇ ਆਤਮਿਕ ਗੁਣ ਖੁਸ ਗਏ ਹਨ। ਹਰੇਕ ਤਰ੍ਹਾਂ ਦੇ ਹੰਕਾਰ ਅਧੀਨ ਆ ਕੇ ਮਾਨਵਤਾ ਵਿੱਚ ਬੇਗਾਨੇਪਨ ਦੀ ਭਾਵਨਾ ਪ੍ਰਬਲ ਦਿਖਾਈ ਦਿੰਦੀ ਹੈ। ਹਲਾਂਕਿ ਇਹ ਸਮੱਸਿਆਵਾਂ ਮੁੱਢ ਤੋਂ ਹੀ ਮਨੁੱਖੀ ਵਤੀਰੇ ਦਾ ਹਿਸਾ ਰਹੀਆਂ ਹਨ। ਆਪਸ ਵਿੱਚ ਮਿਲਵਰਣ ਦੀ ਘਾਟ ਨੇ ਭਾਰਤ ਵਰਗੇ ਦੇਸ਼ ਨੂੰ ਸਦੀਆਂ ਤਕ ਬੇਗਾਨਿਆਂ ਦਾ ਗੁਲਾਮ ਬਣਨ ਉੱਪਰ ਮਜਬੂਰ ਕਰੀ ਰੱਖਿਆ। ਜੇਕਰ ਭਾਰਤ ਦੇ ਇਤਿਹਾਸ ਨੂੰ ਗਹੁ ਨਾਲ ਦੇਖੀਏ ਤਾਂ ਪੰਦਰਵੀ ਸਦੀ ਦੇ ਬਾਹਰਲੇ ਹਮਲੇ ਇਸ ਗੱਲ ਦੀ ਗਵਾਹੀ ਦਿੰਦੇ ਹਨ ਕਿ ਆਪਸੀ ਦੂਰੀਆਂ ਦੀ ਵਜ੍ਹਾ ਕਾਰਨ ਇਸ ਦੇਸ਼ ਨੂੰ ਭਾਰੀ ਨੁਕਸਾਨ ਸਹਿਣਾ ਪਿਆ।

ਭਾਰਤੀ ਸਮਾਜ ਵਿੱਚਲੀਆਂ ਛੂਆ-ਛਾਤ, ਜਾਤ-ਪਾਤ, ਊਚ-ਨੀਚ ਆਦਿ ਦੀਆਂ ਵੰਡੀਆਂ ਨੇ ਭਾਰਤੀਆਂ ਨੂੰ ਕਦੀ ਵੀ ਇਕ ਰਾਸ਼ਟਰ ਵਜੋਂ ਦੇਖਣ ਸੋਚਣ ਦਾ ਮੌਕਾ ਨਹੀਂ ਦਿੱਤਾ। ਐਸੇ ਸਮੇਂ ਵਿੱਚ ਜਦੋਂ ਅਸੀਂ ਸਿੱਖ ਧਰਮ ਦੇ ਆਰੰਭ ਦਾ ਸਮਾਂ ਦੇਖਦੇ ਹਾਂ ਅਤੇ ਗੁਰੂ ਨਾਨਕ ਦੇਵ ਦੀ ਦੇ ਸਮਾਜਿਕ ਏਕਤਾ ਅਤੇ ਸਦਭਾਵਨਾ ਲਈ ਸ਼ੁਰੂ ਕੀਤੇ ਗਏ ਮਿਸ਼ਨ ਦੀ ਪੂਰਤੀ ਲਈ ਬਾਕੀ ਦਸ ਗੁਰੂ ਸਾਹਿਬਾਨਾਂ ਵਲੋਂ ਪਾਏ ਗਏ ਯੋਗਦਾਨ ਨੂੰ ਵਿਚਾਰਦੇ ਹਾਂ ਤਾਂ ਬੇਹੱਦ ਹੈਰਾਨੀ ਹੁੰਦੀ ਹੈ ਕਿ ਇਕ ਅਜਿਹਾ ਆਦਰਸ਼ਵਾਦੀ ਸਮਾਜ ਸਿਰਜਿਆ ਗਿਆ ਸੀ, ਜਿਸ ਨੇ ਉਸ ਸਮੇਂ ਦੇ ਸਮਾਜ ਨੂੰ ਹਰੇਕ ਪੱਧਰ ਉੱਪਰ ਇਤਨਾ ਮਜ਼ਬੂਤ ਕੀਤਾ ਜਿਸ ਉੱਪਰ ਹਰੇਕ ਭਾਰਤੀ ਮਾਣ ਮਹਿਸੂਸ ਕਰ ਸਕਦਾ ਹੈ।

ਇਸ ਪਾਠ ਅਧੀਨ ਸਿੱਖ ਗੁਰੂ ਸਾਹਿਬਾਨਾਂ ਵੱਲੋਂ ਇਸੇ ਮੰਤਵ ਲਈ ਕੀਤੇ ਗਏ ਕਾਰਜਾਂ ਦਾ ਵਿਚਾਰ ਕਰਨ ਦਾ ਯਤਨ ਕੀਤਾ ਗਿਆ ਹੈ। ਸਿੱਖ ਦਰਸ਼ਨ ਅਨੁਸਾਰ ਅਧਿਆਤਮ ਖੇਤਰ ਦਾ ਪਾਂਧੀ ਆਪਣਾ ਜੀਵਨ ਉਦੇਸ਼ ਪਰਮਾਤਾਮਾ ਨਾਲ ਇਕਮਿਕਤਾ ਕਾਇਮ ਕਰਨਾ ਮੰਨਦਾ ਹੈ। ਉਸ ਕਰਤਾ ਨਾਲ ਏਕਤਾ ਦਾ ਅਰਥ ਉਸ ਦੀ ਬਣਾਈ ਹੋਈ ਕਾਇਨਾਤ- ਜੀਵ ਜੰਤੂ, ਚੇਤਨ ਅਤੇ ਜੜ ਪਦਾਰਥਾਂ, ਮਨੁਖਾਂ, ਪਸ਼ੂ ਪੰਛੀਆਂ ਆਦਿ ਸਭਨਾ ਨਾਲ ਸਦਭਾਵਨਾ ਕਾਇਮ ਰੱਖਣਾ ਹੈ। ਇਹ ਇਕ ਐਸਾ ਮੁਕਾਮ ਹੈ ਜਿਥੇ ਵੱਡੇ-ਛੋਟੇ, ਉਚੇ-ਨੀਵੇਂ, ਅਮੀਰ-ਗਰੀਬ, ਇਸਤਰੀ-ਪੁਰਖ, ਪਸ਼ੂ-ਪੰਛੀ ਆਦਿ ਸਭ ਦਾ ਆਪਸੀ ਭੇਦ ਮਿਟ ਜਾਂਦਾ ਹੈ ਅਤੇ

'ਸਭੈ ਸਾਂਝੀਵਾਲ ਸਦਾਇਨ ਕੋਈ ਨ ਦਿਸੈ ਬਾਹਰਾ ਜੀਉ'

ਦਾ ਸੰਦੇਸ਼ ਸਮੂਹ ਮਾਨਵਤਾ ਲਈ ਅਦੁਤੀ ਪ੍ਰਾਪਤੀ ਦੇ ਰੂਪ ਵਿੱਚ ਸਾਹਮਣੇ ਆਉਂਦਾ ਹੈ। ਇਸ ਰਸਤੇ ਦੇ ਪਾਂਧੀਆਂ ਲਈ ਦੇਸ਼, ਧਰਮ ਜਾਂ ਕਿਸੇ ਵੀ ਰੂਪ ਵਿੱਚ ਕੋਈ ਵੀ ਵਖਰੇਵਾਂ ਸ਼ੁੱਧ ਚੇਤੰਨ ਰੂਪ ਤੋਂ ਬਿਨ੍ਹਾਂ ਕੁਝ ਹੋਰ ਦਿਖਾਈ ਹੀ ਨਹੀਂ ਦਿੰਦਾ। ਸਿੱਖ ਧਰਮ ਆਪਣੇ ਪੰਥ ਨੂੰ ਐਸਾ ਹੀ ਸਮਾਜ ਸਿਰਜਣ ਦੀ ਪ੍ਰੇਰਣਾ ਦਿੰਦਾ ਹੈ ਅਤੇ ਵਿਵਹਾਰਕ ਰੂਪ ਵਿੱਚ ਅਨੇਕ ਸੰਸਥਾਵਾਂ ਕਾਇਮ ਕਰਕੇ ਸਿੱਖ ਗੁਰੂ ਸਾਹਿਬਾਨ ਇਕ ਐਸਾ ਹੀ ਨਿਵੇਕਲਾ ਸਮਾਜ ਕਾਇਮ ਕਰਕੇ ਵੀ ਦਿਖਾਉਂਦੇ ਹਨ।

## 2.2 **ਸਮਾਜਿਕ ਸਦਭਾਵਨਾ: ਅਰਥ ਅਤੇ ਸਰੂਪ-**

ਦੁਨੀਆਂ ਵਿੱਚ ਕਈ ਤਰ੍ਹਾਂ ਦੀਆਂ ਭਿੰਨਤਾਵਾਂ ਮੌਜੂਦ ਹਨ ਅਤੇ ਲਗਪਗ ਹਰੇਕ ਧਾਰਮਿਕ ਵਿਚਾਰਧਾਰਾਂ ਇਹਨਾਂ ਭਿੰਨਤਾਵਾਂ ਦਾ ਸਿਰਜਣਕ ਇਕ ਪਰਮਾਤਮਾ ਨੂੰ ਮੰਨਦੀ ਹੈ। ਫਿਰ ਵੀ ਕਈ ਵਾਰ ਪਰਮਾਤਮਾ ਦੀ ਏਕਤਾ ਅਤੇ ਕਾਇਨਾਤ ਦੀ ਵੱਖਰਤਾ ਨੂੰ ਪੂਰੇ ਸਨਮਾਨ ਨਾਲ ਨਾ ਮੰਨਣਾ ਧਾਰਮਿਕ ਪੱਧਰ ਤੇ ਮਾਨਵਤਾ ਵਿੱਚ ਪਾਏ ਗਏ ਵਖਰੇਵਿਆਂ ਦਾ ਕਾਰਨ ਬਣ ਜਾਂਦਾ ਹੈ। ਧਾਰਮਿਕ ਵੱਖਰਤਾ ਦਾ ਇਹ ਅਹਿਸਾਸ ਸਮਾਜਿਕ ਪੱਧਰ ਉਤੇ ਵੀ ਵੰਡੀਆਂ ਪਾ ਦੇਂਦਾ ਹੈ ਅਤੇ ਹਰੇਕ ਧਰਮ ਆਪਣੇ ਅਕੀਦੇ ਨੂੰ ਦੂਜਿਆਂ ਤੋਂ ਉੱਪਰ ਸਾਬਿਤ ਕਰਨ ਦੇ ਯਤਨਾਂ ਵਿੱਚ ਲਗ ਜਾਂਦਾ ਹੈ। ਵੱਖ-ਵੱਖ ਰੂਪ ਵਿੱਚ ਧਰਮ ਮਨੁੱਖੀ ਜੀਵਨ ਨੂੰ ਚੰਗੇਰਾ ਅਤੇ ਉਚੇਰਾ ਬਣਾਉਣ ਲਈ ਯਤਨਸ਼ੀਲ ਰਹਿੰਦੇ ਹਨ। ਸਾਰੇ ਧਰਮ ਸਮਾਜ ਵਿੱਚ ਸ਼ਾਤੀ ਅਤੇ ਇਕਸੁਰਤਾ ਦਾ ਪ੍ਰਚਾਰ ਕਰਦੇ ਹਨ। ਪਿਆਰ, ਦਇਆ, ਸਦਭਾਵਨਾ, ਮਿੱਤਰਤਾ, ਪਵਿੱਤਰਤਾ ਅਤੇ ਇਨਸਾਫ ਇਹ ਲਗਪਗ ਸਾਰੇ ਧਰਮਾਂ ਦੇ ਸਾਂਝੇ ਗੁਣ ਹਨ। ਸਾਰੇ ਧਰਮ ਇਸ ਸੰਸਾਰ ਤੋਂ ਦੁਖਾਂ ਦਾ ਖਾਤਮਾ ਕਰਨ ਦੀ ਇੱਛਾ ਰਖਦੇ ਹਨ, ਸੰਸਾਰ ਨੂੰ ਹਰੇਕ ਕਲੇਸ਼ ਤੋਂ ਮੁਕਤ ਕਰਾਉਣਾ ਚਾਹੁੰਦੇ ਹਨ, ਕੁਝ ਧਰਮ ਗ੍ਰੰਥਾਂ ਵਿੱਚ ਤਾਂ ਇਸ ਉਚਤਮ ਨਿਸ਼ਾਨੇ ਨੂੰ 'ਰੱਬ' ਦਾ ਨਾਮ ਦਿਤਾ ਗਿਆ ਹੈ ਅਤੇ ਕਈਆਂ ਨੇ ਇਸ ਨੂੰ 'ਸ਼ਾਤੀ' ਕਿਹਾ ਹੈ। ਲਗਪਗ ਸਾਰੇ ਧਰਮ ਇਹ ਮੰਨਦੇ ਹਨ ਕਿ ਉਚਤਮ ਅਸਲੀਅਤ ਕੇਵਲ ਇਕ ਹੈ ਅਤੇ ਉਸਨੂੰ ਬਿਆਨ ਨਹੀਂ ਕੀਤਾ ਜਾ ਸਕਦਾ। ਰੱਬ ਦੀ ਹੋਂਦ ਅਣਹੋਂਦ ਸਭ ਮਨੁੱਖੀ ਕਿਆਸ ਹਨ ਪਰੰਤੂ ਅੰਤਿਮ ਸੱਚਾਈ ਬਾਰੇ ਕੋਈ ਨਿਸ਼ਚਿਤ ਅੰਦਾਜਾ ਨਹੀ ਲਗਾਇਆ ਜਾ ਸਕਦਾ। ਇਹਨਾਂ ਉਚਤਮ ਨਿਸ਼ਾਨਿਆਂ ਤਕ ਪਹੁੰਚਣ ਦੇ ਕਈ ਰਸਤੇ ਹਨ। ਮਨੁੱਖਾਂ ਦੇ ਦਿਮਾਗੀ ਅਤੇ ਸਰੀਰਕ ਯੋਗਤਾਵਾਂ ਵਿੱਚ ਫਰਕ ਹੁੰਦਾ ਹੈ ਅਤੇ ਉਹਨਾਂ ਨੂੰ ਆਪਣੀਆਂ ਵਿਸ਼ੇਸ਼ ਆਦਤਾਂ ਅਤੇ ਯੋਗਤਾਵਾਂ ਅਨੁਸਾਰ ਸਾਧਨਾਂ ਦੀ ਲੋੜ ਹੁੰਦੀ ਹੈ। ਇਕ ਡਾਕਟਰ ਵਾਸਤੇ ਜਿਵੇਂ ਇਹ ਜ਼ਰੂਰੀ ਨਹੀਂ ਕਿ ਉਹ ਸਭ ਕਿਸਮ ਦੇ ਰੋਗੀਆਂ ਵਾਸਤੇ ਇਕੋ ਦਵਾਈ ਦੇ ਸਕੇ।

ਇਕੋ ਹੀ ਸਮੇਂ ਇਕ ਸ਼ਹਿਰ ਤੋਂ ਦੂਜੇ ਸ਼ਹਿਰ ਤਕ ਜਾਣ ਲਈ ਕਈ ਪਾਂਧੀ ਕਈ ਸਾਧਨ ਅਪਣਾ ਸਕਦੇ ਹਨ। ਕਈ ਵਾਰ ਪਹੁੰਚਣਾ ਤਾਂ ਇਕੋ ਸ਼ਹਿਰ ਹੁੰਦਾ ਹੈ ਪਰੰਤੂ ਤਜ਼ਰਬੇ ਅਤੇ ਦਿਸ਼ਾਵਾਂ ਅਲਗ-ਅਲਗ ਹੁੰਦੀਆਂ ਹਨ। ਇਹੀ ਹਾਲਾਤ ਸਾਰੇ ਧਰਮਾਂ ਦੇ ਬਾਰੇ ਵੀ ਲਾਗੂ ਹੁੰਦੀ ਹੈ। ਸਭ ਧਰਮ ਸਦੀਵ ਅਨੰਦ ਅਤੇ ਸ਼ਾਤੀ ਲਈ ਯਤਨ ਕਰਦੇ ਹਨ। ਸੋ ਧਾਰਮਿਕ ਮਤਾਂ ਦੀ ਘੋਖ ਕਰਨ ਵਾਲੇ ਸਿਖਿਆਰਥੀ ਲਈ ਇਹ ਜ਼ਰੂਰੀ ਹੈ ਕਿ ਉਹ ਸੰਸਾਰ ਦੇ ਹੋਰਨਾਂ ਮਤਾਂ ਦਾ ਅਧਿਐਨ ਵੀ ਸਤਕਾਰ ਅਤੇ ਹਮਦਰਦੀ ਨਾਲ ਕਰੇ।

ਇਸ ਨਾਲ ਉਹ ਦੂਜੇ ਮਨੁੱਖਾਂ ਦੇ ਹਾਵ-ਭਾਵ, ਵਿਚਾਰ, ਡਰ, ਤੌਖਲੇ, ਆਸਾਂ ਅਤੇ ਨਿਰਾਸ਼ਤਾਵਾਂ ਨੂੰ ਸਮਝ ਸਕੇਗਾ। ਉਸਨੂੰ ਇਹ ਅਨੁਭਵ ਹੋਵੇਗਾ ਕਿ ਬਹੁਤ ਸਾਰੇ ਧਰਮਾਂ ਦੇ ਕਈ ਅਸੂਲ ਸਾਂਝੇ ਹੁੰਦੇ ਹਨ ਅਤੇ ਕਈਆਂ ਵਿੱਚ ਬਹੁਤ ਘੱਟ ਸਾਂਝੇ ਵਿਚਾਰ ਹਨ। ਪਰੰਤੂ ਇਹਨਾਂ ਮਤ ਭੇਦਾਂ ਦਾ ਵੀ ਸਤਿਕਾਰ ਕਰਨਾ ਚਾਹੀਦਾ ਹੈ। ਇਸ ਤਰ੍ਹਾਂ ਅਧਿਐਨ ਕਰਨ ਨਾਲ ਦੂਜੇ ਧਰਮਾਂ ਜਾਂ ਭਾਵਨਾਵਾਂ ਦਾ ਅਧਿਐਨ ਕਰਦਿਆਂ ਵਿਅਕਤੀ ਨੂੰ ਆਪਣੇ ਧਰਮ ਅਤੇ ਭਾਵਨਾਵਾਂ ਦੀ ਸਮਝ ਵੀ ਵਧੇਰੇ ਆਉਂਦੀ ਹੈ ਅਤੇ ਦੂਜਿਆਂ ਦੇ ਪਿਛੋਕੜ ਨੂੰ ਸਮਝਣ ਨਾਲ ਉਹਨਾਂ ਨਾਲ ਵਧੇਰੇ ਨੇੜਤਾ ਅਤੇ ਸਦਭਾਵਨਾ ਅਨੁਭਵ ਹੁੰਦੀ ਹੈ। ਇਸ ਲਈ ਚਾਹੀਦਾ ਹੈ ਕਿ ਬ੍ਰਾਹਮਣ ਮਤ ਦੇ ਅਨੁਯਾਈ ਮੁਸਲਮਾਨਾਂ ਦੀਆਂ ਧਰਮ ਪੁਸਤਕਾਂ ਅਤੇ ਧਾਰਮਿਕ ਇਤਿਹਾਸ ਪੜਨ ਅਤੇ ਇਸ ਤਰ੍ਹਾਂ ਦੁਨੀਆਂ ਦੇ ਹਰ ਧਰਮ ਚਾਹੇ ਈਸਾਈ ਹੋਣ, ਯਹੂਦੀ ਹੋਣ, ਸਿੱਖ ਪੰਥ ਦੇ ਮਾਰਗੀ ਹੋਣ ਉਹ ਦੂਜੇ ਧਾਰਮਿਕ ਅਕੀਦਿਆਂ ਨੂੰ ਮੰਨਣ ਵਾਲਿਆਂ ਨਾਲ ਵਧੇਰੇ ਪਿਆਰ ਅਤੇ ਉਨਸ ਪੈਦਾ ਕਰਨ ਦੇ ਯਤਨ ਕਰਨ ਜਿਸ ਨਾਲ ਆਪਸੀ ਨੇੜਤਾ ਅਤੇ ਸਦਭਾਵਨਾ ਦੀ ਭਾਵਨਾ ਵਧ ਸਕੇ।

## 2.3 **ਸਮਾਜਿਕ ਸਦਭਾਵਨਾ ਦੀ ਜ਼ਰੂਰਤ-**

ਸੰਸਾਰ ਭਰ ਦੀਆਂ ਧਾਰਮਿਕ ਸੰਪਰਦਾਵਾਂ ਬਾਰੇ ਇਕ ਗਲ ਸਪੱਸ਼ਟ ਹੈ ਕਿ ਸਭਨਾਂ ਵਿੱਚ ਆਪਸੀ ਸਦਭਾਵਨਾ ਕਾਇਮ ਰਖਣ ਦੀਆਂ ਸਿਧਾਂਤਕ ਤੌਰ ਤੇ ਸੰਭਾਵਨਾਵਾਂ ਤਾਂ ਮੌਜੂਦ ਹਨ। ਅੱਜ ਜੇਕਰ ਵਿਗਿਆਨ ਅਤੇ ਤਕਨੀਕੀ ਉਨਤੀ ਨੂੰ ਦੇਖੀਏ ਤਾਂ ਸੰਸਾਰ ਵਿੱਚ ਵਡੀਆਂ ਤਬਦੀਲੀਆਂ ਆਈਆਂ ਹਨ, ਵੱਖ-ਵੱਖ ਦੇਸ਼ਾਂ ਵਿੱਚ ਫਾਸਲਾ ਘੱਟ ਗਿਆ ਹੈ ਅਤੇ ਆਪਸ ਵਿੱਚ ਮਿਲਣਾ ਗਿਲਣਾ ਬਹੁਤ ਸੌਖਾ ਅਤੇ ਵਧੇਰੇ ਹੋ ਗਿਆ ਹੈ। ਭਿੰਨ-ਭਿੰਨ ਜਾਤਾਂ, ਨਸਲਾਂ, ਸਭਿਆਚਾਰਾਂ ਦੇ ਲੋਕਾਂ ਨੂੰ ਇਕ ਜਗਾ ਉੱਪਰ ਵਿੱਚਰਣ ਦੇ ਮੌਕੇ ਮਿਲ ਰਹੇ ਹਨ। ਸਾਡੇ ਜੀਵਨ ਢੰਗ ਅਤੇ ਕੰਮ-ਕਾਜ ਵਿੱਚ ਇਨੀ ਤਬਦੀਲੀ ਆ ਗਈ ਹੈ ਕਿ ਇਕਲੇ ਰਹਿਣਾ ਹੁਣ ਅਸੰਭਵ ਹੈ। ਦੂਰ ਨੇੜੇ ਹੁੰਦੀ ਹਰ ਇਕ ਘਟਨਾ ਦਾ ਸਾਡੀ ਜਿੰਦਗੀ ਉੱਪਰ ਅਸਰ ਪੈਦਾ ਹੈ, ਜਦੋਂ ਕੋਈ ਘਟਨਾ ਜਾਂ ਦੁਰਘਟਨਾ ਦੁਨੀਆਂ ਦੇ ਇਕ ਕੋਨੇ ਵਿੱਚ ਹੁੰਦੀ ਹੈ ਤਾਂ ਉਸ ਦਾ ਅਸਰ ਸਾਰੇ ਸੰਸਾਰ ਵਿੱਚ ਦਿਖਾਈ ਦਿੰਦਾ ਹੈ। ਅਸਲ ਵਿੱਚ ਸੰਸਾਰ ਇਕ ਇਕਾਈ ਦੀ ਤਰ੍ਹਾਂ ਪ੍ਰਤੀਤ ਹੋਣ ਲੱਗਾ ਹੈ। ਪੁਰਾਣੇ ਸਮੇਂ ਵਿੱਚ ਮਨੁੱਖ ਨੂੰ ਸੰਯੁਕਤ ਰਾਸ਼ਟਰ, ਸੰਸਾਰਕ ਅਮਲ ਜਾਂ ਸਾਰੇ ਸੰਸਾਰ ਦੀ ਸਾਂਝੀ ਸਰਕਾਰ ਆਦਿ ਦੀ ਚੇਤਨਾ ਵੀ ਨਹੀਂ ਸੀ। ਪਰੰਤੂ ਅੱਜ ਕਲ ਦੁਨੀਆ ਦੇ ਲੋਕ ਨਸਲ, ਕੌਮ, ਰੰਗ, ਰਸਮ-ਰਿਵਾਜ਼ ਅਤੇ ਧਰਮ ਦੇ ਵਿਤਕਰਿਆ ਨੂੰ ਮਿਟਾਕੇ ਜੇਕਰ ਸਦਭਾਵਨਾ ਨਾਲ ਨਹੀਂ ਰਹਿਣਗੇ ਤਾਂ ਇਹ ਸਭਿਆਤਾਵਾਂ ਅਤੇ ਸਮਾਜ ਆਪਸੀ ਟਕਰਾ ਅਤੇ ਲੜਾਈਆਂ ਮਤਭੇਦਾਂ ਕਾਰਣ ਬਰਬਾਦ ਹੋ ਜਾਣਗੀਆਂ। ਸੋ ਅਲੱਗ-ਅਲੱਗ ਭਾਵਨਾਵਾਂ ਰੱਖਣ ਵਾਲਿਆਂ ਨੂੰ ਮਤ ਭੇਦ ਮਿਟਾ ਕੇ ਅਮਨ, ਸ਼ਾਂਤੀ ਅਤੇ ਸਦਭਾਵਨਾ ਕਾਇਮ ਕਰਨ ਦੇ ਯਤਨ ਕਰਨੇ ਚਾਹੀਦੇ ਹਨ। ਸੰਸਾਰ ਦੇ ਧਰਮਾਂ ਦਾ ਅਧਿਐਨ ਕਰਨ ਵਾਲਿਆਂ ਦੀ ਇਸ ਸੰਬੰਧ ਵਿੱਚ ਵੱਡੀ ਜਿੰਮੇਵਾਰੀ ਬਣਦੀ ਹੈ ਕਿਉਂਕਿ ਧਰਮ ਐਸੀ ਪ੍ਰੇਰਣਾਦਾਇਕ ਸ਼ਕਤੀ ਹੈ ਜਿਸਦਾ ਜੇਕਰ ਮਨੁੱਖੀ ਇਤਿਹਾਸ ਵਿੱਚ ਵਿਸ਼ਲੇਸ਼ਣ ਕਰੀਏ ਤਾਂ ਸਹਿਜੇ ਹੀ ਪਤਾ ਲਗਦਾ ਹੈ ਕਿ ਇਸ ਸ਼ਕਤੀ ਦੇ ਆਸਰੇ ਸਭਿਆਤਾਵਾਂ ਨੇ ਕਿੰਨੀਆਂ ਤਰੱਕੀਆਂ ਵੀ ਕੀਤੀਆਂ ਹਨ ਅਤੇ ਕਦੀ

ਮਾੜਾ ਸਮਾਂ ਆ ਜਾਵੇ ਤਾਂ ਇਹਨਾਂ ਕੋਮਲ ਭਾਵਨਾਵਾਂ ਦੇ ਵੇਗ ਹੇਠ ਆ ਕੇ ਕਿੰਨੇ ਨੁਕਸਾਨ ਵੀ ਕਰਵਾਏ ਹਨ। ਇਸ ਲਈ ਵਿਸ਼ਵ ਪੱਧਰ ਤੇ ਸਮਾਜਿਕ ਸਦਭਾਵਨਾ ਹੋਣ ਦੀ ਬੇਹਦ ਜ਼ਰੂਰਤ ਹੈ।

## 2.4 ਸਮਾਜਿਕ ਸਦਭਾਵਨਾ ਕਾਇਮ ਰੱਖਣ ਦੇ ਸਾਧਨ-

ਸਮਾਜਿਕ ਸਦਭਾਵਨਾ ਨੂੰ ਕਾਇਮ ਕਰਨ ਲਈ ਇੱਕ ਦੂਜੇ ਧਰਮ ਪ੍ਰਤੀ ਸੰਵੇਦਨਸ਼ੀਲਤਾ ਜਗਾਉਣ ਦੀ ਜ਼ਰੂਰਤ ਹੈ। ਜਿਸ ਦੇ ਲਈ ਪਹਿਲੀ ਸ਼ਰਤ ਇਹੀ ਹੋਣੀ ਚਾਹੀਦੀ ਹੈ ਕਿ ਕਿਸੇ ਹੋਰ ਧਰਮ ਦੀਆਂ ਸਿਖਿਆਵਾਂ ਦਾ ਅਧਿਐਨ ਕਰਨ ਤੋਂ ਪਹਿਲਾਂ ਆਪਣੇ ਧਰਮ ਬਾਰੇ ਪੂਰੀ ਜਾਣਕਾਰੀ ਹਾਸਲ ਕਰ ਲੈਣੀ ਚਾਹੀਦੀ ਹੈ। ਦੂਜੇ ਮਤਾਂ ਨੂੰ ਜਾਣਨ ਲਈ ਅਸੀਂ ਉਹਨਾਂ ਧਰਮਾਂ ਦੇ ਵਿਖਿਆਨ ਸੁਣ ਸਕਦੇ ਹਾਂ ਉਹਨਾਂ ਦੀਆਂ ਧਾਰਮਿਕ ਰਹੁ-ਰੀਤਾਂ ਵਿੱਚ ਸ਼ਾਮਿਲ ਹੋ ਸਕਦੇ ਹਾਂ। ਇਸ ਨਾਲ ਕਈ ਭਰਮ ਭੁਲੇਖੇ ਦੂਰ ਹੋਣਗੇ। ਦੂਜੇ ਧਰਮਾਂ ਬਾਰੇ ਨਾਵਾਕਫੀ ਸਾਡੀ ਮਿਤਰਤਾ ਦੀ ਭਾਵਨਾ ਤੇ ਖੁਸ਼ੀ ਅਤੇ ਸ਼ਾਂਤੀ ਦੀ ਭਾਲ ਵਿੱਚ ਇਕ ਵੱਡੀ ਰੁਕਾਵਟ ਹੈ। ਦੂਸਰੇ ਮਤਾਂ ਨੂੰ ਸਮਝਣ ਲਈ ਉਹਨਾਂ ਬਾਰੇ ਮਨ ਵਿੱਚ ਸਤਿਕਾਰ ਹੋਣਾ ਬੇਹਦ ਜ਼ਰੂਰੀ ਹੈ। ਆਪਣੇ ਧਰਮ ਦੀਆਂ ਸਿਫਤਾਂ ਕਰਨ ਤੇ ਦੂਜਿਆਂ ਦੇ ਧਰਮਾਂ ਦਾ ਨਿਖੇਧ ਕਰਨਾ ਅਧਰਮ ਹੈ। ਅਜ ਤੋਂ ਕਈ ਵਰ੍ਹੇ ਪਹਿਲਾਂ ਭਾਰਤ ਵਰਸ਼ ਦੀਆਂ ਪੁਰਾਤਨ ਰਿਵਾਇਤਾਂ ਵਿੱਚ ਧਾਰਮਿਕ ਰਵਾਦਾਰੀ ਅਤੇ ਸ਼ਾਂਤੀ ਕੁਝ ਹਦ ਤਕ ਕਿਤੇ-ਕਿਤੇ ਦ੍ਰਿਸ਼ਟੀਗੋਚਰ ਵੀ ਹੁੰਦੀ ਸੀ। ਜਿਵੇਂ ਅੱਜ ਦੇ ਭਾਰਤ ਵਿੱਚ ਧਾਰਮਿਕ ਆਜਾਦੀ ਦਾ ਹਰੇਕ ਨਾਗਰਿਕ ਨੂੰ ਅਧਿਕਾਰ ਹੈ। ਧਰਮ ਦੇ ਆਧਾਰ ਉੱਪਰ ਕਿਸੇ ਨਾਲ ਵਿਤਕਰਾ ਕਰਨ ਦੀ ਇਜਾਜਤ ਨਹੀਂ ਹੈ ਅਤੇ ਅਸੀਂ ਦੇਖਦੇ ਹਾਂ ਕਿ ਜਿਹੜੇ ਸ਼ਹਿਰੀ ਜਿਆਦਾ ਦਿਆਨਤਦਾਰ, ਸਚਿਆਰੇ ਅਤੇ ਮਿਹਨਤੀ ਹਨ, ਉਹ ਬੇਸ਼ਕ ਜਿਆਦਾ ਤਰੱਕੀ ਕਰ ਰਹੇ ਹਨ। ਕਿਸੇ ਵੀ ਵਿਅਕਤੀ ਦੀ ਅਸਲੀ ਲਿਆਕਤ ਉਸਦੇ ਆਚਾਰ, ਵਿਹਾਰ ਅਤੇ ਸਿਆਣਪ ਵਿੱਚ ਹੈ ਨਾ ਕਿ ਉਸਦੇ ਧਾਰਮਿਕ ਅਕੀਦਿਆਂ ਦੇ ਬਾਹਰੀ ਚਿੰਨ੍ਹਾਂ ਵਿੱਚ। ਉਸ ਦਾ ਈਸਾਈ, ਬੋਧੀ, ਹਿੰਦੂ ਜਾਂ ਸਿੱਖ ਹੋਣਾ ਇਸ ਸੰਬੰਧ ਵਿੱਚ ਮਾਇਨੇ ਨਹੀਂ ਰੱਖਦਾ। ਇਸ ਲਈ ਸਾਨੂੰ ਬਾਹਰੀ ਚਿੰਨ੍ਹਾਂ ਅਤੇ ਧਾਰਮਿਕ ਕਰਮ ਕਾਂਡਾ ਦੇ ਆਧਾਰ ਉੱਪਰ ਕਿਸੇ ਤਰ੍ਹਾਂ ਦੇ ਵਖਰੇਵਿਆਂ ਵਿੱਚ ਨਹੀਂ ਪੈਣਾ ਚਾਹੀਦਾ।

ਇਤਿਹਾਸ ਦੇ ਸਬਕ ਸਾਡੇ ਲਈ ਚਾਨਣ ਮੁਨਾਰੇ ਹੁੰਦੇ ਹਨ, ਜਦੋਂ ਅਸੀਂ ਮਨੁੱਖੀ ਇਤਿਹਾਸ ਪੜ੍ਹਦੇ ਹਾਂ ਤਾਂ ਸਾਨੂੰ ਕਈ ਤਰ੍ਹਾਂ ਦੀਆਂ ਸੇਧਾਂ ਮਿਲਦੀਆਂ ਹਨ ਕਿ ਮਨੁੱਖ ਦਾ ਉਸਦੇ ਕਾਰ ਵਿਹਾਰ ਦੇ ਸਦਾਚਾਰਕ ਅਸੂਲਾਂ ਨਾਲ ਬਹੁਤ ਡੂੰਘਾ ਸੰਬੰਧ ਹੈ ਅਤੇ ਇਹ ਸਦਾਚਾਰਕ ਅਸੂਲ ਸਾਰੇ ਧਰਮਾਂ ਵਿੱਚ ਕਿਸੇ ਨਾ ਕਿਸੇ ਰੂਪ ਵਿੱਚ ਮਿਲਦੇ ਹਨ ਸੋ ਅੱਜ ਜ਼ਰੂਰਤ ਹੈ ਕਿ ਅਸੀਂ ਧਾਰਮਿਕ ਸਭਿਆਚਾਰਾਂ ਵਿਚੋਂ ਮਾਨਵੀ ਸਭਿਆਚਾਰ ਦੀ ਖੋਜ ਕਰੀਏ। ਜਿਸ ਲਈ ਵੱਖ-ਵੱਖ ਧਰਮਾਂ ਪ੍ਰਤੀ ਸੁਹਿਰਦਤਾ ਅਤੇ ਸਦਭਾਵਨਾ ਦੀਆਂ ਗੂੜੀਆਂ ਸਾਂਝਾਂ ਪਾਉਣ ਦਾ ਯਤਨ ਕਰੀਏ।

## 2.5 ਸਿੱਖ ਧਰਮ ਤੋਂ ਪਹਿਲਾਂ ਸਮਾਜਿਕ ਸਥਿਤੀ-

ਸਿੱਖ ਧਰਮ ਦੀ ਉਤਪਤੀ ਦੇ ਸਮੇਂ ਸਥਾਪਤ ਪਰੰਪਰਾਵਾਂ ਦੇ ਲੋਕ, ਧਰਮ ਦੇ ਅਸਲ ਮਾਰਗ ਤੋਂ ਭਟਕ ਚੁਕੇ ਸਨ। ਸਮਾਜ ਵਿੱਚ ਇੰਨੀਆਂ ਕੁਰੀਤੀਆਂ ਆ ਚੁਕੀਆ ਸਨ ਕਿ ਪਾਖੰਡ ਦੇ ਨਤੀਜੇ ਵਜੋਂ ਲੋਕਾਂ ਦੇ ਵਿਹਾਰ ਵਿੱਚ

ਧਾਰਮਿਕ ਅਤੇ ਆਤਮਿਕ ਤੱਤ ਗਾਇਬ ਹੋ ਚੁਕੇ ਸਨ। ਸਥਾਪਿਤ ਹੋ ਚੁਕੀ ਇਸਲਾਮਿਕ ਪਰੰਪਰਾ ਨੂੰ ਸੂਫੀਵਾਦ ਅਤੇ ਹਿੰਦੂ ਪਰੰਪਰਾ ਨੂੰ ਭਗਤੀਵਾਦ ਕਾਫੀ ਕ੍ਰਾਂਤੀਕਾਰੀ ਸੁਰਾਂ ਵਿੱਚ ਚੁਣੌਤੀਆਂ ਵੀ ਦੇ ਰਹੇ ਸਨ। ਹਲਾਂਕਿ ਸਿਧਾਂਤਕ ਤੌਰ ਤੇ ਬਹੁ ਈਸ਼ਵਰਵਾਦ ਅਤੇ ਬਹੁਦੇਵਵਾਦ ਦੇ ਵਿੱਚ-ਵਿੱਚ ਕਿਤੇ-ਕਿਤੇ ਇਕ ਈਸ਼ਵਰ ਦੀ ਗਲ ਹੋਈ ਵੀ ਦਿਖਾਈ ਦਿੰਦੀ ਸੀ ਪਰੰਤੂ ਹਰ ਫਿਰਕਾ ਆਪਣਾ ਦੇਵਤਾ ਬਣਾ ਕੇ ਬੈਠਾ ਸੀ ਅਤੇ ਹਰੇਕ ਫਿਰਕੇ ਦੇ ਲੋਕਾਂ ਵਿੱਚ ਇਕ ਦੂਜੇ ਨਾਲੋਂ ਬਲਵਾਨ ਅਤੇ ਸ਼ਕਤੀਸ਼ਾਲੀ ਰੱਬ ਦੇ ਅਨੁਯਾਈ ਹੋਣ ਦੀ ਚੇਤਨਾ ਘਰ ਕਰ ਚੁਕੀ ਸੀ। ਵਿਅਕਤੀ ਵਿਹਾਰ ਕਾਰਨ ਹੀ ਇਕ ਦੂਜੇ ਦੇ ਨੇੜੇ ਜਾ ਦੂਰ ਹੋ ਸਕਦੇ ਹਨ ਅਤੇ ਵਿਹਾਰ ਵਜੋਂ ਭਾਰਤੀ ਸਮਾਜ ਵਰਗ ਵੰਡ ਅਨੁਸ਼ਾਸ਼ਨ ਅਧੀਨ ਚਲ ਰਿਹਾ ਸੀ। ਸਾਰੀ ਵਸੋਂ ਦਰਜਾ-ਬ-ਦਰਜਾ ਵਰਗਾਂ ਵਿੱਚ ਵੰਡੀ ਹੋਈ ਸੀ। ਸਭ ਤੋਂ ਉੱਪਰ ਪ੍ਰਤਿਸ਼ਠਾ ਜਨਕ ਬ੍ਰਾਹਮਣ ਵਰਗ ਸੀ, ਦੂਜੇ ਸਥਾਨ ਉੱਪਰ ਖੱਤਰੀ ਫਿਰ ਵੈਸ਼ ਅਤੇ ਸ਼ੂਦਰ ਆਉਂਦੇ ਸਨ। ਇਸੇ ਸਥਿਤੀ ਵਿੱਚਕਾਰ ਔਰਤ ਨੂੰ ਵੀ ਸ਼ੂਦਰ ਬਰਾਬਰ ਮੰਨਿਆ ਜਾਂਦਾ ਸੀ। ਭਾਰਤ ਵਰਸ਼ ਦੀ ਜਿਆਦਾਤਰ ਵਸੋਂ ਨੂੰ ਮਾਨਸਿਕ, ਅਧਿਆਤਮਕ ਅਤੇ ਦੁਨਿਆਵੀਂ ਪੱਖੋਂ ਕਈ ਹੱਕਾਂ ਤੋਂ ਵਾਂਝੇ ਰੱਖਿਆ ਗਿਆ ਸੀ। ਸਾਂਝੇਦਾਰੀ ਤੋਂ ਵੰਚਿਤ ਹੋਣ ਕਾਰਣ ਇਸ ਵਰਗ ਵਿੱਚ ਉਦਾਸੀਨਤਾ ਅਤੇ ਅਲਗਾਵ ਦਾ ਪੈਦਾ ਹੋਣਾ ਪੱਕੀ ਗਲ ਸੀ। ਜਿਹੜੇ ਲੋਕ ਅਲਗਾਵ ਅਤੇ ਬੇਗਾਨਗੀ ਦੀ ਮਨੋਸਥਿਤੀ ਵਿੱਚ ਜੀਣਗੇ ਨਿਸ਼ਚਿਤ ਹੀ ਉਹ ਕਿਸੇ ਤਰ੍ਹਾਂ ਦੀ ਤਰੱਕੀ, ਸ਼ਕਤੀ, ਖੁਸ਼ਹਾਲੀ ਦਾ ਸੋਮਾ ਨਹੀਂ ਬਣ ਸਕਦੇ। ਗੁਰੂ ਗ੍ਰੰਥ ਸਾਹਿਬ ਵਿੱਚ ਐਸੀ ਮਨੋਸਥਿਤੀ ਦਾ ਵਰਨਣ ਹੈ-

‘ਮਨ ਪਰਦੇਸੀ ਜੇ ਥੀਐ।। ਸਭ ਦੇਸ ਪਰਾਇਆ।।’

ਭਾਰਤ ਵਿੱਚ ਮਨੁ ਸਮ੍ਰਿਤੀ ਵਰਗੀਆਂ ਵਿਚਾਰਧਰਾਵਾਂ ਲਾਗੂ ਸਨ ਜੋ ਕਹਿੰਦੀਆਂ ਸਨ ਕਿ ਜੇਕਰ ਸ਼ੂਦਰ ਗਿਆਨ ਦੀ ਗਲ ਕਰੇ ਤਾਂ ਉਸਦੀ ਜੀਭ ਕੱਟ ਦਿਓ, ਜੇਕਰ ਗਿਆਨ ਦੀ ਗੱਲ ਸੁਣੇ ਤਾਂ ਕੰਨਾਂ ਵਿੱਚ ਸਿੱਕਾ ਢਾਲ ਕੇ ਪਾ ਦਿਓ। ਸ਼ੂਦਰ ਨੂੰ ਹਿਦਾਇਤ ਸੀ ਕਿ ਉਹ ਟਲ ਖੜਕਾਉਂਦਾ ਹੋਇਆ ਜਾਵੇ ਤਾਂ ਕਿ ਬ੍ਰਾਹਮਣ ਉਸ ਦੀ ਆਵਾਜ਼ ਸੁਣ ਕੇ ਉਸ ਦੇ ਪਰਛਾਵੇਂ ਤੋਂ ਬਚਣ ਲਈ ਆਪਣਾ ਰਾਹ ਬਦਲ ਲੈਣ। ਬ੍ਰਾਹਮਣ ਅਤੇ ਸ਼ੂਦਰ ਦੇ ਚੁੱਲੇ, ਖੂਹ ਆਦਿ ਸਭ ਅਲੱਗ-ਅਲੱਗ ਸਨ। ਸ਼ੂਦਰ ਨੂੰ ਹੁਕਮ ਸੀ ਕਿ ਉਹ ਧਨ ਨਹੀਂ ਜੋੜ ਸਕਦਾ। ਉਸਨੂੰ ਬ੍ਰਾਹਮਣ ਦੇ ਜੂਠੇ ਅੰਨ ਅਤੇ ਪਾਟੇ ਕੱਪੜੇ ਪਾ ਕੇ ਗੁਜਾਰਾ ਕਰਨ ਦਾ ਹੁਕਮ ਸੀ। ਦਰਅਸਲ ਕਿਸੇ ਦਾ ਹੱਕ ਖੋਹਣਾ ਅਤੇ ਜਾਤ-ਪਾਤ ਦੇ ਆਧਾਰ ਦੇ ਵਿਤਕਰਾ ਕਰਨਾ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਹੈ।

ਇਹਨਾਂ ਸਭ ਸਥਿਤੀਆਂ ਤੋਂ ਇਕ ਗੱਲ ਸਪੱਸ਼ਟ ਸੀ ਕਿ ਇਹ ਸਭ ਜਿਨ੍ਹਾਂ ਵੱਲੋਂ ਕੀਤਾ ਜਾਂਦਾ ਸੀ ਉਹ ਲੋਕ ਇਤਨੇ ਸਿਆਣੇ ਅਤੇ ਚਾਲਾਕ ਸਨ ਕਿ ਹਰ ਹੀਲੇ ਪੂਰੇ ਸਮਾਜ ਨੂੰ ਆਪਣੇ ਕਾਬੂ ਹੇਠ ਰਖਣਾ ਚਾਹੁੰਦੇ ਸਨ ਅਤੇ ਇਸ ਵਰਗ ਵੰਡ ਨੇ ਆਮ ਲੋਕਾਂ ਅੰਦਰ ਇਤਨਾ ਗਹਿਰਾ ਘਰ ਕਰ ਲਿਆ ਸੀ ਕਿ ਉਹਨਾਂ ਦੀ ਚੇਤਨਾ ਸੁੰਨ ਹੋ ਚੁੱਕੀ ਸੀ ਅਤੇ ਉਹ ਆਪ ਹੀ ਆਪਣੀ ਕਿਸਮਤ ਜਾਂ ਸੁਣੀਆਂ ਸੁਣਾਈਆਂ ਗੱਲਾਂ ਅਧੀਨ ਆਪਣਾ ਕਰਮ ਸਮਝ ਕੇ ਇਹ ਸਭ ਸ਼ੋਸ਼ਣ ਸਵੀਕਾਰ ਕਰੀ ਜਾਂਦੇ ਸਨ ਅਤੇ ਇਸੇ ਹਾਲ ਨੂੰ ਆਪਣੀ ਜਿੰਦਗੀ ਮੰਨ ਕੇ ਜੀਅ ਰਹੇ ਸਨ। ਹਿੰਦੁਸਤਾਨ ਦੀ ਸਭਿਅਤਾ ਸਿੱਖ ਧਰਮ ਦੇ ਆਰੰਭ ਤੋਂ ਪਹਿਲਾਂ ਕਿਸੇ ਪਰਸਪਰ ਸਾਂਝ, ਮੇਲ-ਜੋਲ ਅਤੇ ਸਦਭਾਵਨਾ ਵਰਗੀਆਂ

ਕੀਮਤਾਂ ਤੋਂ ਬਿਲਕੁਲ ਅਨਜਾਣ ਸੀ। ਹਿੰਦੂ ਧਰਮ ਦਾ ਸਮਕਾਲੀ ਅਤੇ ਪ੍ਰਚਲਿਤ ਭਾਈਚਾਰਾ ਇਸਲਾਮ ਵੀ ਮੂਲ ਰੂਪ ਵਿੱਚ ਸਮਾਜਿਕ ਨਾ ਬਰਾਬਰੀ ਦੇ ਵਰਤਾਰੇ ਨੂੰ ਅੱਖੋਂ ਪਰੋਖੇ ਕਰੀ ਬੈਠਾ ਸੀ ਸਗੋਂ ਉਹ ਵੀ ਇਹੀ ਸਭ ਸਹਿਨ ਕਰ ਰਿਹਾ ਸੀ। ਹਾਲਾਂਕਿ ਇਸਲਾਮ ਇਕ ਰੱਬ ਦੀ ਹੋਂਦ ਵਿੱਚ ਵਿਸ਼ਵਾਸ਼ ਕਰਦਾ ਹੈ ਅਤੇ ਇਹ ਵੀ ਮੰਨਦਾ ਹੈ ਕਿ ਸਾਰੀ ਕਾਇਨਾਤ ਇਕ ਰੱਬ ਦੀ ਰਚਨਾ ਹੈ। ਇਸਦੇ ਬਾਵਜੂਦ ਸਮਾਜਿਕ ਨਾ-ਬਰਾਬਰੀ ਮੰਨਦਾ ਸੀ ਜਿਸਦਾ ਇਕ ਕਾਰਨ ਇਹ ਹੋ ਸਕਦਾ ਹੈ ਜਦੋਂ ਇਸਲਾਮ ਪੈਦਾ ਹੋਇਆ ਉਦੋਂ ਅਰਬ ਲੋਕ ਮੁਢਲੇ ਭਾਈਚਾਰੇ ਤੋਂ ਜਮਾਤੀ ਸਮਾਜ ਵਲ ਅਤੇ ਧਰਮ ਅਧਾਰਿਤ ਸੀਮਿਤ ਸ਼ਾਹੀ ਰਾਜਾਂ ਦੀ ਕਾਇਮੀ ਵਲ ਵਧ ਰਿਹਾ ਸੀ। ਇਸ ਲਈ ਇਹ ਸਮਾਜ ਹਾਕਮ ਜਮਾਤ ਦਾ ਹਿਮਾਇਤੀ ਸੀ। ਦੂਜਾ ਇਸਲਾਮ ਦੀ ਇਹ ਧਾਰਨਾ ਵੀ ਸੀ ਕਿ ਮਨੁੱਖ ਦੀ ਹੋਣੀ ਮੁੱਢੋਂ ਹੀ ਨਿਸ਼ਚਿਤ ਹੈ ਜਿਸ ਵਿੱਚ ਅੱਲਾਹ ਦੀ ਮਰਜੀ ਹੈ ਅਤੇ ਕੋਈ ਵੀ ਇਨਸਾਨ ਆਪਣੀ ਮਰਜੀ ਜਾਂ ਕੋਸ਼ਿਸ਼ ਨਾਲ ਇਸ ਵਿੱਚ ਫੇਰ ਬਦਲ ਕਰਨ ਦਾ ਹੱਕਦਾਰ ਨਹੀਂ ਹੈ। ਇਧਰ ਹਿੰਦੂ ਸਮਾਜ ਨੇ ਤਾਂ ਪਹਿਲਾਂ ਹੀ ਨਾ-ਬਰਾਬਰੀ ਨੂੰ ਪਵਿੱਤਰਤਾ ਅਤੇ ਧਾਰਮਿਕ ਪ੍ਰਮਾਣਿਕਤਾ ਦਿੱਤੀ ਹੋਈ ਸੀ। ਭਾਰਤ ਵਿੱਚ ਜਦੋਂ ਇਸਲਾਮ ਦੇ ਪੈਰੋਕਾਰ ਆਏ ਤਾਂ ਬ੍ਰਾਹਮਣੀ ਸਮਾਜ ਵਾਲੇ ਔਗੁਣ ਉਹਨਾਂ ਦੇ ਧਾਰਮਿਕ ਵਿਸ਼ਵਾਸ਼ਾਂ ਵਿੱਚ ਹੋਰ ਵਾਧਾ ਕਰਨ ਲੱਗੇ। ਇਸੇ ਸੰਕੀਰਣਤਾ ਅਤੇ ਕੱਟੜਤਾ ਦੇ ਵਿਰੋਧ ਵਿੱਚ ਭਗਤ ਨਾਮਦੇਵ ਵਰਗੇ ਕ੍ਰਾਂਤੀਕਾਰੀ ਭਗਤ ਨੇ ਆਵਾਜ਼ ਉਠਾਈ ਅਤੇ ਅਖੌਤੀ ਧਾਰਮਿਕ ਬਾਹਰੀ ਕਰਮ ਕਾਂਡਾਂ ਦੀ ਨਿਖੇਧੀ ਕਰਦਿਆਂ ਕਿਹਾ-

‘ਹਿੰਦੂ ਪੂਜੈ ਦੇਹੁਰਾ ਮੁਸਲਮਾਣੁ ਮਸੀਤ॥

ਨਾਮੈ ਸੋਈ ਸੇਵਿਆ ਜਹ ਦੇਹੁਰਾ ਨ ਮਸੀਤ॥’

ਹਾਲਾਤ ਇੱਥੋਂ ਤੱਕ ਖਰਾਬ ਸਨ ਕਿ ਹਰੇਕ ਧਾਰਮਿਕ ਵਿਚਾਰਧਾਰਾ ਆਪਣੀ ਪ੍ਰਭੂਸਤਾ ਦੂਜਿਆਂ ਤੋਂ ਉੱਪਰ ਦਰਸਾਉਣ ਦਾ ਯਤਨ ਕਰ ਰਹੀ ਸੀ। ਧਾਰਮਿਕ ਫਰਜਾਂ ਦੇ ਨਾਮ ਤੇ ਜ਼ਬਰਨ ਧਰਮ ਬਦਲੇ ਜਾ ਰਹੇ ਸਨ। ਮੁਗਲ ਸ਼ਾਸ਼ਕ ਹਿੰਦੁਸਤਾਨ ਨੂੰ ਇਸਲਾਮ ਦੇ ਝੰਡੇ ਥੱਲੇ ਲਿਆਉਣ ਲਈ ਤਤਪਰ ਸਨ ਹਾਲਾਂਕਿ ਸਿਧਾਂਤਕ ਰੂਪ ਵਿੱਚ ਇਹ ਸਾਰੇ ਬਹੁ ਪ੍ਰਚਲਿਤ ਧਰਮ ਰੱਬ ਦੀ ਏਕਤਾ ਸਮਾਜਿਕ ਭਲਾਈ ਦੀ ਗੱਲ ਕਰਦੇ ਸਨ ਪਰੰਤੂ ਵਿਹਾਰ ਵਿੱਚ ਵੰਡੀਆਂ ਵਿਤ ਗ੍ਰਸਤ ਸਨ। ਜੋ ਵੀ ਸਿਧਾਂਤ ਜੇਕਰ ਮਾਨਵ ਜੀਵਨ ਵਿੱਚ ਅਮਲੀ ਰੂਪ ਧਾਰਨ ਨਹੀਂ ਕਰ ਸਕਦਾ ਤਾਂ ਉਹ ਕੇਵਲ ਦਿਖਾਵਾ, ਭੇਖ ਜਾਂ ਪਾਖੰਡ ਹੀ ਕਿਹਾ ਜਾ ਸਕਦਾ ਹੈ। ਇਹ ਗਲ ਖਾਸ ਧਿਆਨ ਦੇਣ ਯੋਗ ਹੈ ਕਿ ਮਨੁਖ ਦੀ ਪਹਿਚਾਣ ਉਸਦੇ ਕਰਮ ਤੋਂ ਹੁੰਦੀ ਹੈ। ਉਸ ਦੇ ਕਰਮ ਦਾ ਠੀਕ ਮੁਲਾਂਕਣ ਸਮਾਜਿਕ ਪ੍ਰਸੰਗ ਵਿੱਚ ਆ ਕੇ ਹੀ ਪੈ ਸਕਦਾ ਹੈ। ਕੋਈ ਵੀ ਧਰਮ, ਸਿਧਾਂਤ, ਸਾਹਿਤ, ਕਲਾ, ਦਰਸ਼ਨ ਉਦੋਂ ਤੱਕ ਸਾਰਥਕ ਨਹੀਂ ਬਣ ਸਕਦੇ ਜਦੋਂ ਤੱਕ ਉਸ ਦਾ ਪ੍ਰਸੰਗ ਸਮਾਜ ਨਾਲ ਨਾ ਜੁੜਿਆ ਹੋਵੇ। ਸਮਾਜਿਕ ਪ੍ਰਸੰਗ ਦੀ ਸਾਂਝ ਹੀ ਉਸਨੂੰ ਸਾਰਥਕ ਬਣਾਉਣ ਦੇ ਸਮਰਥ ਹੁੰਦੀ ਹੈ। ਜਿਸ ਸਮੇਂ ਕਥਨੀ ਅਤੇ ਕਰਨੀ ਵਿੱਚ ਇਕਸਾਰਤਾ ਨਾ ਹੋਵੇ ਤਾਂ ਮਾਨਵ ਮਨ ਆਪਹੁਦਰਾ ਬਣ ਜਾਂਦਾ ਹੈ ਅਤੇ ਉਸਦੀ ਰੁਚੀ ਸੁਆਰਥ ਪ੍ਰਧਾਨ ਹੋ ਜਾਂਦੀ ਹੈ। ਅਜਿਹੀ ਸਥਿਤੀ ਵਿੱਚ ਮਾਨਵ ਸੋਚ, ਸੱਚ, ਨੇਕੀ, ਸੇਵਾ, ਪਰਉਪਕਾਰ ਆਦਿ ਗੁਣ ਢਿੱਲੇ ਪੈ ਜਾਂਦੇ ਹਨ ਅਤੇ ਆਪਸੀ ਸਦਭਾਵਨਾ ਅਤੇ ਸਹਿਚਾਰ, ਸਹਿਹੋਂਦ ਦੀਆਂ ਭਾਵਨਾਵਾਂ ਦਬ ਜਾਂਦੀਆਂ ਹਨ।

ਬਲਕਿ ਖਤਮ ਹੀ ਹੋ ਜਾਂਦੀਆਂ ਹਨ। ਸਰਮ ਧਰਮ ਸਭ ਉਡ ਜਾਂਦੇ ਹਨ ਅਤੇ ਅਜਿਹੀ ਸਥਿਤੀ ਵਿੱਚ ਮਾਨਵਤਾ ਦਾ ਸੰਤੁਲਿਤ ਡਾਵਾਂ ਡੋਲ ਹੋ ਜਾਂਦਾ ਹੈ।

ਧਾਰਮਿਕ ਅਕੀਦਿਆਂ ਦਾ ਫਰਜ਼ ਤਾਂ ਇਹ ਬਣਦਾ ਹੈ ਕਿ ਉਹ ਅਜਿਹੇ ਸਿਧਾਂਤਾ ਦੀ ਸਿਰਜਣਾ ਕਰਨ ਜੋ ਵਿਵਹਾਰਕ ਪੱਧਰ ਤੇ ਮਾਨਵ ਜੀਵਨ ਵਿੱਚ ਕਾਰਜਸੀਲ ਹੋ ਕੇ ਆਦਰਸ਼ਕ ਮਨੁੱਖ ਬਣਾਉਣ ਜੋ ਹਰ ਪੱਖ ਵਿੱਚ ਸਮਰੱਥ ਹੋਣ। ਪਰੰਤੂ ਸਿੱਖ ਧਰਮ ਦੇ ਆਗਮਨ ਤੋਂ ਪਹਿਲਾਂ ਭਾਰਤ ਵਰਸ਼ ਦੀ ਸਥਿਤੀ ਧਾਰਮਿਕ, ਸਮਾਜਿਕ, ਰਾਜਨੀਤਿਕ ਅਤੇ ਆਰਥਕ ਹਰ ਪੱਖੋਂ ਨਿਘਾਰ ਵਲ ਜਾ ਰਹੀ ਸੀ।

## 2.6 **ਸਿੱਖ ਧਰਮ ਦੇ ਸਮਾਜਿਕ ਸਦਭਾਵਨਾ ਲਈ ਯਤਨ-**

ਸਿੱਖ ਧਰਮ ਦੇ ਮੋਢੀ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਆਪਣੇ ਜੀਵਨ ਕਾਲ ਦੌਰਾਨ ਕੀਤੀਆਂ ਲੰਮੀਆਂ ਯਾਤਰਾਵਾਂ ਦੌਰਾਨ ਭਾਰਤੀ ਅਤੇ ਗੈਰ-ਭਾਰਤੀ ਸਮਾਜ ਵਿੱਚਲੀਆਂ ਮਾਨਤਾਵਾਂ ਅਤੇ ਕਾਰਜ ਵਿਧੀਆਂ ਨੂੰ ਬੜੇ ਗਹੁ ਨਾਲ ਵਾਚਿਆ ਤੇ ਪੜਚੋਲਿਆ। ਆਪ ਨੇ ਮਹਿਸੂਸ ਕੀਤਾ ਕਿ ਧਰਮ ਮਨੁੱਖਤਾ ਦਾ ਅਨਿੱਖੜਵਾਂ ਅੰਗ ਹੈ ਅਤੇ ਇਸ ਮਹੱਤਵ ਸੁਤੇ ਸਿਧ ਹੀ ਮਾਨਵ ਨੂੰ ਹੁੰਦਾ ਹੈ। ਇਹ ਇਕ ਐਸੀ ਅੰਦਰੂਨੀ ਸ਼ਕਤੀ ਜਾਂ ਪ੍ਰੇਰਨਾ ਹੈ, ਜਿਹੜੀ ਗਿਆਨ ਇੰਦਰੀਆਂ ਅਤੇ ਕਰਮ ਇੰਦਰੀਆਂ ਨੂੰ ਸਹੀ ਦਿਸਾ ਨਿਰਦੇਸ਼ ਦੇਣ ਦੇ ਸਮਰੱਥ ਹੈ ਅਤੇ ਇਹੀ ਸ਼ਕਤੀ ਇਹਨਾਂ ਨੂੰ ਕਾਬੂ ਰਖਣ ਦੇ ਵੀ ਯੋਗ ਹੈ।

ਧਰਮ ਦੇ ਸਰੂਪ ਬਾਰੇ ਗੁਰੂ ਸਾਹਿਬ ਦਾ ਆਪਣੀ ਪਹਿਲੀ ਬਾਣੀ 'ਜਪੁਜੀ ਸਾਹਿਬ' ਵਿੱਚ ਵਿਸ਼ਲੇਸ਼ਣ ਕਰ ਦਿਤਾ ਗਿਆ ਕਿ ਧਰਮ ਦਇਆ ਤੋਂ ਉਤਪੰਨ ਹੋਇਆ ਪੁੱਤਰ ਹੈ। ਜਿਸਦੀਆਂ ਜੜ੍ਹਾਂ ਸੰਤੋਖ ਵਿੱਚ ਲਗੀਆ ਹੋਈਆਂ ਹਨ। ਜਪੁਜੀ ਸਾਹਿਬ ਦੀ ਹੀ 34ਵੀਂ ਪਉੜੀ ਵਿੱਚ ਅਧਿਆਤਮਕ ਵਿਕਾਸ ਦੀਆਂ ਪਹਿਲੀਆਂ ਅਵਸਥਾਵਾਂ ਦੇ ਰੂਪ ਵਿੱਚ ਗੁਰੂ ਸਾਹਿਬ ਧਰਤੀ ਨੂੰ ਧਰਮ ਦਾ ਅਸਥਾਨ (ਧਰਮਸ਼ਾਲ) ਕਹਿੰਦੇ ਹਨ। ਜਪੁਜੀ ਸਾਹਿਬ ਅਨੁਸਾਰ ਧਰਮ ਦੀ ਸਹੀ ਸਮਝ ਲਈ ਪਰਮਾਤਮਾ ਨੇ ਹਵਾ, ਪਾਣੀ, ਅਗਨੀ, ਆਕਾਸ਼ ਦੇ ਸੁਮੇਲ ਨਾਲ ਧਰਤੀ ਦੀਆਂ ਰਚਨਾਵਾਂ ਦੀ ਸਿਰਜਣਾ ਕੀਤੀ ਹੈ। ਇੱਥੇ ਰਹਿੰਦਿਆਂ ਸਾਨੂੰ ਦੈਨਿਕ ਕਰਮਾਂ ਦੀ ਮਹੱਤਤਾ ਨੂੰ ਸ਼ਹਿਨਸ਼ੀਲਤਾ ਅਤੇ ਦੂਜੇ ਜੀਵਾਂ ਦੇ ਮਹੱਤਵ ਨੂੰ ਇਹ ਜਾਣ ਕੇ ਮੰਨਣਾ ਹੋਵੇਗਾ ਕਿ ਉਹ ਸਾਰੇ ਵੀ ਸਾਡੇ ਸਮਾਨ ਹਨ ਅਤੇ ਆਪਣੇ ਜੀਵਨ ਲਕਸ਼ ਪਰਮ ਪਿਤਾ ਪਰਮਾਤਮਾ ਦੀ ਆਪਣੇ-ਆਪਣੇ ਤਰੀਕਿਆਂ ਨਾਲ ਭਾਲ ਕਰ ਰਹੇ ਹਨ, ਜਿਹੜਾ ਕਿ ਸੰਪੂਰਨ ਬ੍ਰਹਿਮੰਡ ਦਾ ਉਦੇਸ਼ ਹੈ। ਦਰਅਸਲ ਧਰਮ ਦਾ ਸਿੱਧਾ ਸੰਬੰਧ ਵਿਅਕਤੀ ਦੇ ਉਸ ਅੰਦਰੂਨੀ ਜੀਵਨ ਨਾਲ ਹੈ, ਜਿਹੜਾ ਬਿਬੇਕ ਬੁੱਧੀ, ਭਾਵਨਾਵਾਂ ਅਤੇ ਸੰਜਮ ਪੂਰਨ ਕਿਰਿਆਵਾਂ ਦਾ ਸੁਮੇਲ ਹੈ।

ਪੁਰਾਤਨ ਰਿਸ਼ੀਆਂ ਨੇ ਧਰਮ ਦੇ ਦਸ ਲੱਛਣ ਮੰਨੇ ਹਨ- ਦ੍ਰਿੜਤਾ, ਖਿਮਾ, ਸੰਜਮ, ਚੋਰੀ ਨਾ ਕਰਨਾ, ਪਵਿਤਰਤਾ, ਇੰਦ੍ਰੀਆਂ ਤੇ ਕਾਬੂ ਰਖਣਾ, ਬੁੱਧੀ, ਵਿਦਿਆ, ਸੱਚਾਈ ਅਤੇ ਕ੍ਰੋਧਹੀਣਤਾ। ਗੁਰੂ ਸਾਹਿਬ ਨੇ ਮਹਿਸੂਸ ਕੀਤਾ ਕਿ ਧਰਮ ਦੇ ਅਧਿਆਤਮਕ ਸੰਦੇਸ਼ ਨੂੰ ਸਮਝੇ ਬਿਨ੍ਹਾਂ ਅਤੇ ਮਨੁੱਖ ਨੂੰ ਧਰਮ ਦੇ ਬਾਹਰੀ ਕਰਮਕਾਂਡ ਵਿੱਚ ਫਸਾ

ਕੇ ਕੁਝ ਸੁਆਰਥੀ ਲੋਕ ਧਰਮ ਦੀ ਗਤੀਸ਼ੀਲ ਸ਼ਕਤੀ ਦੀ ਕੁਵਰਤੋਂ ਕਰੀ ਜਾ ਰਹੇ ਹਨ। ਫਿਰਕੂਪੁਣੇ ਵਿੱਚ ਗ੍ਰਸਤ ਲੋਕ ਇਸ ਗਲ ਤੇ ਜੋਰ ਦੇ ਰਹੇ ਸਨ ਕਿ ਕੇਵਲ ਉਹਨਾਂ ਦਾ ਧਰਮ ਹੀ ਰੱਬੀ ਧਰਮ ਹੈ ਅਤੇ ਕੇਵਲ ਉਹਨਾਂ ਦਾ ਧਰਮ ਗ੍ਰੰਥ ਹੀ ਰੱਬੀ ਪ੍ਰੇਰਨਾਵਾਂ ਦਾ ਇਕ ਮਾਤਰ ਪ੍ਰੇਰਕ ਹੈ। ਅਜਿਹੇ ਵਿਅਕਤੀ ਕੇਵਲ ਆਪਣੀਆਂ ਮਾਨਤਾਵਾਂ ਦੇ ਗ੍ਰੰਥਾਂ ਵਿੱਚ ਆਈਆਂ ਗੱਲਾਂ ਨੂੰ ਅੰਤਿਮ ਸੱਚਾਈ ਮੰਨ ਕੇ ਸੁਰਖਰੂ ਮਹਿਸੂਸ ਕਰ ਰਹੇ ਸਨ ਅਤੇ ਦੂਜੇ ਧਰਮਾਂ ਅਤੇ ਧਰਮ ਗ੍ਰੰਥਾਂ ਦੀਆਂ ਬਿਆਨ ਕੀਤੀਆਂ ਚਿਰ ਸਥਾਈ ਸੱਚਾਈਆਂ ਨੂੰ ਜਾਂ ਤਾਂ ਮੰਨਦੇ ਨਹੀਂ ਸਨ ਜਾਂ ਕੇਵਲ ਅੱਧੇ ਅਧੂਰੇ ਰੂਪ ਵਿੱਚ ਮੰਨ ਕੇ ਹਾਲਤ ਬਿਆਨੀਆਂ ਕਰ ਰਹੇ ਸਨ। ਇਹਨਾਂ ਧਾਰਨਾਵਾਂ ਦੇ ਅੰਤਰਗਤ ਹੀ ਆਪਣੇ ਆਪ ਨੂੰ ਸਭ ਤੋਂ ਉੱਚਾ ਸੁੱਚਾ ਸਮਝਣਾ ਅਤੇ ਦੂਜਿਆਂ ਨੂੰ ਦਬਾਉਣਾ ਜਾਂ ਆਪਣੇ ਅਧੀਨ ਕਰਨਾ ਪੁੰਨ ਸਮਝਿਆ ਜਾਂਦਾ ਸੀ।

ਗੁਰੂ ਨਾਨਕ ਦੇਵ ਜੀ ਦਾ ਫਲਸਫਾ ਇਸ ਪ੍ਰਕਾਰ ਨੇ ਅੰਨੇਪਣ ਅਤੇ ਅੰਧ ਵਿਸ਼ਵਾਸ਼ ਦੇ ਖਿਲਾਫ ਖੜਾ ਹੋਣ ਵਾਲਾ ਧਰਮ ਸੀ, ਜਿਹੜਾ ਇਕ ਪਾਸੇ ਸਮਾਜ ਵਿੱਚ ਊਚ-ਨੀਚ, ਜਾਤ-ਪਾਤ ਦੀਆਂ ਵੰਡੀਆਂ ਨੂੰ ਸਮਾਪਿਤ ਕਰਨ ਦਾ ਯਤਨ ਕਰਨ ਲੱਗਾ ਅਤੇ ਨਾਲ ਹੀ ਸਾਰੇ ਧਰਮਾਂ ਅਤੇ ਸਾਰੇ ਸਮਾਜਾਂ ਵਿੱਚ ਆਪਸੀ ਸਦਭਾਵ ਦੀ ਪ੍ਰੇਰਨਾ ਦੇਣ ਲੱਗਾ। ਸਾਰੇ ਧਰਮਾਂ ਦਾ ਸਤਿਕਾਰ ਕਰਦੇ ਹੋਏ ਤੀਜੇ ਗੁਰੂ ਨਾਨਕ ਸਤਿਗੁਰੂ ਅਮਰਦਾਸ ਜੀ ਨੇ ਫ਼ੁਰਮਾਨ ਕੀਤਾ-

‘ਜਗਤ ਜਲੰਦਾ ਰਖ ਲੈ ਅਪਣੀ ਕਿਰਪਾ ਧਾਰਿ

ਜਿਤ ਦੁਆਰੈ ਉਬਰੈ ਤਿਤੈ ਲੇਹੁ ਉਬਾਰਿ।।’

ਅਰਥਾਤ- ਹੇ ਪਰਮਾਤਮਾ ਸਾਰਾ ਜਗਤ ਈਰਖਾ, ਹਿੰਸਾ, ਨਫਰਤ ਦੀ ਅੱਗ ਵਿੱਚ ਸੜ ਰਿਹਾ ਹੈ ਇਸ ਨੂੰ ਕ੍ਰਿਪਾ ਪੂਰਬਕ ਧਰਮ ਦੇ ਜਿਸ ਵੀ ਦੁਆਰ ਰਾਹੀਂ ਬਚਾ ਸਕਦਾ ਹੈ, ਇਸਦਾ ਕਲਿਆਣ ਕਰੋ। ਇਥੇ ਇਹ ਸਪੱਸ਼ਟ ਹੈ ਕਿ ਧਾਰਮਿਕ ਪੱਧਰ ਤੇ ਗੁਰੂ ਸਾਹਿਬਾਨ ਦਾ ਫਲਸਫਾ ਕਿਤਨਾ ਖੁਲਦਿਲੀ ਨਾਲ ਸਭ ਧਾਰਮਿਕ ਤਰੀਕਿਆਂ ਦਾ ਸਨਮਾਨ ਕਰ ਰਿਹਾ ਹੈ।

### 2.6.1 ਰੱਬ ਦੀ ਏਕਤਾ ਦਾ ਸੰਕਲਪ-

ਸ੍ਰੀ ਗੁਰੂ ਨਾਨਕ ਦੇਵ ਜੀ ਦੀ ਬਾਣੀ ਦਾ ਮੁੱਢਲਾ ਸੰਦੇਸ਼ ਮੂਲਮੰਤਰ ਦੇ ਆਰੰਭ ਵਿੱਚ ਰੱਬ ਦੀ ਏਕਤਾ ਦਾ ਸਿਧਾਂਤ ਹੈ। ਸੱਚ ਦੀ ਅਗਵਾਈ ਕਰਦਾ ਸ਼ਬਦ ਗੁਰੂ ਦਾ ਸਿਧਾਂਤ ਸਮਾਜਿਕ ਜੀਵਾਂ ਵਿੱਚ ਆਪਸੀ ਸਦਭਾਵਨਾ ਦਾ ਆਦਰਸ਼ਕ ਮਾਡਲ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਮੁੱਢਲਾ ਰੱਬੀ ਸੰਕਲਪ ‘ੴ’ ਹੈ ਜੋ ਸਭ ਤਰ੍ਹਾਂ ਦੇ ਵਿਸ਼ਵਾਸ਼ਾਂ ਨੂੰ ਆਪਣੇ ਕਲਾਵੇ ਵਿੱਚ ਲੈਣ ਦਾ ਸਾਰਥਕ ਯਤਨ ਹੈ ਅਤੇ ਨਾਲ ਹੀ ਸਭ ਦੀਆਂ ਵਿਲੱਖਣਤਾਵਾਂ ਨੂੰ ਸਨਮਾਨ ਨਾਲ ਸਵੀਕਾਰਦਾ ਵੀ ਹੈ। ਇਹ ਸੰਕਲਪ ਨਿਰਾਲਾ ਅਤੇ ਨਿਆਰਾ ਹੈ, ਕਿਉਂਕਿ ਇਹ ਵਿਭਿੰਨ ਪਛਾਣਾਂ ਦੀ ਰਖਵਾਲੀ ਕਰਦਾ ਨਜ਼ਰ ਆਉਂਦਾ ਹੈ। ਸਾਮੀ ਧਰਮ ਵੀ ਭਾਵੇਂ ਰੱਬ ਦੀ ਏਕਤਾ ਵਿੱਚ ਵਿਸ਼ਵਾਸ਼ੀ ਹਨ ਪਰੰਤੂ ਸਿੱਖ ਧਰਮ ਦਾ ਇਕ ਈਸ਼ਵਰ ਸਭ ਤੋਂ ਨਿਰਾਲਾ ਹੈ, ਇਵੇਂ ਹੀ ਭਾਰਤੀ ਮੂਲ ਦੇ ਬਹੁਦੇਵਵਾਦ ਦੇ ਸੰਕਲਪਾਂ ਨਾਲੋਂ ਵੀ ਵੱਖਰਾ ਹੈ, ਉਹਨਾਂ ਵਿਚੋਂ ਹਾਂਲਾਕਿ ਜੈਨ ਮਤ ਵੀ ਬ੍ਰਹਿਮੰਡੀ ਸੱਚ ਬਾਰੇ ਜਿਕਰ ਕਰਦਾ ਹੈ ਪਰ ਉਹ ਇਸ ਸੱਚ ਨੂੰ ਸਿਰਜਕ ਨਹੀਂ

ਮੰਨਦਾ। ਬੁੱਧਮਤ ਦਾ ਸ਼ੂਨਯ ਵੀ ਨਿਸ਼ਕਿਰਿਆਵਾਦੀ ਹੈ ਸੋ ਭਾਰਤੀ ਪਰੰਪਰਾ ਦੇ ਬ੍ਰਹਮ ਦੇ ਇਕਹਿਰੇ ਸੰਕਲਪ ਨਾਲੋਂ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਫਲਸਫਾ ਬਿਲਕੁਲ ਭਿੰਨ ਹੈ। ਇਹ ਮਨੁੱਖ ਨੂੰ ਸੱਚ ਦੀ ਵਚਿੱਤਰਤਾ ਅਤੇ ਵਿਭਿੰਨਤਾ ਦੇ ਦਰਸ਼ਨ ਕਰਵਾਉਂਦਾ ਹੈ।

ਗੁਰਮਤਿ ਅਨੁਸਾਰ ਪਰਮਾਤਮਾ ਇਕ ਹੈ ਪਰ ਉਹ ਇਕਹਿਰਾ ਨਹੀਂ। ਉਸਦਾ ਸੱਚ ਸਭ ਰੂਪਾਂ ਵਿੱਚ ਵਿਦਮਾਨ ਹੈ ਭਾਵ ਕਿ ਉਹ ਇਕ ਰੂਪ ਹੈ ਪਰ ਅਨੇਕ ਰੂਪਾਂ ਵਿੱਚ ਦਿਸਦਾ ਹੈ ਅਤੇ ਅਨੇਕਾਂ ਰੂਪਾਂ ਦਾ ਸਿਰਜਕ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਦਾ ਰੱਬ ਵੱਖ-ਵੱਖ ਵਿਸ਼ਵਾਸ਼ਾਂ, ਇਲਾਕਿਆਂ, ਸੱਭਿਆਚਾਰਕ ਇਕਾਈਆਂ ਦਾ ਸਿਰਜਕ ਹੈ ਅਤੇ ਇਸੇ ਕਾਰਨ ਸਭ ਮਨੁੱਖ ਬਰਾਬਰ ਦੇ ਇੱਜ਼ਤ ਮਾਣ ਅਤੇ ਆਜਾਦੀ ਦੇ ਹੱਕਦਾਰ ਹਨ। ਸ੍ਰੀ ਗੁਰੂ ਨਾਨਕ ਦੇਵ ਜੀ ਦੇ ਫਲਸਫੇ ਦੀ ਗੋਦ ਵਿੱਚ ਹਰ ਤਰ੍ਹਾਂ ਦੇ ਵਿਸ਼ਵਾਸ਼ ਨੂੰ ਖੁੱਲ੍ਹ/ਆਜਾਦੀ ਹੈ ਉਹ ਆਪਣੀ ਪਛਾਣ ਨੂੰ ਕਾਇਮ ਰਖ ਸਕਦਾ ਹੈ। ਪਰਮਾਤਮਾ ਦੀ ਜੋਤ ਸਭ ਵਿੱਚ ਪ੍ਰਕਾਸ਼ਮਾਨ ਹੈ। ਕਿਸੇ ਵਿਸ਼ੇਸ਼ ਫਿਰਕੇ ਜਾਂ ਮਤ ਤਕ ਸੀਮਿਤ ਨਹੀਂ। ਉਹ ਸਦੀਵੀ ਸੱਚ ਹੈ, ਜਿਸਦਾ ਅਧਿਆਤਮਕ ਪੱਧਰ ਉੱਪਰ ਕੋਈ ਸ਼ਰੀਕ ਨਹੀਂ।

ਗੁਰੂ ਸਾਹਿਬ ਨੇ ਹਰੇਕ ਕਿਸਮ ਦੇ ਬੰਧਨਾਂ ਅਤੇ ਗੁਲਾਮੀ ਤੋਂ ਮੁਕਤੀ ਪਾਉਣ ਦੀ ਵਿਧੀ ਵਿਹਾਰਕ ਰੂਪ ਵਿੱਚ ਕਿਰਿਆਸ਼ੀਲ ਹੋ ਸਕੇ ਇਸ ਲਈ ਪ੍ਰਬੰਧ ਕੀਤੇ। ਗੁਰੂ ਜੀ ਅਨੁਸਾਰ ਮਨੁੱਖ ਦੀ ਹਰ ਕਿਸਮ ਦੀ ਸਮੱਸਿਆ ਦਾ ਕਾਰਨ ਉਸ ਵਿੱਚ ਕਿਸੇ ਵੀ ਕਿਸਮ ਦਾ ਹੰਕਾਰ ਅਤੇ ਹਉਮੈਂ ਹੈ। ਸਮਾਜ ਵਿੱਚ ਹਰੇਕ ਕਿਸਮ ਦੀਆਂ ਵੈਰ-ਵਿਰੋਧ ਅਤੇ ਟਕਰਾਵਾਂ ਦਾ ਕਾਰਨ ਹਉਮੈਂ ਤੋਂ ਪੈਦਾ ਹੋਣ ਵਾਲੀ ਨਾ ਸਮਝੀ ਅਤੇ ਅਗਿਆਨਤਾ ਹੈ। ਅਜਿਹੇ ਸਮਾਜ ਦਾ ਵਿਹਾਰ ਰੂਹਾਨੀਅਤ ਤੋਂ ਸੱਖਣਾ ਹੋ ਜਾਂਦਾ ਹੈ। ਗੁਰੂ ਨਾਨਕ ਦੇਵ ਜੀ ਨੇ ਯਤਨ ਕੀਤੇ ਕਿ ਆਤਮਕ ਤੱਤ ਮਨੁੱਖਾਂ ਵਿਹਾਰ ਵਿੱਚ ਆ ਜਾਣ ਉਸ ਦੇ ਲਈ ਆਪ ਨੇ ਕਈ ਸੰਸਥਾਵਾਂ ਸਥਾਪਿਤ ਕੀਤੀਆਂ।

**2.6.2 ਵਿਹਾਰਕ ਸੰਸਥਾਵਾਂ ਦੀ ਸਥਾਪਨਾ-**

ਸ੍ਰੀ ਗੁਰੂ ਨਾਨਕ ਦੇਵ ਜੀ ਨੇ ਮਨੁੱਖਤਾ ਨੂੰ ਕਿਰਤ ਕਰਨਾ, ਨਾਮ ਜਪਣਾ ਅਤੇ ਵੰਡ ਛਕਣ ਦੇ ਸਿਧਾਂਤ ਦਿੱਤੇ ਅਤੇ ਇਹਨਾਂ ਸਿਧਾਂਤਾ ਨੂੰ ਅਮਲੀ ਰੂਪ ਦੇਣ ਲਈ ਆਪ ਜਿਥੇ ਵੀ ਕਿਤੇ ਆਪਣੇ ਪੈਰੋਕਾਰਾਂ ਨੂੰ ਸੰਬੋਧਨ ਹੋਏ ਆਪਸੀ ਸਦਭਾਵਨਾ ਦੇ ਬੀਜ ਬੀਜਣ ਲਈ ਆਪ ਨੇ ਸੰਗਤਾਂ ਸਥਾਪਿਤ ਕੀਤੀਆਂ। ਸੰਗਤ ਪਵਿੱਤਰ ਸ਼ਰਧਾਲੂਆਂ ਦਾ ਅਜਿਹਾ ਇੱਕਠ ਸੀ ਜਿਸ ਵਿੱਚ ਵਿਅਕਤੀ ਸਮਾਜ ਅਤੇ ਸਮਾਜ ਲਈ ਜੀਵਨ ਜਾਂਚ ਸਿੱਖਦਾ ਸੀ। ਸੰਗਤ ਦੇ ਕਈ ਪਹਿਲੂ ਧਿਆਨ ਦੇਣ ਯੋਗ ਹਨ- ਪਹਿਲਾਂ ਤਾਂ ਇਹ ਕਿ ਗੁਰੂ ਨਾਨਕ ਦੇਵ ਜੀ ਸਾਰੰਗ ਕੀ ਵਾਰ ਵਿੱਚ ਫੁਰਮਾਉਂਦੇ ਹਨ ਕਿ ਸਤਿਸੰਗਤ ਨਾਮ ਦਾ ਉਹ ਅਮੁਲ ਖਜਾਨਾ ਹੈ ਜਿਸ ਰਾਹੀਂ ਪਰਮਾਤਮਾ ਦਾ ਸਾਖਿਆਤਕਾਰ ਹੁੰਦਾ ਹੈ। ਏਥੇ ਹੀ ਗੁਰੂ ਕਿਰਪਾ ਨਾਲ ਅੰਤਰਮਨ ਦਾ ਹਨੇਰਾ ਦੂਰ ਹੁੰਦਾ ਹੈ ਅਤੇ ਚਾਨਣ ਹੋ ਜਾਂਦਾ ਹੈ। ਸੰਗਤ ਵਿੱਚ ਖਾਸ ਤੌਰ ਤੇ ਉਚ-ਨੀਚ ਦਾ ਹਨ੍ਹੇਰਾ ਦੂਰ ਹੁੰਦਾ ਹੈ ਅਤੇ ਸਾਰੀ ਸੰਗਤ ਵਿੱਚ ਬੈਠੇ ਵਿਅਕਤੀ ਆਪਣੇ ਵਰਗੇ ਲੱਗਦੇ ਹਨ। ਸਤਿਸੰਗਤ ਵਿੱਚ

ਬੈਠ ਕੇ ਵਿਅਕਤੀ ਆਪਣੀਆਂ ਕਮਜੋਰੀਆਂ ਵੀ ਵੇਖਦਾ ਹੈ ਅਤੇ ਦੂਜਿਆਂ ਲਈ ਪ੍ਰੇਰਨਾ ਸ੍ਰੋਤ ਵੀ ਬਣਦਾ ਹੈ। ਸੰਗਤ ਰੂਪੀ ਪਾਰਸ ਨਾਲ ਲਗ ਕੇ ਲੋਹਾ ਰੂਪੀ ਮਨ ਚੰਚਲ ਹੋ ਕੇ ਸਾਰਿਆਂ ਲਈ ਸੁੱਖਦਾਇਕ ਬਣਦਾ ਹੈ.

ਸਤਿ ਸੰਗਤ ਨਾਮ ਨਿਧਾਨ ਹੈ ਜਿਥਹੁ ਹਰਿ ਪਾਇਆ

ਗੁਰਪਰਸਾਦੀ ਘਟ ਚਾਨਣ ਆਨ੍ਹੇਰ ਗਵਾਇਆ

ਲੋਹਾ ਪਾਰਸ ਭੇਟੀਐ ਕੰਚਨ ਹੋਇ ਆਇਆ॥

ਸੰਗਤ ਇਕ ਐਸਾ ਸਥਾਨ ਹੈ ਜਿਥੇ ਬੈਠੀਆਂ ਸੰਗਤਾਂ ਦੀ ਲੰਗਰ ਅਤੇ ਜੋੜਾ ਸਾਂਭਣ ਆਦਿ ਦੀ ਸੇਵਾ ਕਰਦਿਆਂ ਮਨੁੱਖ ਸਮਾਜ ਨਾਲ ਜੁੜਦਾ ਹੈ ਜਿਸ ਨਾਲ ਉਸਦੀ ਅੰਦਰਲੀ ਹਰ ਕਿਸਮ ਦੀ ਹਉਮੈ ਨੂੰ ਠੱਲ੍ਹ ਪਾਉਣ ਦੀ ਗੁੰਜਾਇਸ਼ ਵਧਦੀ ਹੈ। ਇਸੇ ਏਕਤਾ ਅਤੇ ਸਦਭਾਵਨਾ ਨੂੰ ਪ੍ਰਫੁਲਿਤ ਕਰਨ ਲਈ ਸੰਗਤ ਦੇ ਨਾਲ ਲੰਗਰ ਦੀ ਪ੍ਰਥਾ ਵੀ ਸ਼ੁਰੂ ਕੀਤੀ ਗਈ। ਪੰਗਤ ਵਿੱਚ ਬਿਨ੍ਹਾਂ ਪੁੱਛ-ਪੜਤਾਲ ਕੀਤੇ ਪਰਸ਼ਾਦਾ ਛਕਣ ਅਤੇ ਛਕਾਉਣ ਵਾਲੇ ਪ੍ਰਭੂ ਭਗਤੀ ਅਤੇ ਪ੍ਰੇਮ ਵਿੱਚ ਲੀਨ ਹੋਏ ਰਹਿੰਦੇ ਹਨ। ਬਾਕੀ ਗੁਰੂ ਸਾਹਿਬਾਨਾਂ ਨੇ ਵੀ ਇਹਨਾਂ ਸੰਸਥਾਵਾਂ ਨੂੰ ਹੋਰ ਅੱਗੇ ਵਧਾਇਆ ਅਤੇ ਇਹ ਨੇਮ ਬਣ ਗਿਆ ਕਿ ਪਹਿਲੇ ਪੰਗਤ ਪਾਛੈ ਸੰਗਤ। ਇਹਨਾਂ ਸਾਰੇ ਆਪਸੀ ਸਦਭਾਵਨਾ ਦੇ ਸਿਧਾਂਤਾਂ ਨੂੰ ਪਰਪੱਕਤਾ ਦੇਣ ਲਈ ਸੰਗਤਾਂ ਨੇ ਇਕੱਠੇ ਹੋਣ ਲਈ ਧਰਮਸ਼ਾਲ ਬਣਾਈ ਜੋ ਸਮਾਂ ਪਾ ਕੇ ਗੁਰਦੁਆਰੇ ਦਾ ਰੂਪ ਧਾਰਨ ਕਰ ਗਈ। ਅੱਜ ਇਹ ਇਕ ਅਜਿਹਾ ਅਸਥਾਨ ਹੈ ਜਿਥੇ ਮਿਲ ਬੈਠ ਕੇ ਅਧਿਆਤਮਿਕਤਾ ਨੂੰ ਡੂੰਘਾ ਕਰਨ ਲਈ ਗੁਰਬਾਣੀ ਦਾ ਕੀਰਤਨ, ਕਥਾ, ਵਿਖਿਆਨ ਹੁੰਦੇ ਹਨ ਅਤੇ ਸਭਨਾਂ ਮਸਲਿਆਂ ਦੇ ਸਮੂਹਿਕ ਫੈਸਲੇ ਸਮੂਹਿਕ ਰੂਪ ਵਿੱਚ ਗੁਰੂ ਦੇ ਨਾਮ ਤੇ ਗੁਰਮਤਿਆਂ ਦੇ ਰੂਪ ਵਿੱਚ ਹੁੰਦੇ ਹਨ।

### 2.6.3 **ਸ੍ਰੀ ਗੁਰੂ ਗ੍ਰੰਥ ਸਾਹਿਬ** ਵਿੱਚ **ਸਦਭਾਵਨਾ ਦਾ ਸਰੂਪ-**

ਸਿੱਖ ਧਰਮ ਦੇ ਮੋਢੀ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਆਪਣਾ ਸੰਦੇਸ਼ ਬਾਣੀ ਰੂਪ ਵਿੱਚ ਦਿੱਤਾ। ਗੁਰੂ ਜੀ ਵੱਲੋਂ ਉਚਾਰੀ ਗਈ ਬਾਣੀ ਦਾ ਆਨੰਦ ਮਾਣਨ ਲਈ ਸੰਗਤਾਂ ਉਹਨਾਂ ਦੇ ਨੇੜੇ ਮਿਲ ਬੈਠਦੀਆਂ। ਗੁਰਬਾਣੀ ਦੇ ਨਾਲ ਹੀ ਸਿੱਖ ਸਮਾਜ ਦਾ ਜਨਮ ਹੋਇਆ ਅਤੇ ਇਸੇ ਦੇ ਆਸਰੇ ਸਿੱਖ ਪੰਥ ਆਪਣੀ ਹੋਂਦ ਬਰਕਰਾਰ ਰੱਖ ਰਿਹਾ ਹੈ। ਜੀਵਨ ਦੀ ਹਰ ਮੁਸ਼ਕਲ ਘੜੀ ਵਿੱਚ ਇਹ ਪਵਿੱਤਰ ਬਾਣੀ ਮਾਨਵਤਾ ਦਾ ਮਾਰਗ ਦਰਸ਼ਨ ਕਰਨ ਯੋਗ ਹੈ। ਗੁਰੂ ਸਾਹਿਬਾਂ ਦੇ ਸਮੇਂ ਵਿਅਕਤੀਵਾਦ ਦਾ ਜੋਰ ਸੀ ਅਤੇ ਸਾਂਝੇ ਮਾਨਵੀ ਗੁਣਾਂ ਨੂੰ ਵਿਸਾਰਿਆਂ ਜਾ ਰਿਹਾ ਸੀ।

ਅਜਿਹੀਆਂ ਹਾਲਾਤਾਂ ਵਿੱਚ ਪੰਜਵੇਂ ਗੁਰੂ ਅਰਜਨ ਦੇਵ ਜੀ ਨੇ ਭਾਰਤੀ ਪੱਧਰ ਦੇ ਸੰਤਾਂ, ਭਗਤਾਂ ਦੀਆਂ ਬਾਣੀਆਂ (ਜੋ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਪੋਥੀ ਰੂਪ ਵਿੱਚ ਇੱਕਤਰ ਕਰਕੇ ਸੰਭਾਲੀਆਂ ਹੋਈਆਂ ਸਨ) ਉਹਨਾਂ ਦੇ ਨਾਲ ਆਪਣੇ ਤੋਂ ਪਹਿਲਾਂ ਦੇ ਗੁਰੂ ਸਾਹਿਬਾਨਾਂ ਦੀਆਂ ਬਾਣੀਆਂ ਇੱਕਤਰ ਕਰਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਤਿਆਰ ਕੀਤਾ। ਇਸ ਮਹਾਨ ਗ੍ਰੰਥ ਵਿੱਚਲੀਆਂ ਬਾਣੀਆਂ ਦਾ ਸੰਕਲਨ ਇਸ ਸਿਧਾਂਤ ਦਾ ਪ੍ਰਤੱਖ ਰੂਪ ਹੈ ਕਿ ਗੁਰੂ ਨਾਨਕ ਦੇਵ

ਜੀ ਦੇ ਘਰ ਵਿੱਚ ਸੱਚ ਕਿਸੇ ਵੀ ਅਖੌਤੀ ਜਾਤ-ਪਾਤ ਦੇ ਮਹਾਂਪੁਰਖ ਰਾਹੀਂ ਪ੍ਰਗਟ ਹੋਇਆ ਹੋਵੇ। ਉਸਦਾ ਸਨਮਾਨ ਕੀਤਾ ਜਾਣਾ ਚਾਹੀਦਾ ਹੈ। ਇਹ ਦੁਨੀਆਂ ਦੇ ਧਰਮਾਂ ਦੇ ਇਤਿਹਾਸ ਵਿੱਚ ਇਕ ਵਿਲੱਖਣ ਅਤੇ ਨਵੀਨ ਤਜ਼ਰਬਾ ਸੀ ਅਤੇ ਦੁਨੀਆਂ ਭਰ ਲਈ ਹਰ ਤਰ੍ਹਾਂ ਦੀ ਸਦਭਾਵਨਾ ਨੂੰ ਦ੍ਰਿੜ ਕਰਾਉਂਦਾ ਨਵੇਕਲਾ ਕਦਮ।

ਇਸ ਅਦੁੱਤੀ ਰਚਨਾ ਤੋਂ ਪ੍ਰੇਰਨਾ ਲੈਣ ਵਾਲੇ ਸਮਾਜ ਲਈ ਜਿਤਨੇ ਗੁਰੂ ਸਾਹਿਬਾਨ ਪੂਜਨੀਕ ਹਨ ਉਤਨੇ ਹੀ ਸਨਮਾਨਯੋਗ ਨਾਮਦੇਵ (ਛੀਂਬਾ), ਸੈਣ ਜੀ (ਨਾਈ), ਕਬੀਰ (ਜੁਲਾਹਾ), ਸ਼ੇਖ ਫਰੀਦ (ਮੁਸਲਮਾਨ) ਅਤੇ ਰਾਮਾਨੰਦ (ਬ੍ਰਾਹਮਣ) ਆਦਿ ਸਭ ਹਨ। ਇਸ ਗ੍ਰੰਥ ਨੂੰ ਆਧਾਰ ਮੰਨਣ ਵਾਲਾ ਸਮਾਜ ਸੰਸਕ੍ਰਿਤ, ਅਰਬੀ, ਫਾਰਸੀ, ਹਿੰਦੀ, ਪੰਜਾਬੀ ਨੂੰ ਕਿਸੇ ਵਿਸ਼ੇਸ਼ ਜਾਤੀ ਜਾਂ ਪ੍ਰਾਂਤ ਦੀ ਮਲਕੀਅਤ ਨਾ ਮੰਨ ਕੇ ਮਨੁੱਖਤਾ ਦੀ ਸਾਂਝੀ ਮਲਕੀਅਤ ਮੰਨਦਾ ਹੈ।

ਗੁਰਬਾਣੀ ਪੜਦਿਆਂ ਜਗਿਆਸੂ ਨੂੰ ਇਹ ਸਹਿਜੇ ਹੀ ਅਹਿਸਾਸ ਹੋ ਜਾਂਦਾ ਹੈ ਕਿ ਇਸਦੇ ਰਚਨਾਕਾਰਾਂ ਦਾ ਝੁਕਾਅ ਸੱਚ ਦੀ ਖੋਜ ਵੱਲ ਹੈ। ਸੱਚ ਦੀ ਖੋਜ ਵਲ ਰੁਝਾਨ ਅਤੇ ਉਸਦਾ ਸਾਖਿਆਤਕਾਰ ਮਨੁੱਖ ਨੂੰ ਸਵੈਮਾਨ ਭਰਪੂਰ ਅਤੇ ਨੈਤਿਕ ਰੂਪ ਵਿੱਚ ਸੁਚੇਤ ਜੀਵਨ ਜੀਣ ਦੀ ਪ੍ਰੇਰਨਾ ਦਿੰਦਾ ਹੈ ਜਦਕਿ ਕੇਵਲ ਬ੍ਰਹਮ ਦੀ ਖੋਜ ਵਿਅਕਤੀ ਨੂੰ ਸੰਸਾਰ ਤਿਆਗ ਕੇ ਦੁਨਿਆਵੀ ਜਿੰਮੇਵਾਰੀਆਂ ਤੋਂ ਭੱਜਣ ਵੱਲ ਪ੍ਰੇਰਿਤ ਕਰਦਾ ਹੈ। ਸਿੱਖ ਧਰਮ ਨੇ ਐਸਾ ਨਜਰੀਆਂ ਨਹੀਂ ਅਪਣਾਇਆ ਅਤੇ ਸੰਸਾਰ ਤਿਆਗ ਦਾ ਰਵੱਈਆ ਨਹੀਂ ਸੁਝਾਇਆ ਬਲਕਿ ਧਰਤੀ ਨੂੰ ਧਰਮ ਕਮਾਉਣ ਦਾ ਸਥਾਨ ਕਿਹਾ-

ਰਾਤੀ ਰੁਤੀ ਥਿਤੀ ਵਾਰ॥ ਪਵਣ ਪਾਣੀ ਅਗਨੀ ਪਾਤਾਲ॥

ਤਿਸੁ ਵਿਚਿ ਧਰਤੀ ਥਾਪਿ ਰਖੀ ਧਰਮਸਾਲ॥

ਇਸਦੇ ਨਾਲ-ਨਾਲ ਇਕ ਹੋਰ ਮੱਹਤਵਪੂਰਨ ਇਸ਼ਾਰਾ ਗੁਰਬਾਣੀ ਦੇ ਰਹੀ ਹੈ। ਵਿਗਿਆਨਕ ਪੱਧਰ ਉੱਪਰ ਵੀ ਕੋਈ ਵੀ ਜੀਵ ਬਣਤਰ ਪੱਧਰ ਤੇ ਇਕੋ ਜਿਹਾ ਨਹੀਂ ਹੈ।

ਤਿਸ ਵਿੱਚ ਜੀਅ ਜੁਗਤਿ ਕੇ ਰੰਗ॥ ਤਿਨਕੇ ਰਾਮ ਅਨੇਕ ਅਨੰਤ॥

ਇਸ ਲਈ ਕਿਸੇ ਨਾਲ ਬਣਤਰ ਜਾਂ ਸਰੂਪ ਦੇ ਆਧਾਰ ਉੱਪਰ ਵਿਤਕਰਾ ਕਰਨਾ ਪਰਮਾਤਮਾ ਦੇ ਹੁਕਮ ਦੀ ਉਲੰਘਣਾ ਕਰਨ ਦੇ ਸਮਾਨ ਹੈ। ਦਰਅਸਲ ਵਿਅਕਤੀ ਧਰਤੀ ਉੱਪਰ ਪਰਮਾਤਮਾ ਦਾ ਬਣਾਇਆ ਹੋਇਆ ਕਰਿਸ਼ਮਾ ਹੈ ਅਤੇ ਅਨੋਖਾ ਹੈ ਅਰਥਾਤ ਉਸਦੇ ਜੀਵਨ ਦਾ ਢੰਗ ਨਿਰਾਲਾ ਹੈ ਅਤੇ ਇਸੇ ਤਰ੍ਹਾਂ ਮਨੁੱਖਤਾਵਾਦੀ ਦ੍ਰਿਸ਼ਟੀਕੋਣ ਤੋਂ ਹਰ ਜੀਵ ਦਾ ਪਰਮ ਸੱਚ ਦੀ ਅਨੁਭੂਤੀ ਦਾ ਮਾਰਗ ਵੀ ਉਸਦੀ ਆਪਣੀ ਜ਼ਰੂਰਤ ਬਣਤਰ ਅਤੇ ਅਨੁਭਵ ਦੇ ਮੁਤਾਬਿਕ ਵੱਖਰਾ ਹੋਣਾ ਚਾਹੀਦਾ ਹੈ। ਸੋ ਇਨਸਾਨ ਨੂੰ ਇਸ ਧਰਤੀ ਰੂਪੀ ਧਰਮਸ਼ਾਲ ਵਿੱਚ ਆਪੋ ਆਪਣੀ ਸਮਰੱਥਾ ਅਨੁਸਾਰ ਪ੍ਰਮਾਤਮਾ ਦੇ ਸੱਚ ਦੇ ਸਾਖਿਆਤਕਾਰ ਵਿੱਚ ਲੱਗੇ ਹਰੇਕ ਜੀਵ ਦਾ ਮਾਨ-ਸਨਮਾਨ ਕਰਨਾ ਚਾਹੀਦਾ ਹੈ। ਉਸ ਕੋਲ ਪਰਮਾਤਮਾ ਵਲੋਂ ਬਖਸ਼ੀ ਹੋਈ ਸਭ ਤੋਂ ਵੱਡੀ ਨਿਆਮਤ ਬੁੱਧੀ ਹੈ। ਜਿਸ ਦਾ ਇਸਤੇਮਾਲ ਕਰਕੇ ਉਹ ਆਪ

ਵੀ ਜੀਵਨ ਦੇ ਅਸਲ ਮਾਰਗ ਤੇ ਤੁਰੇ ਅਤੇ ਦੂਜਿਆਂ ਨੂੰ ਵੀ ਆਪਣੇ-ਆਪਣੇ ਹਿਸਾਬ ਨਾਲ ਅਸਲ ਮੰਜਿਲ ਤੇ ਪਹੁੰਚਣ ਵਿੱਚ ਸਹਾਇਕ ਹੋਵੇ। ਇਹ ਉਸਦਾ ਅਧਿਆਤਮਕ ਫਰਜ਼ ਹੈ। ਗੁਰੂ ਸਾਹਿਬਾਨਾਂ ਨੇ ਜੋ ਵੀ ਸੰਦੇਸ਼ ਸਿਧਾਂਤਕ ਰੂਪ ਵਿੱਚ ਦਿੱਤਾ ਉਸਨੂੰ ਅਮਲੀ ਰੂਪ ਵਿੱਚ ਸਮਾਜਿਕ ਪੱਧਰ ਤੇ ਕਰ ਕੇ ਵਿਖਾਇਆ। ਪੰਜਵੇਂ ਪਾਤਸ਼ਾਹ ਜੀ ਨੇ ਜੇਕਰ ਇਹ ਕਿਹਾ-

ਨਾ ਕੋਈ ਬੈਰੀ ਨਾਹਿ ਬੇਗਾਨਾ ਸਗਲ ਸੰਗ ਹਮ ਕੋ ਬਨ ਆਈ।।

ਤਾਂ ਤੱਤੀ ਤਵੀ ਉੱਪਰ ਬੈਠ ਕੇ ਮਨੁੱਖੀ ਬਰਾਬਰਤਾ ਦੇ ਹੱਕਾਂ ਲਈ ਮੂੰਹੋਂ ਇਕ ਵੀ ਅਪਸ਼ਬਦ ਨਹੀਂ ਬੋਲਿਆ। ਨੌਵੇਂ ਪਾਤਸ਼ਾਹ ਜੀ ਨੇ ਜੇਕਰ-

ਹਰਖ ਸੋਗ ਜਾ ਕੇ ਨਹੀ ਬੈਰੀ ਮੀਤ ਸਮਾਨਿ।।

ਕਹੁ ਨਾਨਕ ਸੁਨਿ ਰੇ ਮਨਾ ਮੁਕਤਿ ਤਾਹਿ ਤੈ ਜਾਨ।।

ਤਾਂ ਉਹਨਾਂ ਨੇ ਮਨੁੱਖੀ ਅਧਿਕਾਰਾਂ ਦੀ ਰਾਖੀ ਲਈ ਸਮਸਰਤਾ ਨਾਲ ਆਪਣਾ ਸੀਸ ਤਲਵਾਰ ਦੀ ਧਰ ਹੇਠ ਕਰ ਦਿਤਾ। ਤਪੱਸਿਆ, ਤਿਆਗ, ਸੰਜਮ ਅਤੇ ਮਨੁੱਖਤਾ ਪ੍ਰਤੀ ਪਿਆਰ ਦੀ ਭਾਵਨਾ ਹੀ ਆਤਮਿਕ ਸ਼ਕਤੀ ਦੇ ਸਕਦੀਆਂ ਹਨ। ਕੋਈ ਜੀਵ ਛਿਨ ਭਰ ਵਿੱਚ ਸਾਰੇ ਧਾਰਮਿਕ ਅਤੇ ਖੋਖਲੇ ਸਮਾਜਿਕ ਬੰਧਨਾਂ ਨੂੰ ਤੋੜ ਕੇ ਪਰ੍ਹਾਂ ਸੁੱਟ ਸਕਦਾ ਹੈ। ਇਸ ਦੇ ਲਈ ਗੁਰਬਾਣੀ ਫੇਰ ਤੋਂ ਫੁਰਮਾਨ ਕਰ ਰਹੀ ਹੈ-

ਬਲ ਹੋਆ ਬੰਧਨ ਛੁਟੈ ਸਬ ਕਿਛੁ ਹੋਤ ਉਪਾਇ।।

ਨਾਨਕ ਸਬ ਕਿਛੁ ਤੁਮਰੇ ਹਾਥਿ ਮੇ ਤੁਮਹਿ ਹੋਹਿ ਸਹਾਇ।।

ਸਮਾਜਿਕ ਅਤੇ ਧਾਰਮਿਕ ਸਦਭਾਵਨਾ ਲਈ ਗੁਰੂ ਸਾਹਿਬਾਨ ਦੁਆਰਾ ਕੀਤੇ ਗਏ ਕੰਮਾਂ ਨੇ ਭਾਰਤੀ ਸਮਾਜ ਦੇ ਚਿੰਤਨ ਵਿੱਚ ਡੁੱਬੇ ਹੋਏ ਸਿਧਾਂਤਾਂ ਨੂੰ ਉਜਾਗਰ ਕੀਤਾ ਅਤੇ ਵਿਵਹਾਰਕ ਕਿਰਿਆਵਾਂ ਵਿੱਚ ਸਮਰੂਪਤਾ ਲਿਆ ਕੇ ਸਦੀਆਂ ਤੋਂ ਭਾਰਤੀਆ ਦੇ ਗਲ ਪਏ ਗੁਲਾਮੀ ਦੇ ਇਤਿਹਾਸ ਵਿੱਚ ਯੁਗ ਪਲਟਾਊ ਕੰਮ ਕਰ ਕੇ ਵਿਖਾ ਦਿੱਤੇ।

ਗੁਰੂ ਰੂਪ ਵਿੱਚ ਤਿਆਰ ਕੀਤਾ ਗੁਰੂ ਗ੍ਰੰਥ ਸਾਹਿਬ ਅਤੇ ਇਸਦੀ ਸੰਪਾਦਨਾ ਹੀ ਇਸ ਗਲ ਦਾ ਪ੍ਰਮਾਣ ਹੈ ਕਿ ਸਿੱਖ ਧਰਮ ਬਿਨਾਂ ਕਿਸੇ ਜਾਤੀ, ਭੇਦ, ਪ੍ਰਾਂਤ ਭੇਦ, ਨਸਲ ਭੇਦ, ਸੱਚ ਦੇ ਦਿੱਤੇ ਗਏ ਹੋਕੇ ਨੂੰ ਸੁਣਨ ਅਤੇ ਸਮਝਣ ਦਾ ਪ੍ਰਮਾਣ ਹੈ।

## **2.7 ਸਿੱਟਾ-**

ਉਪਰੋਕਤ ਚਰਚਾ ਤੋਂ ਇਹ ਸ਼ਪੱਸ਼ਟ ਹੈ ਕਿ ਗੁਰੂ ਸਾਹਿਬਾਨਾਂ ਦਾ ਫਲਸਫਾ ਸਭ ਭੇਦਾਂ ਤੋਂ ਉੱਪਰ ਇਕ ਆਦਰਸ਼ਕ ਮਨੁੱਖ ਦੀ ਸੰਕਲਪਨਾ ਕਰਦਾ ਹੈ ਜਿਸ ਨੂੰ ਗੁਰੂ ਨਾਨਕ ਦੇਵ ਜੀ ਨੇ ਗੁਰਮੁਖ, ਗੁਰੂ ਅਰਜਨ ਦੇਵ ਜੀ ਨੇ ਬ੍ਰਹਮਗਿਆਨੀ ਅਤੇ ਗੁਰੂ ਗੋਬਿੰਦ ਸਿੰਘ ਜੀ ਨੇ ਖਾਲਸਾ ਕਿਹਾ ਹੈ। ਗੁਰੂ ਸਾਹਿਬਾਨ ਵਿਅਕਤੀ ਨੂੰ ਮਨੁੱਖਾਂ ਪੱਧਰ ਤੋਂ ਦੇਵਤਾ ਪੱਧਰ ਤੱਕ ਲਿਜਾਣ ਲਈ ਸੁਰਤਿ ਮਤਿ ਮਨਿ ਬੁਧੀ ਦੇ ਸੁਮੇਲ ਕਰਨ ਦੀ ਤਾਕੀਦ ਕਰਦੇ ਹਨ। 240 ਸਾਲਾਂ ਦੇ ਲਗਾਤਾਰ ਯਤਨਾਂ ਤੋਂ ਬਾਅਦ ਗੁਰੂ ਸਾਹਿਬ ਖਾਲਸਾ ਪੰਥ ਰੂਪ ਵਿੱਚ ਜਾਤ, ਕੁਲ, ਨਸਲ ਦੇ ਭੇਦਾਂ ਤੋਂ ਵਿਹੀਨ ਇਕ ਐਸੀ ਕੌਮ ਦੀ ਸਿਰਜਣਾ ਕਰਦੇ ਹਨ ਜਿਸ ਦਾ ਹਰੇਕ ਭਾਗੀਦਾਰ ਕਾਦਰ ਦੀ ਰਚਨਾ ਦਾ ਅਦਭੁਤ ਕਰਿਸ਼ਮਾ ਸੀ ਅਤੇ ਐਸੇ ਵਿਅਕਤੀਆਂ ਦੇ ਸਮੂਹ ਨੇ ਇਕ ਐਸੇ ਸਮਾਜ ਦਾ ਨਿਰਮਾਣ ਕੀਤਾ ਜਿਨ੍ਹਾਂ ਵਿੱਚ ਭਾਵਨਾਵਾਂ, ਇੱਛਾਵਾਂ ਅਤੇ ਵਿਚਾਰਾਂ ਦਾ ਸੁਮੇਲ ਸੀ ਅਤੇ ਸਮਾਜਿਕ ਪੱਧਰ ਤੇ ਇਸ ਕੌਮ ਨੇ ਹਰੇਕ ਅੰਧ ਵਿਸ਼ਵਾਸ਼, ਵਖਰੇਵੇਂ, ਮਾਨਸਿਕ ਪਛੜੇਵੇਂ ਅਤੇ ਸ਼ੋਸ਼ਣ ਨੂੰ ਕੋਈ ਜਗ੍ਹਾ ਨਹੀ ਦਿੱਤੀ।

ਇਸ ਤਰ੍ਹਾਂ ਸਿੱਖ ਸਮਾਜ ਦੁਨੀਆਂ ਲਈ ਆਪਸੀ ਪਿਆਰ ਅਤੇ ਸਦਭਾਵਨਾ ਦਾ ਮੁਜੱਸਮਾ ਬਣ ਕੇ ਨਿਤਰਿਆ ਹੈ। ਅਧਿਆਤਮਕ, ਨੈਤਿਕ ਅਤੇ ਸਮਾਜਿਕ ਪੱਧਰ ਤੇ ਵਿਹਾਰ ਵਿੱਚ ਉਤਾਰੀ ਹੋਈ ਸਦਭਾਵਨਾ ਦੇ ਨਤੀਜੇ ਵਜੋਂ ਸਿੱਖ ਸਮਾਜ ਨੇ ਦੁਨੀਆਂ ਵਿੱਚ ਆਪਣੀ ਵਖਰੀ ਹੋਂਦ ਕਾਇਮ ਕੀਤੀ ਹੈ। ਭਾਰਤ ਦੇ ਇਤਿਹਾਸ ਵਿੱਚ ਖਾਲਸਾ ਰਾਜ ਦੀ ਬਣਤਰ ਅਤੇ ਪ੍ਰਾਪਤੀਆਂ ਇਸੇ ਸਮਾਜਿਕ ਸਦਭਾਵਨਾ ਦਾ ਆਧਾਰ ਉੱਪਰ ਉਸਰੀਆਂ ਹੋਈਆਂ ਐਸੀਆਂ ਵਿਲੱਖਣ ਉਦਾਹਰਨਾਂ ਹਨ ਕਿ ਜਿਸ ਤੋਂ ਸੇਧ ਲੈ ਕੇ ਪੂਰਾ ਵਿਸ਼ਵ ਹਰੇਕ ਕਿਸਮ ਦੇ ਰੰਗ, ਨਸਲ, ਜਾਤ ਦੇ ਭੇਦਭਾਵਾਂ ਨੂੰ ਮਿਟਾ ਕੇ ਇਕ ਸਮੁੱਚ ਦੇ ਰੂਪ ਵਿੱਚ ਕਾਰਜਸ਼ੀਲ ਹੋ ਸਕਦਾ ਹੈ।

## 2.8 ਸਹਾਇਕ ਪੁਸਤਕ ਸੂਚੀ

ਡਾ. ਪਰਮਵੀਰ ਸਿੰਘ (2014) ਸਿੱਖਅਧਿਐਨ, ਗ੍ਰੇਸ਼ੀਅਸ਼ ਪਬਲੀਕੇਸ਼ਨ, ਪਟਿਆਲਾ।

ਡਾ. ਗੁਰਮੀਤ ਸਿੰਘ ਸਿੱਧੂ (2015) ਸਿੱਖੀ ਅਤੇ ਸਿੱਖਾਂ ਦਾ ਭਵਿੱਖ, ਸਿੰਘ ਬ੍ਰਦਰਜ਼।

ਜੋਧ ਸਿੰਘ, ਭਾਈ (1982) ਗੁਰੂ ਨਾਨਕ ਅਤੇ ਭਾਰਤੀ ਦਰਸ਼ਨ, ਪੰਜਾਬੀ ਯੂਨੀਵਰਸਿਟੀ, ਪਟਿਆਲਾ।

Ganda Singh (1988) 'The History and Culture of Punjab the Ages' in History and Culture of Punjab

Hick Johan (1994) Problems of Religious Pluralism. London

## 2.9 ਅਭਿਆਸ ਲਈ ਪ੍ਰਸ਼ਨ

1. ਸਿੱਖ ਧਰਮ ਦੀ ਉੱਤਪਤੀ ਤੋਂ ਪਹਿਲਾਂ ਭਾਰਤੀ ਸਮਾਜ ਦੀ ਦਸ਼ਾ ਦਾ ਵਰਣਨ ਕਰੋ?

2. ਨਸਲੀ ਅਤੇ ਜਾਤ-ਪਾਤ ਆਧਾਰਿਤ ਭਾਰਤੀ ਸਮਾਜ ਦੀ ਬਣਤਰ ਬਾਰੇ ਕੀ ਜਾਣਦੇ ਹੋ?
3. ਸਿੱਖ ਗੁਰੂ ਸਾਹਿਬਾਨਾਂ ਦਾ ਸਮਾਜਿਕ ਸਦਭਾਵਨਾ ਦੀ ਮਜ਼ਬੂਤੀ ਲਈ ਕੀਤੇ ਸੰਗਠਨਾਂ ਦਾ ਵਰਣਨ ਕਰੋ?
4. ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਸੰਪਾਦਨਾ ਬਾਰੇ ਕੀ ਜਾਣਦੇ ਹੋ?
5. 'ਸਿੱਖ ਧਰਮ ਗ੍ਰੰਥ ਵਿੱਚ ਵਿਸ਼ਵ ਪੱਧਰੀ ਚਿੰਤਨ ਰੂਪਮਾਨ ਹੈ' ਟਿੱਪਣੀ ਕਰੋ।

## PROGRAMME: CERTIFICATE COURSE ON VALUES AND LEARNING OF SIKHISM

**COURSE: EQUALITY AND WELFARE**
**SEMESTER-I**

---

**UNIT III - GENDER EQUALITY**

---

**STRUCTURE**

3.0 ਉਦੇਸ਼

3.1 ਭੂਮਿਕਾ

3.2 ਸਿੱਖ ਧਰਮ ਤੋਂ ਪਹਿਲਾਂ ਸਮਾਜਿਕ ਸਥਿਤੀ

3.3 ਸਿੱਖ ਧਰਮ ਵਿਚ ਨਰ ਨਾਰੀ ਸਮਾਨਤਾ: ਸਿਧਾਂਤ ਅਤੇ ਵਿਹਾਰ

3.4 ਅਜੋਕੇ ਸਮਾਜ ਵਿਚ ਇਸਤਰੀ ਪ੍ਰਤੀ ਦ੍ਰਿਸ਼ਟੀਕੋਣ

3.5 ਸਿੱਟਾ

3.6 ਸਹਾਇਕ ਪੁਸਤਕ ਸੂਚੀ

3.7 ਅਭਿਆਸ ਲਈ ਪ੍ਰਸ਼ਨ

## 3.0 ਉਦੇਸ਼-

ਇਸ ਪਾਠ ਵਿੱਚ ਵਿਦਿਆਰਥੀਆਂ ਨੂੰ ਕੁਦਰਤੀ ਤੌਰ ਤੇ ਵੱਖ-ਵੱਖ ਕਿਸਮ ਦੀਆਂ ਮਾਨਵੀ ਸਿਰਜਣਾਵਾਂ ਨਰ ਅਤੇ ਨਾਰੀ ਦੇ ਭੇਦਾਂ ਅਤੇ ਇਕ ਦੂਜੇ ਬਿਨ੍ਹਾਂ ਅਪੂਰਣਤਾ ਦੇ ਸਿਧਾਂਤਾ ਨੂੰ ਸਿੱਖ ਦਰਸ਼ਨ ਦੇ ਅਨੁਸਾਰ ਸਮਝਾਉਣ ਦਾ ਯਤਨ ਕੀਤਾ ਜਾ ਰਿਹਾ ਹੈ। ਸਿੱਖ ਧਰਮ ਦੇ ਮੋਢੀ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਪੁਰਾਤਨ ਸੋਚਾਂ ਅਤੇ ਰੀਤਾਂ ਰਿਵਾਜਾਂ ਵਿਚੋਂ ਕੱਢ ਕੇ ਸਮਾਜ ਨੂੰ ਉਸਾਰੂ ਲੀਹਾਂ ਉੱਪਰ ਲੈ ਜਾਣ ਲਈ ਇਸਤਰੀ ਜਾਤੀ ਵਲੋਂ ਪਾਏ ਜਾ ਸਕਣ ਵਾਲੇ ਯੋਗਦਾਨ ਦੀ ਭਰਪੂਰ ਸ਼ਲਾਘਾ ਕੀਤੀ ਹੈ। ਨਾਰੀ ਦੀ ਪਹਿਚਾਣ ਨੂੰ ਸਮਝਣਾ ਅਤੇ ਇਸਦੇ ਇਨਸਾਨੀ ਉਚ ਗੁਣਾਂ ਪ੍ਰਤੀ ਸਿੱਖ ਸਮਾਜ ਦਾ ਨਜ਼ਰੀਆਂ ਸਪੱਸ਼ਟ ਕਰਨਾ ਇਸ ਪਾਠ ਦਾ ਉਦੇਸ਼ ਹੈ।

## 3.1 ਜਾਣ ਪਛਾਣ

ਮਨੁੱਖਤਾ ਕੁਦਰਤੀ ਤੌਰ ਤੇ ਜਿਨਸੀ ਪੱਧਰ ਉਪਰ ਦੋ ਹਿੱਸਿਆਂ ਵਿਚ ਵੰਡੀ ਹੋਈ ਹੈ। ਅਕਾਲ ਪੁਰਖ ਨੇ ਸਮੁੱਚੀ ਪ੍ਰਕ੍ਰਿਤੀ ਵਿਚ ਨਰ ਅਤੇ ਮਾਦਾ ਅਰਥਾਤ ਪੁਰਖ ਅਤੇ ਇਸਤਰਬ ਦਾ ਅਨਿੱਖੜ ਰਿਸ਼ਤਾ ਸਥਾਪਤ ਕੀਤਾ ਹੋਇਆ ਹੈ। ਜਿਸ ਤੋਂ ਬਿਨ੍ਹਾਂ ਸ੍ਰਿਸ਼ਟੀ ਦੀ ਹੋਂਦ ਸੰਭਵ ਨਹੀਂ ਹੋ ਸਕਦੀ ਹਾਲਾਂਕਿ ਉਹਨਾਂ ਦੋਹਨਾਂ ਸ਼ਕਤੀਆਂ ਦੇ ਕਾਰਜ ਪ੍ਰਕਾਰਜਾਂ ਵਿਚ ਕੁਝ ਭਿੰਨਤਾਵਾਂ ਹਨ ਜੋ ਕਿ ਬੇਹੱਦ ਜ਼ਰੂਰੀ ਵੀ ਹਨ।

ਭਾਰਤੀ ਸਮਾਜਿਕ, ਧਾਰਮਿਕ, ਰਾਜਨੀਤਿਕ ਸੰਸਥਾਵਾਂ ਵਿਚ ਇਕ ਸਮਾਜਿਕ ਵਰਗ ਦੀ ਚੜ੍ਹਤ ਹਮੇਸ਼ਾ ਕਾਇਮ ਰਹੀ ਹੈ। ਜਿਸ ਅਨੁਸਾਰ ਇਸਤਰੀ ਨੂੰ ਨੀਵੇਂ ਪੱਧਰ ਤੇ ਰੱਖਿਆ ਗਿਆ ਹੈ। ਦੁਨੀਆਂ ਵਿਚ ਜਿਥੇ ਵੀ ਕਿਤੇ ਪਿਤਾ-ਪੁਰਖੀ ਸਮਾਜ ਹਨ ਉਥੇ ਨਰ ਨੂੰ ਨਾਰੀ ਨਾਲੋਂ ਵਧੇਰੇ ਸ਼ਕਤੀਆਂ ਦਾ ਮਾਲਕ ਬਣਾਇਆ ਗਿਆ ਹੈ। ਅਜਿਹੇ ਸਮਾਜਾਂ ਵਿਚ ਮਰਦ ਆਪਣੀ ਮਰਜੀ ਮੁਤਾਬਿਕ ਆਪਣੇ ਹਿੱਤਾਂ ਦਾ ਪੱਖ ਪੂਰਦੇ ਹੋਏ ਸਮਾਜਿਕ ਰਿਸ਼ਤਿਆਂ ਅਤੇ ਸੰਸਥਾਵਾਂ ਦੀ ਸਿਰਜਣਾ ਕਰ ਲੈਂਦੇ ਹਨ ਅਤੇ ਜੀਵਨ ਵਿਚ ਬਰਾਬਰ ਦੀ ਸ਼ਮੂਲੀਅਤ ਦੀ ਅਧਿਕਾਰੀ ਨਾਰੀ ਨੂੰ ਹਰੇਕ ਫੈਸਲਾ ਲੈਣ ਲਈ ਮਰਦ ਸਮਾਜ ਉੱਪਰ ਨਿਰਭਰ ਰੱਖਦੇ ਹਨ। ਮਰਦ ਪ੍ਰਧਾਨ ਸਮਾਜਾਂ ਵਿਚ ਆਮ ਬੋਲ ਚਾਲ ਦੀ ਭਾਸ਼ਾ ਵੀ ਮਰਦ ਨੂੰ ਮਿਲੀ ਸ਼ਕਤੀ ਅਨੁਸਾਰ ਘੜ ਕੇ, ਇਸਤਰੀ ਨੂੰ 'ਅਬਲਾ' ਆਦਿ ਸ਼ਬਦਾਂ ਨਾਲ ਸੰਬੋਧਨ ਕੀਤਾ ਜਾਂਦਾ ਰਿਹਾ ਹੈ।

ਸਿੱਖ ਧਰਮ ਦੀ ਸਥਾਪਨਾ ਤਕ ਸਮਾਜ ਵਿਚ ਨਰ ਨੇ ਧਰਮ ਦਾ ਸਹਾਰਾ ਲੈ ਕੇ ਆਪਣੀ ਸਥਿਤੀ ਨੂੰ ਮਜ਼ਬੂਤ ਬਣਾਇਆ ਹੋਇਆ ਸੀ। ਧਾਰਮਿਕ ਸਾਹਿਤ ਵਿਚ ਨਾਰੀ ਨੂੰ ਸਮਾਜਿਕ ਪੱਧਰ ਤੇ ਪਾਈਆਂ ਵੰਡੀਆਂ ਅਨੁਸਾਰ ਸਭ ਤੋਂ ਨੀਵੇਂ ਦਰਜੇ ਦੇ ਸ਼ੂਦਰ ਵਰਗ ਦੇ ਸਮਾਨ ਮੰਨਿਆ ਜਾਂਦਾ ਸੀ। ਇੱਥੋਂ ਤੱਕ ਕਿ ਭਗਤ ਛੱਜੂ ਵਰਗਿਆਂ ਨੇ ਲਿਖਿਆ ਸੀ ਕਿ-

ਕਾਗਦ ਸੰਦੀ ਪੂਤਲੀ ਤਊ ਨ ਤ੍ਰਿਆ ਨਿਹਾਰ

ਯੋਹੀ ਮਾਰ ਲਿਜਾਵਹੀ ਯਥਾ ਬਲੋਚਲ ਧਾੜ।।

ਅਰਥਾਤ ਕਾਗਜ਼ ਦੀ ਬਣੀ ਹੋਈ ਖਿਡੌਣਾ ਰੂਪੀ ਇਸਤਰੀ ਵੀ ਖਤਰਨਾਕ ਹੈ। ਇਥੋ ਤੱਕ ਕਿ ਇਸਤਰੀ ਨੂੰ ਪਸ਼ੂ, ਸ਼ੂਦਰ, ਢੋਲ ਅਤੇ ਗਵਾਰ ਨਾਲ ਤੁਲਨਾ ਕਰਦੇ ਹੋਏ ਝਾੜ ਝੰਬ ਕਰਦੇ ਰਹਿਣ ਦੀ ਤਾਕੀਦ ਕੀਤੀ ਗਈ ਸੀ-

ਢੋਲ, ਗਵਾਰ, ਸ਼ੂਦਰ, ਪਸ਼ੂ, ਨਾਰੀ, ਸਕਲ ਤਾੜਨਾ ਕੇ ਅਧਿਕਾਰੀ।।

ਐਸੇ ਸਮੇਂ ਵਿਚ ਸਿੱਖ ਧਰਮ ਦੇ ਸੰਸਥਾਪਕ ਸਤਿਗੁਰੂ ਨਾਨਕ ਦੇਵ ਜੀ ਨੇ ਨਵੇਂ ਜੀਵਨ ਜਾਂਚ ਦੀ ਜ਼ਰੂਰਤ ਮਹਿਸੂਸ ਕੀਤੀ। ਉਹਨਾਂ ਨੇ ਧਰਮ ਦੀ ਨਵੀਨ ਵਿਆਖਿਆ ਨਾਲ ਜਿਸ ਸਮਾਜ ਦੀ ਬੁਨਿਆਦ ਰੱਖੀ ਉਸ ਵਿਚ ਸਰਬ ਸਾਂਝੇ ਧਰਮ ਦਾ ਉਪਦੇਸ਼ ਦਿੱਤਾ। ਆਪ ਨੇ ਸਭ ਨੂੰ ਆਜਾਦ ਜੀਵਨ ਜੀਉਣ ਦੀ ਪ੍ਰੇਰਣਾ ਦਿੱਤੀ ਅਤੇ ਮਨੁੱਖਤਾ ਨੂੰ ਇਹ ਭੇਦ ਸਮਝਾਇਆ ਕਿ ਪਰਮਾਤਮਾ ਇਕ ਹੈ ਅਤੇ ਸਚ ਸਰੂਪ ਹੈ ਜੋ ਕਿ ਨਰ ਅਤੇ ਨਾਰੀ ਦੀ ਵੰਡ ਤੋਂ ਪਾਰ ਦੋਵਾਂ ਗੁਣਾਂ ਦਾ ਮਾਲਕ ਹੈ। ਸਰਬ ਗੁਣ ਸੰਪੰਨ ਪਰਮਾਤਮਾ ਸਮਾਜ ਨੂੰ ਹਰੇਕ ਪ੍ਰਕਾਰ ਦੀਆਂ ਵੰਡੀਆਂ ਤੋਂ ਪਾਰ ਜਾ ਕੇ ਨਿਵਾਜ਼ ਰਿਹਾ ਹੈ। ਸੋ ਨਰ ਅਤੇ ਨਾਰੀ ਦੋਵੇਂ ਹੀ ਪਰਮਾਤਮਾ ਦੀ ਨਦਰ ਦੇ ਪਾਤਰ ਹਨ।

### 3.2 **ਸਿੱਖ ਧਰਮ ਤੋਂ ਪਹਿਲਾਂ ਸਮਾਜਿਕ ਸਥਿਤੀ-**

ਪੁਰਾਤਨ ਭਾਰਤੀ ਸਮਾਜ ਦੇ ਮੁਕਾਬਲੇ ਅਜੋਕੇ ਸਮੇਂ ਵਿਚ ਭਾਵੇਂ ਨਾਰੀ ਅਧਿਐਨ ਨੇ ਨਾਰੀ ਦੀ ਪਛਾਣ ਨੂੰ ਲੈ ਕੇ ਕੁਝ ਨੁਕਤੇ ਸਾਹਮਣੇ ਲਿਆਂਦੇ ਹਨ ਪਰੰਤੂ ਨਾਰੀ ਪ੍ਰਤੀ ਪੱਖਪਾਤੀ ਦ੍ਰਿਸ਼ਟੀਕੋਣ ਦੀਆਂ ਜੜ੍ਹਾਂ ਵਿਚ ਪਈ ਮਾਨਸਿਕਤਾ ਅਜੇ ਵੀ ਨਾਰੀ ਦੀ ਸਮਾਜਿਕ ਦਸ਼ਾ ਸੁਧਾਰਨ ਤੋਂ ਪਿਛੜੀ ਹੋਈ ਹੈ। ਇਸ ਦੇ ਲਈ ਜ਼ਰੂਰੀ ਹੈ ਕਿ ਅਸੀਂ ਦੁਨੀਆਂ ਦੇ ਧਾਰਮਿਕ ਅਤੇ ਸਮਾਜਿਕ ਭਾਣੇ ਬਾਣੇ ਵਿਚ ਇਸ ਨਾ ਬਰਾਬਰੀ ਦੀਆਂ ਜੜਾਂ ਲੱਭਣ ਦਾ ਯਤਨ ਕਰੀਏ।

ਇਤਿਹਾਸਕ ਤੱਥਾਂ ਤੇ ਸਰਸਰੀ ਨਿਗਾਹ ਵੀ ਮਾਰੀਏ ਤਾਂ ਪਤਾ ਲੱਗਦਾ ਹੈ ਕਿ ਭਾਰਤ ਵਿਚ ਨਾਰੀ ਦੀ ਸਥਿਤੀ ਕਾਫੀ ਬਦਤਰ ਰਹੀ ਹੈ। ਹਿੰਦੂ ਵਰਣ ਵਿਵਸਥਾ ਰਾਹੀ ਸਮਾਜ ਨੂੰ ਚਾਰ ਵਰਗਾਂ ਬ੍ਰਾਹਮਣ, ਖੱਤਰੀ, ਵੈਸ਼ ਅਤੇ ਸ਼ੂਦਰ ਵਿਚ ਵੰਡਿਆ ਗਿਆ ਸੀ ਅਤੇ ਇਸ ਵੰਡ ਨੂੰ ਮਜ਼ਬੂਤੀ ਦੇਣ ਲਈ ਇਸ ਦਾ ਆਧਾਰ ਧਰਮ ਬਣਾਇਆ ਗਿਆ ਸੀ। ਧਰਮ ਦੀ ਵਿਆਖਿਆ ਸਮਾਜ ਦਾ ਸਭ ਤੋਂ ਉਪਰਲਾ ਵਰਗ ਬ੍ਰਾਹਮਣ ਕਰਦਾ ਸੀ। ਇਸ ਲਈ ਉਸਨੇ ਇਸ ਵੰਡ ਨੂੰ ਆਪਣੇ ਹਿਤਾ ਲਈ ਵਰਤਿਆ। ਇਸ ਵੰਡ ਮੁਤਾਬਿਕ ਬ੍ਰਾਹਮਣ ਸਭ ਤੋਂ ਸ੍ਰੇਸ਼ਟ ਅਤੇ ਸ਼ੂਦਰ ਸਭ ਤੋਂ ਨੀਚਲੇ ਦਰਜੇ ਉਪਰ ਸੀ ਅਤੇ ਹੇਠਲੇ ਵਰਗ ਨਾਲ ਅਣਮਨੁੱਖੀ ਵਤੀਰਾ ਕੀਤਾ ਜਾਂਦਾ ਸੀ। ਸਮਾਜਿਕ ਵੰਡੀ ਨੇ ਇਸਤਰੀ ਨੂੰ ਵੀ ਸ਼ੂਦਰ ਦੇ ਬਰਾਬਰ ਰੱਖਿਆ ਸੀ। ਅਧਿਆਤਮਕ ਗਿਆਨ ਤੋਂ ਇਸ ਵਰਗ ਨੂੰ ਕੋਹਾਂ ਦੂਰ ਰੱਖਿਆ ਜਾਂਦਾ ਸੀ ਅਤੇ ਇਸਤਰੀ ਨੂੰ ਅਧਿਆਤਮਕ ਗਿਆਨ ਦੇ ਨਾ-ਕਾਬਲ ਵੀ ਸਮਝਿਆ ਜਾਂਦਾ ਸੀ। ਸਮਾਜ ਵਿਚ ਇਸਤਰੀ ਦੀ ਸਥਿਤੀ ਨੀਵੀਂ ਸਾਬਿਤ ਕਰਨ ਲਈ ਕਈ ਗ੍ਰੰਥਾਂ ਵਿਚ ਤਾਂ ਇਥੋਂ ਤੱਕ ਲਿਖ ਦਿਤਾ ਗਿਆ ਹੈ ਕਿ ਇਸਤਰੀ ਨੂੰ ਕਿਸੇ ਵੀ ਮਰਦ ਕੋਲੋਂ ਕਦੀ ਸੰਤੁਸ਼ਟੀ ਨਹੀਂ ਹੋ ਸਕਦੀ। ਅਜਿਹਾ ਵੀ ਕਿਹਾ ਗਿਆ ਕਿ ਇਸਤਰੀਆਂ ਦੇ

ਮੂੰਹ ਫੁੱਲਾਂ ਵਰਗੇ ਸ਼ਹਿਦ ਦੇ ਬੂੰਦਾਂ ਵਰਗੇ ਪਰ ਦਿਲ ਤਲਵਾਰ ਦੀ ਧਾਰ ਵਾਂਗ ਤਿੱਖੇ ਹੁੰਦੇ ਹਨ। ਅਜਿਹੇ ਕਥਨ ਸ਼ਰਮਨਾਕ ਹਨ।

ਪ੍ਰਸਿੱਧ ਵਿਦਵਾਨ ਅਤੇ ਅਰਥ ਸ਼ਾਸ਼ਤਰੀ ਚਾਣਕਿਆ ਨੇ ਆਪਣੀ ਰਚਨਾ ਵਿਚ ਇਸਤਰੀ ਬਾਰੇ ਲਿਖਦੇ ਹਨ ਕਿ- 'ਸੁਭਾਵਿਕ ਤੌਰ ਤੇ ਸੱਚੀ ਗੱਲ ਛੁਪਾਉਣਾ, ਬਿਨਾਂ ਵਿਚਾਰ ਕੀਤੇ ਕੋਈ ਫੈਸਲਾ ਕਰਨਾ, ਲਾਲਚੀ ਅਤੇ ਮੂਰਖ ਹੋਣਾ, ਨਿਰਦਈ ਹੋਣਾ' ਆਦਿ ਇਸਤਰੀ ਦੇ ਗੁਣ ਹਨ। ਇਸ ਦੇ ਸੁਭਾਅ ਵਿਚੋਂ ਇਹਨਾਂ ਵਿਚੋਂ ਕੋਈ ਨਾ ਕੋਈ ਆਦਤ ਜ਼ਰੂਰ ਹੁੰਦੀ ਹੈ। ਇਸਤੋਂ ਇਲਾਵਾ ਉਸਨੇ ਲਿਖਿਆ ਕਿ ਇਸਤਰੀਆਂ ਮਰਦਾਂ ਦੇ ਮੁਕਾਬਲੇ ਜਿਆਦਾ ਭੋਜਨ ਖਾਣ ਵਾਲੀਆਂ, ਦੋ ਗੁਣੀਆਂ ਸ਼ਰਮੀਲੀਆਂ ਆਦਿ ਹੁੰਦੀਆਂ ਹਨ ਅਤੇ ਇਸਦੇ ਮੁਕਾਬਲੇ ਮਰਦ ਸੰਪੂਰਨ ਹੁੰਦੇ ਹਨ। ਮਨੂਸਮ੍ਰਿਤੀ ਅਨੁਸਾਰ ਇਸਤਰੀ ਸਦਾ ਮਰਦ ਦਾ ਸਹਾਰਾ ਲੱਭਦੀ ਹੈ। ਬਚਪਨ ਵਿਚ ਪਿਤਾ, ਜੁਆਨੀ ਵਿਚ ਪਤੀ ਅਤੇ ਬੁਢਾਪੇ ਵਿਚ ਪੁੱਤਰ ਜ਼ਰੂਰ ਚਾਹੀਦਾ ਹੁੰਦਾ ਹੈ। ਇਸ ਤੋਂ ਬਿਨ੍ਹਾਂ ਉਹ ਅਧੂਰੀ ਹੈ।

ਇਸਲਾਮ ਵਿਚ ਵੀ ਇਸਤਰੀ ਨੂੰ ਪਰਦੇ ਵਿਚ ਰਹਿਣ ਦਾ ਆਦੇਸ਼ ਸੀ। ਇਥੇ ਵੀ ਔਰਤ ਨੂੰ ਮਰਦ ਤੇ ਨੀਵਾਂ ਸਮਝਿਆ ਜਾਂਦਾ ਸੀ। ਪਰਿਵਾਰ ਅਤੇ ਸਮਾਜ ਵਿਚ ਉਸ ਦੀ ਹੋਂਦ ਦਾ ਕੋਈ ਖਾਸ ਸਤਿਕਾਰ ਨਹੀਂ ਸੀ। ਕੁਰਾਨ ਇਸਲਾਮ ਦੀ ਸ਼ਰੀਅਤ ਦਾ ਗ੍ਰੰਥ ਹੈ। ਜਿਸ ਵਿਚ ਨਰ-ਨਾਰੀ ਸੰਬੰਧਾਂ ਬਾਰੇ ਕਾਫੀ ਚਰਚਾ ਮਿਲਦੀ ਹੈ। ਮੁਹੰਮਦ ਸਾਹਿਬ ਨੇ ਤਤਕਾਲੀ ਸਮਾਜਾਂ ਵਿਚ ਇਸਤਰੀ ਦੀ ਤਰਸਯੋਗ ਹਾਲਾਤ ਉਪਰ ਕਾਫੀ ਚਿੰਤਾ ਪ੍ਰਗਟ ਕੀਤੀ ਹੈ ਅਤੇ ਅਰਬਾਂ ਨੂੰ ਇਸ ਪ੍ਰਤੀ ਸੰਵੇਦਨਸ਼ੀਲ ਹੋਣ ਲਈ ਵੀ ਪ੍ਰੇਰਿਆ ਪਰੰਤੂ ਕਿਸੇ ਕਿਸੇ ਜਗ੍ਹਾ ਨੇ ਆਧੁਨਿਕ ਚਿੰਤਕਾਂ ਨੇ ਇਸ ਪ੍ਰਤੀ ਖਦਸ਼ੇ ਵੀ ਜਤਾਏ ਹਨ ਜਿਵੇ ਸੂਰਾ-ਅਲ-ਬਕਰਹ ਵਿਚ ਇਕ ਜਗ੍ਹਾ ਜਿਕਰ ਹੈ ਕਿ ਜੇਕਰ ਕਿਤੇ ਗਵਾਹੀ ਦੀ ਲੋੜ ਪਵੇ ਤਾਂ ਦੋਪਰ ਵਿਚੋਂ ਦੋ ਮਰਦਾਂ ਦੀ ਪਵਾਉ ਜੇਕਰ ਮਰਦ ਨਹੀਂ ਤਾਂ ਇਕ ਮਰਦ ਦੀ ਥਾਂ ਤੇ ਦੋ ਔਰਤਾਂ ਦੀ ਗਵਾਹੀ ਪਵਾਉ ਤਾਂ ਕਿ ਜੇਕਰ ਇਕ ਭੁੱਲ ਜਾਵੇ ਤਾਂ ਦੂਜੀ ਨੂੰ ਯਾਦ ਰਹੇ। ਇਸਤੋਂ ਕੀ ਜਾਹਰ ਹੋ ਸਕਦਾ ਹੈ?

ਇਸਲਾਮ ਵਿਚ ਬਹੁ ਵਿਆਹ ਦੀ ਪ੍ਰਥਾ ਵੀ ਪ੍ਰਚਲਿਤ ਹੈ। ਮੁਹੰਮਦ ਸਾਹਿਬ ਦੇ ਵੀ ਕਈ ਵਿਆਹਾਂ ਦਾ ਜਿਕਰ ਆਉਂਦਾ ਹੈ। ਚਾਰ ਵਿਆਹ ਤਾਂ ਹਰੇਕ ਲਈ ਜਾਇਜ਼ ਹਨ। ਬਸ਼ਰਤੇ ਕਿ ਸਭ ਨਾਲ ਨਿਆਂ ਹੋਵੇ। ਇਹ ਇਸ ਲਈ ਕਿ ਜੇਕਰ ਯੁੱਧ ਵਰਗੇ ਹਾਲਾਤ ਹੋਣ ਤਾਂ ਸਮਾਜਿਕ ਸੁਰੱਖਿਆ ਪ੍ਰਦਾਨ ਕਰਨ ਲਈ ਮੁਸਲਮਾਨ ਇਕ ਤੋਂ ਵੱਧ ਵਿਆਹ ਕਰਵਾ ਸਕਦਾ ਹੈ। ਐਸੇ ਸਮਾਜ ਵਿਚ ਜਿਥੇ ਬਹੁ-ਵਿਆਹ ਪ੍ਰਚਲਿਤ ਹੋਵੇ ਨਾਰੀ ਦੇ ਆਤਮ ਸਨਮਾਨ ਦੀ ਸਥਿਤੀ ਕੀ ਹੋਵੇਗੀ। ਇਸ ਦਾ ਅੰਦਾਜਾ ਸਹਿਜੇ ਹੀ ਲਗਾਇਆ ਦਾ ਸਕਦਾ ਹੈ। ਬਾਈਬਲ ਵਿਚ ਆਦਮ ਤੇ ਹੱਵਾ ਦੀ ਕਥਾ ਅਨੁਸਾਰ ਆਦਮੀ ਨੂੰ ਰੱਬ ਨੇ ਆਪਣੇ ਵਰਗਾ ਬਣਾਇਆ ਅਤੇ ਉਸਦੀ ਇਕ ਪਸਲੀ ਤੋਂ ਇਸਤਰੀ ਦੀ ਰਚਨਾ ਕੀਤੀ ਭਾਵ ਇਸਤਰੀ ਦੀ ਸੁਤੰਤਰ ਹੋਂਦ ਸੰਭਵ ਨਹੀਂ ਹੈ। ਬੁੱਧ ਅਤੇ ਜੈਨ ਧਰਮ ਵਿਚ ਭਿਖਸ਼ੂਆਂ ਅਤੇ ਮੁਨੀਆਂ ਲਈ ਇਸਤਰੀ ਦਾ ਮੁਕੰਮਲ ਤਿਆਗ ਜ਼ਰੂਰੀ ਹੈ ਕਿਉਂਕਿ ਇਸਤਰੀ ਅਧਿਆਤਮ ਦੇ ਰਸਤੇ ਉਪਰ ਅੜਚਨਾਂ ਪੈਦਾ ਕਰਦੀ ਹੈ। ਜੈਨ ਧਰਮ ਦੀਆਂ ਦੋ ਪਰੰਪਰਾਵਾਂ ਵਿਚੋਂ ਦਿਗੰਬਰ ਮੰਨਦੇ ਹਨ ਇਸਤਰੀ ਦੇ ਜਨਮ ਵਿਚ ਮੋਕਸ਼ ਦੀ ਪ੍ਰਾਪਤੀ ਨਹੀਂ ਹੋ ਸਕਦੀ।

ਇਸੇ ਤਰ੍ਹਾਂ ਨਾਥ ਅਤੇ ਜੋਗੀ ਪ੍ਰੰਪਰਾਵਾਂ ਭਾਰਤ ਵਰਸ਼ ਵਿਚ ਨਾਰੀ ਪ੍ਰਤੀ ਨਫਰਤ ਅਤੇ ਵਿਤਕਰੇ ਨਾਲ ਵਿਹਾਰ ਕਰਦੀਆਂ ਸਨ। ਇਸਤਰੀ ਨੂੰ ਬਘਿਆੜੀ ਕਹਿ ਕੇ ਉਸਦਾ ਨਿਰਾਦਰ ਕੀਤਾ ਜਾਂਦਾ ਸੀ-

ਦਾਮ ਕਾਢ ਬਾਘਣਿ ਲੈ ਆਇਆ

ਮਾਉ ਕਹੈ ਮੈ ਪੂਤ ਵਿਆਹਿਆ।।

ਇਸ ਵਿਸ਼ਲੇਸ਼ਣ ਤੋਂ ਪਤਾ ਲਗਦਾ ਹੈ ਕਿ ਗੁਰੂ ਨਾਨਕ ਦੇਵ ਜੀ ਦੇ ਸਮੇਂ ਨਾਰੀ ਜਾਤੀ ਦੀ ਨਿਰਾਦਰ ਅਤੇ ਅਧੋਗਤੀ ਸਮਾਜ ਵਿਚ ਜੋਰਾਂ ਤੇ ਸੀ।

**3.3 ਸਿੱਖ ਧਰਮ ਵਿਚ ਨਰ-ਨਾਰੀ ਸਮਾਨਤਾ: ਸਿਧਾਂਤ ਅਤੇ ਵਿਹਾਰ-**

ਨਵੇਂ ਸਮਾਜਿਕ ਢਾਂਚੇ ਦੀ ਜ਼ਰੂਰਤ ਮਹਿਸੂਸ ਕਰਦਿਆਂ ਦੁਨੀਆਂ ਉਪਰ ਪਹਿਲੇ ਕ੍ਰਾਂਤੀਕਾਰੀ ਵਿਚਾਰਾਂ ਦੀਆਂ ਵਿਵਹਾਰਕ ਸੰਸਥਾਵਾਂ ਥਾਪਣ ਵਾਲੇ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਅਧਿਆਤਮ ਦੇ ਰਸਤੇ ਉਪਰ ਚਲਣ ਲਈ ਆਪਣੇ ਪੈਰੋਕਾਰਾਂ ਨੂੰ ਗ੍ਰਹਿਸਤ ਜੀਵਨ ਨੂੰ ਤਰਜੀਹ ਦੇਣ ਲਈ ਸੰਦੇਸ਼ ਦਿੱਤਾ। ਇਹ ਇਕ ਵਿਲੱਖਣ ਮਾਰਗ ਸੀ-

ਵਿਚੇ ਗ੍ਰਿਹਿ ਸਦਾ ਰਹੈ ਉਦਾਸੀ ਜਿਉ ਕਮਲ ਰਹੈ ਵਿਚਿ ਪਾਣੀ ਹੇ।

ਆਪ ਅਨੁਸਾਰ ਗ੍ਰਿਹਸਤ ਜੀਵਨ ਵਿਚ ਨਰ ਅਤੇ ਨਾਰੀ ਦੀ ਆਪਸੀ ਸਾਂਝ ਸਮਾਜ ਲਈ ਪ੍ਰਮੁਖ ਅਤੇ ਪਵਿੱਤਰ ਹੁੰਦੀ ਹੈ। ਸਮਾਜ ਵਿਚ ਗੁਰੂ ਸਾਹਿਬ ਦਾ ਇਹ ਵਿਹਾਰ ਨਵੀਂ ਜਿੰਦਗੀ ਲਈ ਇਕ ਖੁਸ਼ਗਵਾਰ ਮੋੜ ਸੀ। ਇਸ ਨਵੇਂ ਮਾਡਲ ਨੇ ਹਰੇਕ ਤਰ੍ਹਾਂ ਦੀ ਸਮਾਜਿਕ ਨਾ ਬਰਾਬਰੀ ਨੀਵੇਂ ਸਮਝੇ ਜਾਣ ਵਾਲੇ ਵਰਗਾਂ ਲਈ ਨਵਾਂ ਜੋਸ਼ ਅਤੇ ਜੀਵਨ ਲਈ ਉਤਸ਼ਾਹ ਪੈਦਾ ਕੀਤਾ। ਗੁਰੂ ਸਾਹਿਬਾਨਾਂ ਨੇ ਮਨੁੱਖੀ ਬਰਾਬਰੀ ਦੇ ਆਧਾਰ ਉਪਰ ਨਵਾਂ ਪੰਥ ਸਿਰਜਿਆ ਜੋ ਕਿ ਹਰ ਕਿਸਮ ਦੀ ਗੁਲਾਮੀ ਅਤੇ ਹੀਣਤਾ ਤੋਂ ਮੁਕਤ ਸੀ।

ਗੁਰੂ ਅਮਰਦਾਸ ਜੀ ਅਨੁਸਾਰ ਸਭ ਜੀਵ ਪਰਮਾਤਮਾ ਦੀ ਨਜ਼ਰ ਵਿਚ ਬਰਾਬਰ ਹਨ ਕਿਉਂਕਿ ਪੁਰਖ ਕੇਵਲ ਉਹ ਆਪ ਹੈ ਅਤੇ ਬਾਕੀ ਸਭ ਉਸ ਨੂੰ ਪ੍ਰੇਮ ਕਰਨ ਵਾਲੇ ਹਨ-

ਇਸ ਜਗ ਮਹਿ ਪੁਰਖ ਏਕ ਹੈ ਹੋਰ ਸਗਲੀ ਨਾਰਿ ਸਬਾਈ।।

ਗੁਰਮਤਿ ਅਨੁਸਾਰ ਪਰਮਾਤਮਾ ਸਭ ਦਾ ਸਿਰਜਕ ਹੈ ਅਤੇ ਨਾਰੀ ਸਮਾਜ ਦੀ ਸਿਰਜਕ ਹੈ। ਇਸ ਤਰ੍ਹਾਂ ਨਾਰੀ ਨੂੰ ਸਿਰਜਣਾ ਸ਼ਕਤੀ ਦੇ ਆਧਾਰ ਉਪਰ ਪਰਮਾਤਮਾ ਵਰਗਾ ਦਰਜਾ ਦਿਤਾ ਗਿਆ। ਸਾਰੇ ਗੁਰੂ ਸਾਹਿਬਾਨਾਂ ਨੇ ਨਾਰੀ ਦੇ ਪ੍ਰਤੀਕਾਂ ਰਾਹੀਂ ਪ੍ਰਭੂ ਦੀ ਭਗਤੀ ਕਰਨ ਦਾ ਰਸਤਾ ਚੁਣਿਆ। ਗੁਰਬਾਣੀ ਦੀ ਭਾਸ਼ਾ ਵੀ ਵਿਲੱਖਣ ਹੈ। ਜਦੋਂ ਗੁਰੂ ਸਾਹਿਬ ਨੇ ਸੁਚੱਜੀ ਅਤੇ ਕੁਚੱਜੀ ਅਖਰ ਵਰਤੇ ਤਾਂ ਉਸਦਾ ਮਤਲਬ ਕੁਚੱਜੀ-ਮਨਮੁਖ ਅਤੇ ਸੁਚਜੀ-ਗੁਰਮੁਖ ਹੈ।

ਸਮਾਜ ਨੂੰ ਵੰਡਣ ਵਾਲੇ ਫਲਸਫੇ ਦੀ ਜਗ੍ਹਾ ਗੁਰੂ ਚਿੰਤਨ ਨੇ ਨਵੀਂ ਸੇਧਾਂ ਦਿਤੀਆਂ ਜੋ ਰੱਬੀ ਮਾਰਗ ਦਰਸ਼ਨ ਬਣਿਆ। ਆਪ ਨੇ ਆਪਣੇ ਇਲਾਹੀ ਪ੍ਰਵਚਨਾਂ ਅਤੇ ਅਮਲੀ ਪੰਥ ਨਾਲ ਸਮਾਜ ਵਿਚ ਕੂੜ ਹੋ ਚੁਕੀਆਂ ਪਰੰਪਰਾਵਾਂ ਨੂੰ ਮੁੱਢੋ ਉਲਟਾ ਦਿਤਾ।

ਗੁਰੂ ਸਾਹਿਬਾਨਾਂ ਦੀ ਸਾਜੀ ਹੋਈ ਸੰਗਤ ਵਿਚ ਔਰਤਾਂ ਨੂੰ ਅਧਿਆਤਮਕਤਾ ਦੇ ਰਸਤੇ ਦਾ ਰੋੜਾ ਨਹੀਂ ਬਲਕਿ ਬਰਾਬਰ ਦੀ ਹਕਦਾਰ ਸਮਝਿਆ ਗਿਆ। ਨਾਮ ਸਿਮਰਨ ਅਤੇ ਸੇਵਾ ਕਰਦੀ ਹੋਈ ਨਾਰੀ, ਸੁਹਾਗਣ ਦਾ ਰੂਪ ਧਾਰਨ ਕਰਦੀ ਹੈ। ਬਲਕਿ ਆਪ ਨੇ ਦਰਸਾਇਆ ਕਿ ਅਮਰ ਪਦ ਪ੍ਰਾਪਤ ਕਰਨ ਲਈ ਮਨੁੱਖ ਨੂੰ ਆਪਣਾ ਆਪ ਗਵਾ ਕੇ ਸਮਰਪਨ ਦੀ ਭਾਵਨਾ ਵਿਚ ਆਉਣਾ ਪੈਦਾ ਹੈ ਜੋ ਕਿ ਨਾਰੀ ਦਾ ਕੁਦਰਤੀ ਗੁਣ ਹੈ। ਇਸ ਲਈ ਜੇਕਰ ਪ੍ਰਭੂ ਦੀ ਪ੍ਰਾਪਤੀ ਦਾ ਯਤਨ ਕਰਨਾ ਹੈ ਤਾਂ ਨਾਰੀ ਵਰਗੇ ਗੁਣਾਂ ਦੀ ਜ਼ਰੂਰਤ ਹੈ। ਗੁਰਬਾਣੀ ਵਿਚ ਸੁਹਾਗਣ ਪ੍ਰਮਾਤਮਾ ਪ੍ਰਤੀ ਸਮਰਪਨ ਦਾ ਪ੍ਰਤੀਕ ਹੈ ਨਾ ਕਿ ਨਰ ਨਾਰੀ ਦੀ ਭੇਦਤਾ ਦਾ ਅਹਿਸਾਸ। ਸੁਹਾਗਣ ਸੱਚੇ ਅਤੇ ਇਕ ਨਾਲ ਪ੍ਰੇਮ ਦੀ ਪ੍ਰਤੀਕ ਹੈ ਅਤੇ ਦੁਹਾਗਣ ਜਾਂ ਮਨਮੁਖ ਦਾ ਮਨ ਕਦੀ ਟਿਕਾਅ ਵਿਚ ਨਹੀਂ ਰਹਿੰਦਾ। ਦੋ ਮੂਰਤਾਂ ਦਾ ਇਕ ਹੋ ਜਾਣਾ ਪ੍ਰਮਾਤਮਾ ਦੇ ਮੇਲ ਨੂੰ ਦਰਸਾਉਂਦਾ ਹੈ।

ਗੁਰੂ ਨਾਨਕ ਦੇਵ ਜੀ ਨੇ ਨਾਰੀ ਰੂਪ ਵਿਚ ਕੁਚਜੀ ਦੇ ਪ੍ਰਤੀਕ ਰਾਹੀਂ ਅਰਦਾਸ ਕਰਦੇ ਹਨ ਕਿ ਪਰਮਾਤਮਾ ਵਿਚ ਸਭ ਗੁਣ ਹਨ ਅਤੇ ਮੇਰੇ (ਕੁਚਜੀ) ਵਿਚ ਔਗੁਣ ਹਨ ਅਤੇ ਜਿਹਨਾਂ ਨੇ ਤੇਰੇ (ਪ੍ਰਭੂ) ਨਾਲ ਪਿਆਰ ਪਾ ਕੇ ਤੇਰੇ ਗੁਣਾਂ ਨੂੰ ਪਾ ਲਿਆ। ਉਹ ਸੁਹਾਗਣਾਂ ਸੁਖ ਵਿਚ ਹਨ ਸੋ ਮੈਨੂੰ ਵੀ ਸੁਹਾਗਣ ਬਣਾਉ। ਇਥੇ ਕਈ ਵਾਰ ਸੀਮਤ ਬੁੱਧੀ ਵਾਲੇ ਗਲਤ ਅਰਥ ਕਢ ਲੈਂਦੇ ਹਨ ਕਿ ਜਿਵੇਂ ਗੁਰਬਾਣੀ ਦੀ ਸੁਰ ਮਰਦ ਨੂੰ ਉੱਚਾ ਅਤੇ ਇਸਤਰੀ ਨੂੰ ਨੀਵਾਂ ਦਿਖਾ ਰਹੀ ਹੈ ਜਦਕਿ ਇਹ ਬਿਲਕੁਲ ਸਹੀ ਨਹੀਂ ਹੈ। ਬਲਕਿ ਗੁਰਬਾਣੀ ਵਿਚ ਸਾਧਕ ਦੀ ਸ਼ਰਧਾ ਨੂੰ ਨਾਰੀਵਾਦੀ ਪ੍ਰਤੀਕਾਂ ਰਾਹੀਂ ਪੇਸ਼ ਕੀਤਾ ਗਿਆ ਹੈ ਮਤਲਬ ਗੁਰੂ ਸਾਹਿਬਾਨਾਂ ਦੀ ਨਜ਼ਰ ਵਿਚ ਨਾਰੀਵਾਦੀ ਗੁਣ ਹੋਣਾ ਮਹਾਨ ਹੈ। ਜਿਹੜਾ ਪਾਠਕ ਧਰਮ ਦੀ ਭਾਸ਼ਾ ਨਹੀਂ ਸਮਝਦਾ, ਉਹ ਗੁਰਬਾਣੀ ਦੇ ਸਹੀ ਅਰਥ ਨਹੀਂ ਸਮਝ ਸਕਦਾ। ਸਾਰੇ ਇਸਤਰੀਵਾਚਕ ਸੰਕਲਪ ਬੇਸ਼ਕ ਪੁਲਿੰਗ ਹਨ ਪਰ ਇਹ ਨਾਰੀ ਵਿਰੋਧੀ ਨਹੀਂ। ਗੁਰੂ ਸਿਧਾਂਤਾ ਦੀ ਸਮਝ ਲਈ ਇਸਦੇ ਵਿਆਖਿਆ ਸ਼ਾਸ਼ਤਰ ਦੀ ਸਮਝ ਹੋਣਾ ਜ਼ਰੂਰੀ ਹੈ ਅਤੇ ਪ੍ਰਤੀਕਾਂ ਦੀ ਵਿਆਖਿਆ ਉਂਝ ਹੀ ਹੋਣੀ ਚਾਹੀਦੀ ਹੈ ਜਿਸ ਰੂਪ ਵਿਚ ਇਹ ਵਰਤੇ ਗਏ ਹਨ। ਪਰਮਾਤਮਾ ਨਾਲ ਮਿਲਾਪ ਲਈ ਨਿਮਰਤਾ ਦਾ ਗੁਣ ਜ਼ਰੂਰੀ ਹੈ ਜੋ ਸਾਧਕ ਵਿਚ ਹੋਣਾ ਲਾਜ਼ਮੀ ਹੈ ਅਤੇ ਨਾਰੀ ਨਿਮਰਤਾ ਦਾ ਪ੍ਰਤੀਕ ਹੈ।

ਸਿੱਖ ਧਰਮ ਦੀ ਉੱਤਪਤੀ ਤੋਂ ਪਹਿਲਾਂ ਸਮਾਜ ਵਿਚ ਇਸਤਰੀ ਦੀ ਦਸ਼ਾ ਤਰਸਯੋਗ ਸੀ। ਇਸਦੇ ਕਈ ਉਦਾਹਰਣ ਮੌਜੂਦ ਹਨ- ਕਿਧਰੇ ਤਾਂ ਉਹ ਸਤੀ ਹੋ ਕੇ ਜ਼ਬਰਨ ਜਾਂ ਮਜ਼ਬੂਰੀਵਸ ਜਾਨ ਦੇ ਰਹੀ ਸੀ, ਕਿਤੇ ਦੇਵਦਾਸੀਆਂ ਦੇ ਰੂਪ ਵਿਚ ਪ੍ਰੋਹਤ ਸ੍ਰੇਣੀ ਦੇ ਸ਼ੋਸ਼ਣ ਸਹਿ ਰਹੀ ਸੀ ਅਤੇ ਕਿਤੇ ਰਾਜਿਆਂ ਦੀ ਨੀਤੀ ਅਤੇ ਨਿਮਾਤ ਦਾ ਨਿਸ਼ਾਨਾ ਬਣ ਰਹੀ ਸੀ ਅਤੇ ਕਿਤੇ ਵਿਦੇਸ਼ੀ ਹਮਲਾਵਰਾਂ ਹੱਥੋਂ ਉਸਦੀ ਬੇਪਤੀ ਹੋ ਰਹੀ ਸੀ। ਇਸਤੋਂ ਇਲਾਵਾ ਵੱਖ-ਵੱਖ ਧਾਰਮਿਕ ਡੇਰਿਆਂ ਜਾਂ ਮਠਾਂ ਆਦਿ ਵਿਚ ਵੀ ਉਹ ਤ੍ਰਿਸਕਾਰ ਅਤੇ ਸ਼ੋਸ਼ਣ ਸਹਿ ਰਹੀ ਸੀ, ਜਿਸਦਾ ਧਾਰਮਿਕ ਗ੍ਰੰਥਾਂ

ਦੇ ਆਧਾਰ ਤੇ ਸਾਹਿਤਕਾਰ ਲੋਕ ਪੁਸ਼ਟੀ ਕਰਦੇ ਸਨ। ਪੂਰਾ ਦੇਸ਼ ਗੁਲਾਮੀ ਦੀਆਂ ਜੰਜੀਰਾਂ ਵਿਚ ਜਕੜਿਆ ਹੋਇਆ ਸੀ। ਸਮਾਜਿਕ ਗਿਰਾਵਟ, ਧਾਰਮਿਕ ਨਿਘਾਰ ਅਤੇ ਆਰਥਿਕ ਕੰਗਾਲੀ ਦੇ ਨਾਲ-ਨਾਲ ਬੇਗੈਰਤ ਜ਼ਿਹਨੀਅਤ ਦਾ ਬੋਲਬਾਲਾ ਸੀ। ਐਸੇ ਸਮੇਂ ਵਿਚ ਗੁਰੂ ਨਾਨਕ ਦੇਵ ਜੀ ਨੇ ਨਾਰੀ ਦੇ ਉਥਾਨ ਅਤੇ ਗੌਰਵ ਨੂੰ ਬਹਾਲ ਕਰਨ ਲਈ ਆਪਣੀ ਆਵਾਜ਼ ਬੁਲੰਦ ਕੀਤੀ। ਗੁਰੂ ਸਾਹਿਬ ਦੀ ਇਹੀ ਵਡਿਆਈ ਹੈ ਉਹ ਮਨੁੱਖ ਦਾ ਸਰਵਪੱਖੀ ਵਿਕਾਸ ਲੋਚਦੇ ਸਨ। ਉਹਨਾਂ ਦੇ ਮਨ ਵਿਚ ਨਾਰੀ ਪ੍ਰਤੀ ਪੂਰਾ ਸਤਿਕਾਰ ਅਤੇ ਹਮਦਰਦੀ ਸੀ। ਉਹਨਾਂ ਨੂੰ ਆਪਣੇ ਜੀਵਨ ਵਿਚ ਮਾਤਾ ਤ੍ਰਿਪਤਾ ਜੀ ਅਤੇ ਭੈਣ ਬੇਬੇ ਨਾਨਕੀ ਵਲੋਂ ਭਰਪੂਰ ਪਿਆਰ ਮਿਲਿਆ ਜਿਸਦਾ ਆਪਜੀ ਦੀ ਜਿੰਦਗੀ ਵਿਚ ਖਾਸ ਸਥਾਨ ਹੈ। ਗੁਰੂ ਸਾਹਿਬ ਦਾ ਫੁਰਮਾਨ ਹੈ ਕਿ ਜਿਸ ਘਰ ਸਦਗੁਣ ਭਰਪੂਰ ਇਸਤਰੀ ਆਉਂਦੀ ਹੈ। ਉਥੇ ਸੁਖ, ਸ਼ਾਂਤੀ, ਖੁਸ਼ਹਾਲੀ ਅਤੇ ਸਵਰਗ ਹੋਵੇਗਾ। ਗੁਰੂ ਅਰਜਨ ਦੇਵ ਜੀ ਦਾ ਫੁਰਮਾਨ ਹੈ-

ਬਤੀਹ ਸੁਲਖਣੀ ਸਚ ਸੰਤਿਤ ਪੂਤ।

ਆਗਿਆਕਾਰੀ ਸੁਘੜ ਸਰੂਪ ਜਨ ਨਾਨਕ ਸੁਖੇ ਸੁਖ ਵਿਹਾਇ।। ਪੰਨਾ 371

ਪਹਿਲੇ ਪਾਤਸ਼ਾਹ ਦੇ ਹੁਕਮ ਅਨੁਸਾਰ ਗੁਰੂ ਅੰਗਦ ਦੇਵ ਜੀ ਨੇ ਲੰਗਰ ਦੀ ਸੇਵਾ ਮਾਤਾ ਖੀਵੀ ਜੀ ਨੂੰ ਸੌਂਪੀ ਜਿਹਨਾਂ ਦੀ ਸਿਫਤ ਵਿਚ ਭਾਈ ਸੱਤਾ ਬਲਵੰਡ ਜੀ ਲਿਖਦੇ ਹਨ-

ਬਲਵੰਡ ਖੀਵੀ ਨੇਕ ਜਨ ਜਿਸ ਬਹੁਤੀ ਛਾਉ ਪਤ੍ਰਾਲੀ।।

ਲੰਗਰਿ ਦਉਲਤਿ ਵੰਡੀਐ ਰਸ ਅੰਮ੍ਰਿਤ ਖੀਰਿ ਘਿਆਲੀ।।

ਸੋ ਅਸੀਂ ਗੁਰੂ ਇਤਿਹਾਸ ਤੋਂ ਵੇਖ ਸਕਦੇ ਹਾਂ ਕਿ ਨਾਰੀ ਦੀ ਅਹਿਮੀਅਤ ਬਰਕਰਾਰ ਕਰਨ ਲਈ ਗੁਰੂ ਸਾਹਿਬਾਨਾਂ ਨੇ ਆਪਣੇ-ਆਪਣੇ ਸਮੇਂ ਦੌਰਾਨ ਕਿਤਨੇ ਮਹੱਤਵਪੂਰਨ ਯਤਨ ਕੀਤੇ। ਤੀਜੇ ਪਾਤਸ਼ਾਹ ਦੇ ਕਾਲ ਦੌਰਾਨ ਇਸਤਰੀ ਦੀ ਬੇਕਦਰੀ ਅਤੇ ਉਸ ਪ੍ਰਤੀ ਦਰਿੰਦਗੀ ਦੀ ਮਿਸਾਲ ਸਤੀ ਪ੍ਰਥਾ, ਬਾਲ ਵਿਆਹ ਅਤੇ ਵਿਧਵਾ ਵਿਆਹ ਦੀ ਮਨਾਹੀ ਵੀ ਸੀ। ਇਹ ਪ੍ਰਥਾਵਾਂ ਪੁਰਾਤਨ ਭਾਰਤੀ ਪਰੰਪਰਾ ਵਿਚ ਚਲੀਆਂ ਆ ਰਹੀਆਂ ਸਨ ਜਾਂ ਤਾਂ ਪਤੀ ਦੀ ਮੌਤ ਤੋਂ ਬਾਦ ਉਹਨਾਂ ਨੂੰ ਸਤੀ ਹੋਣਾ ਪੈਂਦਾ ਜਾਂ ਬਦਸ਼ਗਨੀ ਅਤੇ ਜਿੱਲਤ ਭਰਿਆ ਜੀਵਨ ਬਤੀਤ ਕਰਨਾ ਪੈਂਦਾ। ਗੁਰੂ ਅਮਰਦਾਸ ਜੀ ਨੇ ਆਪਣੀ ਸੰਗਤ ਵਿਚ ਇਸਤਰੀ ਦੇ ਪ੍ਰਤੀ ਇਹਨਾਂ ਸਭ ਦੁਰਵਿਹਾਰਾਂ ਦਾ ਖੰਡਨ ਕੀਤਾ ਅਤੇ ਲੋਕਾਈ ਨੂੰ ਇਹਨਾਂ ਕੁਰੀਤੀਆਂ ਦੇ ਵਿਰੋਧ ਕਰਨ ਲਈ ਪ੍ਰੇਰਨਾ ਦਿੱਤੀ। ਸੰਗਤ ਵਿਚ ਇਸਤਰੀ ਨੂੰ ਪਰਦਾ ਕਰਕੇ ਆਉਣ ਤੋਂ ਸਖਤ ਮਨ੍ਹਾਂ ਕੀਤਾ ਹੋਇਆ ਸੀ। ਇਸ ਤਰ੍ਹਾਂ ਗੁਰੂ ਘਰ ਵਿਚ ਇਸਤਰੀ ਨੂੰ ਵੀ ਪੁਰਖਾਂ ਦੇ ਬਰਾਬਰ ਧਰਮ ਕਰਮ ਅਤੇ ਸੰਗਤ ਦੀ ਸੇਵਾ ਦੇ ਅਵਸਰ ਮਿਲਣ ਲੱਗੇ। ਗੁਰੂ ਸਾਹਿਬ ਨੇ ਸੰਦੇਸ਼ ਦਿਤਾ ਕਿ ਅਸਲੀ ਸਤੀਆ ਉਹ ਹਨ ਜੋ ਪਤੀ ਤੋਂ ਬਾਅਦ ਸੀਲ-ਸੰਤੋਖ ਨਾਲ ਆਪਣਾ ਜੀਵਨ ਬਤੀਤ ਕਰਦੀਆਂ ਹਨ।

ਸਤੀਆ ਏਹ ਨ ਆਖੀਅਨਿ ਜੋ ਮੜਿਆ ਲਗਿ ਜਲੰਨਿ।

ਨਾਨਕ ਸਤੀਆ ਜਾਣੀਅਨਿ ਜਿ ਬਿਰਹੇ ਚੋਟ ਮਰੰਨਿ।

ਗੁਰੂ ਸਾਹਿਬ ਲੜਕੀਆਂ ਦੇ ਵਿਆਹ ਸਮੇਂ ਪੂਜਾ ਦਾਨ ਲੈਣ ਵਾਲੇ ਪੁਰੋਹਿਤ ਵਰਗ ਨੂੰ ਵੀ ਸਖਤ ਤਾੜਨਾ ਕਰਦੇ ਹਨ-

ਸਸੈ ਸੰਜਮੁ ਗਇਓ ਮੂੜੈ ਏਕੁ ਦਾਨ ਤੁਧੁ ਕੁਥਾਇ ਲਇਆ।

ਸਾਈ ਪੁਤ੍ਰੀ ਜਜਮਾਨ ਕੀ ਸਾ ਤੇਰੀ ਏਤ ਧਾਨਿ ਖਾਧੈ ਤੇਰਾ ਜਨਮ ਗਇਆ।

ਸੋ ਅਸੀਂ ਦੇਖ ਸਕਦੇ ਹਾਂ ਕਿ ਸਿੱਖ ਪੰਥ ਵਿਚ ਗੁਰੂ ਸਾਹਿਬਾਨਾਂ ਦੇ ਸਮਕਾਲ ਵਿਚ ਇਸਤਰੀ ਪ੍ਰਤੀ ਜੋ ਸਮਾਜਿਕ ਬੁਰਾਈਆਂ ਪ੍ਰਚਲਿਤ ਸਨ ਸਭ ਦੇ ਖਿਲਾਫ ਗੁਰੂ ਸਾਹਿਬਾਨਾਂ ਨੇ ਆਵਾਜ਼ ਉਠਾਈ ਇਥੋਂ ਤੱਕ ਕਿ ਸਿੱਖ ਸਮਾਜ ਜੇ ਸੰਗਠਨ ਸਮੇਂ ਪ੍ਰਸ਼ਾਸ਼ਨਿਕ ਜਿੰਮੇਵਾਰੀਆਂ ਵੀ ਇਸਤਰੀਆਂ ਨੂੰ ਦਿੱਤੀਆਂ ਗਈਆ ਉਦਾਹਰਣ ਵਜੋਂ ਮੰਜੀ ਪ੍ਰਥਾ ਸ਼ੁਰੂ ਕੀਤੀ ਤਾਂ ਉਸਦੇ ਨਾਲ ਇਸਤਰੀ ਜਾਤੀ ਦੀ ਯੋਗ ਅਗਵਾਈ ਲਈ 'ਪੀੜੇ' ਵੀ ਸਥਾਪਿਤ ਕੀਤੇ ਅਤੇ ਇਸਤਰੀਆ ਮੰਜੀਦਾਰ ਵੀ ਥਾਪੀਆਂ। ਖਾਲਸਾ ਪੰਥ ਅੰਦਰ ਇਸਤਰੀ ਦੇ ਸਨਮਾਨ ਅਤੇ ਬਰਾਬਰੀ ਦਾ ਹੀ ਨਤੀਜਾ ਸੀ ਕਿ ਦਸਮ ਪਿਤਾ ਤੋਂ ਬਾਅਦ ਮਾਤਾ ਸੁੰਦਰੀ ਜੀ ਦੀ ਅਗਵਾਈ ਵਿਚ ਜਾਲਮਾਂ ਦੇ ਮੂੰਹ ਮੋੜ ਕੇ ਦਿੱਲੀ ਤਖ਼ਤ ਉਤੇ ਕਬਜਾ ਲਿਆ ਗਿਆ। ਮਾਈ ਭਾਗੋ ਵਰਗੀਆਂ ਬੰਦਗੀ ਵਾਲੀਆਂ ਇਸਤਰੀਆਂ ਖੁਦ ਮੈਦਾਨ ਏ ਜੰਗ ਵਿਚ ਖੰਡਾ ਖੜਕਾ ਕੇ ਮੁਕਤੀ ਦੇ ਮਾਰਗ ਉਤੇ ਚੱਲੀਆ ਤੇ ਹੋਰਨਾਂ ਦੀਆਂ ਭੁੱਲਾਂ ਬਖਸ਼ਾ ਤੇ ਵੈਰਾਗਣ ਹੋਣ ਦਾ ਖਿਤਾਬ ਹਾਸਲ ਕੀਤਾ। ਮਾਤਾ ਗੁਜਰੀ ਭਾਰਤ ਦੀ ਪਹਿਲੀ ਸ਼ਹੀਦ ਇਸਤਰੀ ਬਣੇ। ਆਪ ਜੀ ਦੀਆਂ ਇਹਨਾਂ ਕੁਰਬਾਨੀਆਂ ਤੋਂ ਸੇਧ ਲੈ ਕੇ ਖਾਲਸਾ ਪੰਥ ਨੇ ਹਿੰਦੁਸਤਾਨ ਦੀਆਂ ਹਜਾਰਾਂ ਬੇਟੀਆਂ ਨੂੰ ਦੁਰਾਨੀਆਂ ਦੇ ਪੰਜੇ ਵਿਚੋਂ ਛਡਾਇਆ।

ਅੱਜ ਕੱਲ੍ਹ ਨਵੇਂ ਯੁਗ ਵਿਚ ਨਾਰੀ ਮੁਕਤੀ ਦੀ ਲਹਿਰ ਸਾਹਮਣੇ ਨਾਰੀ ਨੂੰ ਭੈ-ਮੁਕਤ ਕਰਨ ਦੀ ਗਲ ਚਲ ਰਹੀ ਹੈ। ਜਦੋਂ ਕਿ ਸਿੱਖ ਧਰਮ ਵਿਚ ਮੁੱਢ ਤੋਂ ਹੀ ਸਿੱਖ ਨਾਰੀ ਦੇ ਮਨ ਵਿਚ ਸਦੀਆਂ ਤੋਂ ਪਨਪ ਰਹੀ ਡਰ ਦੀ ਅਵਸਥਾ ਨੂੰ ਦੂਰ ਕਰਕੇ ਇਸ ਜੀਵਨ ਨੂੰ ਆਨੰਦਮਈ ਤਜ਼ਰਬਾ ਕਰਕੇ ਮਾਨਣ ਦੇ ਉਪਰਾਲੇ ਕੀਤੇ ਗਏ ਹਨ। ਗੁਰੂ ਮਾਤਾਵਾਂ ਨੂੰ ਸਤਿਕਾਰਯੋਗ ਰੁਤਬਾ ਹਾਸਲ ਹੈ- ਧਨ ਜਨਨੀ ਜਿਨਿ ਜਾਇਆ।। ਵਰਗੇ ਕਥਨ ਗੁਰਬਾਣੀ ਵਿਚ ਮੌਜੂਦ ਹਨ। ਸਿੱਖੀ ਗ੍ਰਿਹਸਤ ਪ੍ਰਧਾਨ ਧਰਮ ਹੈ ਜਿਸ ਵਿਚ ਸਮਾਜ ਅਤੇ ਰੂਹਾਨੀਅਤ ਇਕਮਿਕ ਹਨ। ਮਰਦ ਸਮਾਜ ਦੀ ਪ੍ਰਤਿਨਿਧਤਾ ਨਿਭਾ ਰਿਹਾ ਹੈ ਅਤੇ ਨਾਰੀ ਧਰਮ ਦੀਆਂ ਜਿੰਮੇਵਾਰੀਆਂ ਪੂਰੀਆਂ ਕਰਦੀ ਹੈ। ਇੱਥੋਂ ਤੱਕ ਕਿ ਸਿੱਖ ਅਰਦਾਸ ਵਿਚ ਨਾਰੀ ਦੇ ਯੋਗਦਾਨ ਨੂੰ ਬਰਾਬਰ ਦਾ ਸਥਾਨ ਦਿੱਤਾ ਗਿਆ ਹੈ-

ਜਿੰਨਾ ਸਿੰਘ ਸਿੰਘਣੀਆ ਨੇ ਧਰਮ ਹੇਤੁ ਸੀਸ ਦਿਤੇ।

## 3.4 ਅਜੋਕੇ ਸਮਾਜ ਵਿਚ ਇਸਤਰੀ ਪ੍ਰਤੀ ਦ੍ਰਿਸ਼ਟੀਕੋਣ

ਇਸ ਵਿਚ ਕੋਈ ਸ਼ੱਕ ਨਹੀਂ ਕਿ ਗਿਆਨ ਵਿਗਿਆਨ ਅਤੇ ਪਦਾਰਥਵਾਦ ਦੇ ਪਸਾਰ ਪ੍ਰਚਾਰ ਤੇ ਸੰਚਾਰ ਦੇ ਨਵੀਨ ਸਾਧਨਾਂ ਨੇ ਲੋਕਰਾਜੀ ਵਿਵਸਥਾ ਵਿਚ ਨਾਰੀ ਪ੍ਰਤੀ ਸੰਵੇਦਨਾਵਾਂ ਦਿਖਾਉ ਹੋਏ ਇਸਤਰੀ ਦੇ ਜੀਵਨ, ਆਚਾਰ ਵਿਹਾਰ ਵਿਚ ਤਬਦੀਲੀ ਲਿਆਂਦੀ ਹੈ। ਕਾਨੂੰਨ ਅਤੇ ਸਮਾਜਿਕ ਵਰਤਾਰੇ ਵਿਚ ਇਸਤਰੀ ਲਈ ਲਗਪਗ ਸਾਰੇ ਹੱਕ ਮਰਦ ਵਾਂਗ ਹੀ ਹਨ। ਉਹ ਹਰ ਖੇਤਰ ਵਿਚ ਕੰਮ ਕਰਦੀ ਅਤੇ ਆਪਣੀ ਪ੍ਰਤਿਭਾ ਦੇ ਪ੍ਰਗਟਾਵੇ ਲਈ ਹਰੇਕ ਯਤਨ ਕਰਦੀ ਦਿਸਦੀ ਹੈ। ਅੱਜ ਨਾਰੀ ਵੱਡਿਆ ਅਹੁਦਿਆਂ ਉਪਰ ਤਾਇਨਾਤ ਹੈ। ਸਮਾਜਿਕ, ਰਾਜਨੀਤਿਕ, ਵਿਦਿਅਕ, ਆਰਥਿਕ, ਪ੍ਰਬੰਧਕ, ਸੁਰੱਖਿਆ ਬਲਾਂ ਅਤੇ ਧਾਰਮਿਕ ਅਦਾਰਿਆਂ ਵਿਚ ਵੀ ਬਿਨ੍ਹਾਂ ਕਿਸੇ ਰੋਕ ਟੋਕ ਕਾਰਜਸ਼ੀਲ ਹੈ। ਇਹ ਨਾਰੀ ਕ੍ਰਾਂਤੀ ਦਾ ਇਕ ਪਾਸਾ ਹੈ ਜਦੋਂ ਅੱਜ ਵੀ ਦਹੇਜ, ਆਚਰਣ, ਗਿਰਾਵਟ, ਮਾਦਾ ਭਰੂਣ ਹੱਤਿਆ, ਬਲਾਤਕਾਰ, ਲਿੰਗ ਵਿਤਕਰੇ ਅਚੇ ਜਨਮ-ਦਰ ਅਨੁਪਾਤ ਵਿਚ ਵਧ ਰਹੇ ਪਾੜ ਨੂੰ ਦੇਖਦੇ ਹਾਂ ਤਾਂ ਮਨ ਵਿਆਕੁਲ ਹੋ ਜਾਂਦਾ ਹੈ।

ਨਾਰੀ ਦੀ ਇਸ ਚਿੰਤਾਜਨਕ ਸਥਿਤੀ ਲਈ ਨਾਰੀ ਚੇਤਨਾ ਦੇ ਨਾਮ ਤੇ ਸਮਾਜ ਵਿਚ ਇਸਤਰੀਆਂ ਵਲੋਂ ਕੀਤੀਆਂ ਜਾਣ ਵਾਲੀਆਂ ਲਾਪ੍ਰਵਾਹੀਆਂ ਵੀ ਕਿਸੇ ਹਦ ਤਕ ਕਈ ਵਾਰ ਜਿੰਮੇਵਾਰ ਬਣ ਜਾਂਦੀਆ ਹਨ। ਸਮਾਜਿਕ ਮਰਿਆਦਾਵਾਂ ਦਾ ਆਧੁਨਿਕਤਾ ਦੇ ਨਾਮ ਕੇ ਉਲੰਘਣ ਕਰਨਾ, ਆਪਸ ਵਿਚ ਈਰਖਾ ਕਰਨਾ, ਨਵ-ਜੰਮੀਆਂ ਬੱਚੀਆਂ ਪ੍ਰਤੀ ਇਸਤਰੀਆਂ ਵਲੋਂ ਹੀ ਤ੍ਰਿਸਕਾਰ ਭਰਪੂਰ ਵਿਹਾਰ ਕਰਨਾ, ਨਸ਼ੇ ਆਦਿ ਕੁਰੀਤੀਆਂ ਵਿਚ ਗ੍ਰਸਤ ਹੋ ਜਾਣਾ ਇਹ ਕੁਝ ਕਾਰਣ ਗਿਣੇ ਜਾ ਸਕਦੇ ਹਨ। ਜੇਕਰ ਇਸਤਰੀ ਆਪਣੇ ਬਤੀਹ ਸੁਲਖਣੀ ਵਾਲੇ ਅਮੀਰ ਵਿਰਸੇ ਨਾਲ ਜੁੜੀ ਰਹਿਣ ਦੀ ਕੋਸ਼ਿਸ਼ ਕਰੇ ਅਤੇ ਆਪਣੇ ਸ਼ਾਨਦਾਰ ਵਿਰਸੇ, ਵਿਲੱਖਣ ਸੁਸ਼ੀਲਤਾ ਵਰਗੇ ਗੁਣਾਂ ਨੂੰ ਸੰਭਾਲ ਕੇ ਰਖਣ ਲਈ ਯਤਨ ਕਰੇ ਤਾਂ ਹੋ ਸਕਦਾ ਹੈ ਕਿ ਉਸਨੂੰ ਸਮਾਜ ਵਿਚ ਆਪਣਾ ਸਥਾਨ ਹੋਰ ਮਜਬੂਤ ਕਰਨ ਵਿਚ ਸਹੂਲਤਾਂ ਮਿਲਣ। ਇਸਤਰੀ ਵਿਚ ਕੁਦਰਤ ਵਲੋਂ ਕੁਝ ਸਰੀਰਕ ਭਿੰਨਤਾਵਾਂ, ਸਰੀਰਕ ਕਾਰਜਕਾਰਤਾ, ਰਿਸ਼ਤਿਆਂ ਵਿਚ ਵਿਭਿੰਨਤਾਵਾਂ, ਸੁਭਾਅ ਅਤੇ ਇੱਛਾਵਾਂ ਵਿਚ ਵਖਰੇਵਾਂ ਮੌਜੂਦ ਹੈ, ਮਰਦ ਦੇ ਨਾਲ ਬਰਾਬਰਤਾ ਦੀ ਭਾਲ ਵਿਚ ਕਈ ਵਾਰ ਆਪਣੇ ਕੁਦਰਤੀ ਗੁਣ ਹੀ ਗੁਆ ਲਏ ਜਾਂਦੇ ਹਨ, ਇਸਤਰੀ ਨੂੰ ਆਪਣੇ ਇਸ ਪ੍ਰਕ੍ਰਿਤਿਕ ਸੁਭਾਅ ਤੋਂ ਜਾਣੂ ਹੋਣਾ ਚਾਹੀਦਾ ਹੈ ਅਤੇ ਵਰਤਮਾਨ ਸਮੇਂ ਦੀਆਂ ਚੁਣੌਤੀਆਂ ਤੇ ਸਨਮੁਖ ਆਪਣੇ ਆਪ ਨੂੰ ਭਵਿੱਖਮਈ ਬਣਾਉਣ ਦੇ ਆਹਰ ਕਰਨੇ ਚਾਹੀਦੇਹਨ।

ਕਈ ਜਗ੍ਹਾ ਦੇਖਿਆ ਗਿਆ ਹੈ ਕਿ ਇਸਤਰੀਆਂ ਦੇ ਮਨ ਵਿਚ ਹੀ ਮਰਦਾਂ ਪ੍ਰਤੀ ਕਈ ਕਾਰਣਾਂ ਕਰਕੇ ਦਿਨੋਂ ਦਿਨ ਬੇਰੁਖੀ ਵਧ ਗਈ ਹੈ ਜੋ ਕਿ ਚਿੰਤਾ ਦਾ ਵਿਸ਼ਾ ਹੈ ਅਤੇ ਇਸਦਾ ਕਾਰਣ ਪੈਸੇ ਲਈ ਵਧ ਰਹੀ ਦੌੜ ਨੂੰ ਵੀ ਕਿਹਾ ਜਾ ਸਕਦਾ ਹੈ। ਬਰਾਬਰੀ ਦੇ ਚਾਹ ਵਿਚ ਇਸਤਰੀ ਵੀ ਧਨ ਕਮਾ ਕੇ ਸਮਾਜ ਵਿਚ ਉਚਾ ਰੁਤਬੇ ਦੀ ਇੱਛਾ ਰਖਦੀ ਹੈ ਅਤੇ ਕਈ ਵਾਰ ਇਸ ਨਾਲ ਪਰਿਵਾਰਾਂ ਵਿਚ, ਸਮਾਜਾਂ ਵਿਚ ਤਨਾਅ ਦੀ ਸਥਿਤੀ ਪੈਦਾ ਹੋ ਜਾਂਦੀ ਹੈ ਕਿਉਂਕਿ ਇਸ ਦੌੜ ਵਿਤ ਸ਼ਾਮਿਲ ਹੋਣ ਕਾਰਣ ਪਰਿਵਾਰਾਂ ਦਾ ਸੰਤੁਲਨ ਵਿਗੜ ਜਾਂਦਾ ਹੈ। ਔਰਤ ਇਹ ਸਭ ਆਰਥਿਕ ਗੁਲਾਮੀ ਤੋਂ ਬਾਹਰ ਆਉਣ ਲਈ ਕਰਦੀ ਹੈ ਅਤੇ ਅਚੇਤ ਰੂਪ ਵਿਚ ਕਈ ਵਾਰ ਗਲਤ ਰਸਤੇ ਵੀ ਅਪਣਾ ਲਏ ਜਾਂਦੇ ਹਨ।

ਇਸਤਰੀਆਂ ਵਲੋਂ ਧਨ ਕਮਾ ਕੇ ਪੈਰਾਂ ਉਪਰ ਖੜਾ ਹੋਣਾ ਕੋਈ ਬੁਰਾ ਨਹੀਂ ਪਰੰਤੂ ਅਯੋਗ ਢੰਗਾਂ ਨਾਲ ਧਨ ਕਮਾਉਣਾ ਕਿਸੇ ਵੀ ਤਰ੍ਹਾਂ ਠੀਕ ਨਹੀਂ ਮੰਨਿਆ ਜਾ ਸਕਦਾ।

ਪਿਛਲੇ ਕੁਝ ਸਮੇਂ ਵਿਚ ਹਰੇਕ ਖੇਤਰ ਵਿਚ ਨਾਰੀ ਲਈ ਰਸਤੇ ਖੁੱਲੇ ਹਨ ਪਰ ਫਿਰ ਵੀ ਇਹਨਾਂ ਹੱਕਾਂ ਦੀ ਲਗਾਮ ਕਿਤੇ ਨਾ ਕਿਤੇ ਮਰਦ ਮਾਨਸਿਕਤਾ ਨੇ ਆਪਣੇ ਹੱਥ ਵਿਚ ਰੱਖੀ ਹੋਈ ਹੈ। ਆਧੁਨਿਕਤਾ ਅਤੇ ਖੁੱਲਾਂ ਦੇ ਨਾਮ ਅਤੇ ਨਾਰੀ ਨੂੰ ਕੇਵਲ ਉਹ ਸਾਧਨ ਦਿਤੇ ਗਏ ਹਨ ਜਿਸ ਦੀ ਮਰਦ ਪ੍ਰਧਾਨ ਸਮਾਜ ਦੀ ਮੰਡੀ ਨੂੰ ਜ਼ਰੂਰਤ ਸੀ। ਔਰਤ ਦੀ ਕੁਦਰਤੀ ਸੁੰਦਰਤਾ ਦਾ ਰੱਜ ਕੇ ਸ਼ੋਸ਼ਣ ਕੀਤਾ ਜਾ ਰਿਹਾ ਹੈ। ਨਾਰੀ ਦੀ ਕੁਦਰਤੀ ਸਿਰਜਣਾਤਮਕਤਾ ਅਤੇ ਸੁਸ਼ੀਲਤਾ ਵਰਗੀਆਂ ਖੂਬੀਆਂ ਉਸਦੀ ਸਰੀਰਕ ਸੁੰਦਰਤਾ ਤੱਕ ਹੀ ਸੀਮਿਤ ਕਰ ਦਿੱਤੀਆਂ ਗਈਆਂ ਹਨ। ਜਿਸ ਦੇ ਸਮਾਜ ਵਿਚ ਬੁਰੇ ਨਤੀਜੇ ਸਾਹਮਣੇ ਆ ਰਹੇ ਹਨ।

ਵਿਸ਼ਵ ਪੱਧਰ ਤੇ ਪੈਦਾ ਹੋ ਰਹੀਆਂ ਨਾਰੀ ਪ੍ਰਤੀ ਸਮਾਜਿਕ ਸਮੱਸਿਆਵਾਂ ਇਸ ਗਲ ਦਾ ਪ੍ਰਮਾਣ ਹਨ ਕਿ ਭਾਵੇਂ ਨਾਰੀ ਚਿੰਤਕ ਜਾਂ ਨਾਰੀ ਜਾਗਰੂਕਤਾ ਦੇ ਨਾਮ ਤੇ ਕਈ ਉਪਰਾਲੇ ਕੀਤੇ ਜਾ ਰਹੇ ਹਨ ਫਿਰ ਵੀ ਸਮਾਜ ਵਿਚ ਨਾਰੀ ਦੇ ਸਹੀ ਯੋਗਦਾਨ ਨੂੰ ਨਿਰਧਾਰਤ ਕਰਨ ਦੀ ਅਜੇ ਜ਼ਰੂਰਤ ਹੈ। ਸਮਾਜ ਵਿਚ ਫੈਲ ਰਹੇ ਭਰੂਣ ਹੱਤਿਆ, ਦਾਜ ਦਹੇਜ ਨਾਲ ਜੁੜੀਆਂ ਸਮੱਸਿਆਵਾਂ, ਘਰੇਲੂ ਹਿੰਸਾ, ਤਲਾਕ ਆਦਿ ਕੁਝ ਐਸੀਆਂ ਸਮੱਸਿਆਵਾਂ ਹਨ ਜਿੰਨ੍ਹਾਂ ਦਾ ਬਦਲ ਲੱਭਣਾ ਅੱਜ ਇਸ ਆਧੁਨਿਕ ਯੁੱਗ ਵਿਚ ਵੀ ਮੁਸ਼ਕਿਲ ਲੱਗ ਰਿਹਾ ਹੈ। ਇਸਤਰੀਆਂ ਘਰਾਂ ਤੋਂ ਬਾਹਰ ਇਕੱਲਾ ਮਹਿਫੂਜ਼ ਨਹੀਂ ਕਰ ਰਹੀਆਂ, ਮੀਡੀਆ ਆਦਿ ਆਧੁਨਿਕ ਸਾਧਨਾਂ ਨੇ ਸਮਾਜ ਦੇ ਬੁਰੇ ਅਨਸਰਾਂ ਦੇ ਮਨਾਂ ਵਿਚ ਔਰਤ ਪ੍ਰਤੀ ਨਾਕਾਰਾਤਮਕ ਸੋਚ ਨੂੰ ਵਧਾ ਦਿੱਤਾ ਹੈ ਜਿਸਦੇ ਨਤੀਜੇ ਵਜੋਂ ਬਲਾਤਕਾਰ ਵਰਗੀਆਂ ਘਿਨੌਣੀਆਂ ਹਰਕਤਾਂ ਸਮਾਜ ਵਿਚ ਦਿਨ ਪ੍ਰਤੀ ਦਿਨ ਵੱਧ ਰਹੀਆਂ ਹਨ। ਇਹਨਾਂ ਸਭ ਹਾਲਾਤਾਂ ਦੇ ਮੱਦੇਨਜ਼ਰ ਹੀ ਪਰਿਵਾਰਾਂ ਦੇ ਮਨਾਂ ਵਿਚ ਕਿਤੇ ਨਾ ਕਿਤੇ ਲੜਕੀ ਬੋਝ ਦਾ ਕਾਰਨ ਸਮਝੀ ਜਾ ਰਹੀ ਹੈ।

ਇਹਨਾਂ ਸਭ ਕਾਰਨਾਂ ਕਰਕੇ ਸਮਾਜ ਵਿਚ ਵਿਭਚਾਰ ਅਤੇ ਦੁਰਾਚਾਰ ਵਧ ਰਿਹਾ ਹੈ। ਮਨੁੱਖੀ ਕਿਰਦਾਰ ਦੀ ਖੂਬੀ ਹੈ ਕਿ ਇਹ ਅੱਛਾਈ ਦੀ ਜਗ੍ਹਾ ਬੁਰਾਈ ਵਲ ਜਿਆਦਾ ਰੁਚਿਤ ਹੁੰਦਾ ਹੈ, ਸੋ ਅੱਜ ਦੇ ਸਮਾਜਿਕ ਵਰਤਾਰੇ ਨੂੰ ਦੇਖਦੇ ਹੋਏ ਰਾਜਨੀਤਿਕ, ਸਮਾਜਿਕ, ਧਾਰਮਿਕ ਸਭ ਪੱਧਰਾਂ ਤੇ ਇਸ ਪ੍ਰਤੀ ਸੰਵੇਦਨਸ਼ੀਲਤਾ ਜਗਾਉਣ ਦੀ ਜ਼ਰੂਰਤ ਹੈ।

ਗੁਰਮਤਿ ਦੀ ਇਸ ਖੇਤਰ ਵਿਚ ਖਾਸ ਅਹਿਮੀਅਤ ਹੈ, ਇਸ ਜੀਵਨ ਦੀ ਰਹਿਬਰ ਗੁਰਬਾਣੀ ਹੈ। ਗੁਰੂ ਗ੍ਰੰਥ ਸਾਹਿਬ ਕੇਵਲ ਮੱਥਾ ਟੇਕਣ ਜਾਂ ਕੇਵਲ ਪਾਠ ਕਰ ਲੈਣ ਤੱਕ ਹੀ ਸੀਮਤ ਨਹੀਂ ਹੈ ਬਲਕਿ ਗੁਰਬਾਣੀ ਨੂੰ ਸਮਝਣਾ, ਬੁੱਝਣਾ ਅਤੇ ਆਪਣੇ ਜੀਵਨ ਦੇ ਹਰੇਕ ਖੇਤਰ ਵਿਚ ਇਸਦੀ ਸਿੱਖਿਆ ਨੂੰ ਜੋੜਨਾ ਇਕ ਗੁਰਸਿੱਖ ਦੀ ਅਸਲ ਸਾਧਨਾ ਹੈ। ਅਮਲੀ ਤੌਰ ਤੇ ਗੁਰਬਾਣੀ ਦੇ ਸਿਧਾਤਾਂ ਨੂੰ ਆਪਣੇ ਜੀਵਨ ਵਿਚ ਇਸਤੇਮਾਲ ਕਰਨ ਨਾਲ ਹਰ ਮਸਲੇ ਦਾ ਹਲ ਨਿਕਲ ਆਉਂਦਾ ਹੈ। ਗੁਰੂ ਸਾਹਿਬ ਸਾਨੂੰ ਸਤਿ ਸੰਤੋਖ ਅਤੇ ਵੀਚਾਰ ਨਾਲ ਜੁੜਨ ਦੀ ਪ੍ਰੇਰਣਾ ਦੇ ਰਹੇ ਹਨ। ਸਤਿ ਦੀ

ਪਾਲਣਾ ਜੇਕਰ ਸਮਾਜ ਵਿਚ ਪਰਿਵਾਰਕ ਪੱਧਰ ਤੇ ਹੋ ਜਾਵੇ ਤਾਂ ਫਜ਼ੂਲ ਦੀ ਨਿਤਾਪ੍ਰਤੀ ਹੋਣ ਵਾਲੀ ਭਟਕਣਾ ਤੋਂ ਨਿਜਾਤ ਮਿਲਦੀ ਹੈ। ਸੰਤੋਖ ਵਿਅਕਤੀ ਦੀਆਂ ਵਧ ਰਹੀਆਂ ਤ੍ਰਿਸ਼ਨਾਵਾਂ ਅਤੇ ਵੱਧ ਤੋਂ ਵੱਧ ਹਾਸਲ ਕਰਨ ਦੀਆਂ ਲੋਭੀ ਲਾਲਸਾਵਾਂ ਤੋਂ ਬਚਣ ਲਈ ਸਹਾਈ ਹੁੰਦਾ ਹੈ। ਸੰਤੋਖੀ ਵਿਅਕਤੀ ਆਲਸੀ ਨਹੀਂ ਹੁੰਦਾ, ਬਲਕਿ ਉਹ ਹੁੰਦਾ ਹੈ ਜੋ ਪ੍ਰਭੂ ਤੋਂ ਮੰਗੇ ਨਾ ਅਤੇ ਨਿਰੰਤਰ ਕਾਰਜਸ਼ੀਲ ਬਣਿਆ ਰਹੇ ਅਤੇ ਜੋ ਵੀ ਪ੍ਰਾਪਤ ਹੋ ਰਿਹਾ ਹੈ ਉਸ ਲਈ ਸ਼ੁਕਰਾਨਾ ਕਰੇ। ਗੁਰਬਾਣੀ ਵਿਚ ਸੰਤੋਖੀ ਵਿਅਕਤੀ ਹੀ ਸਰਵੋਤਮ ਮੰਨਿਆ ਗਿਆ ਹੈ। ਤੀਸਰਾ ਤੱਤ ਹੈ 'ਵੀਚਾਰ'। ਮਨੁੱਖ ਸੁਭਾਅ ਤੋਂ ਹੀ ਵੀਚਾਰਵਾਨ ਪ੍ਰਾਣੀ ਹੈ ਅਤੇ ਵੀਚਾਰਵਾਨ ਹੋਣਾ ਹੀ ਉਸਦੇ ਸਮਾਜਿਕ ਪ੍ਰਾਣੀ ਹੋਣ ਦੀ ਨਿਸ਼ਾਨੀ ਹੈ। ਗੁਰੂ ਨਾਨਕ ਦੇਵ ਜੀ ਨੇ ਇਹੀ ਸਿਧਾਂਤ ਦ੍ਰਿੜ ਕਰਵਾਇਆ ਹੈ ਕਿ ਵਿਚਾਰਵਾਨ ਹੋ ਕੇ ਕੋਈ ਵੀ ਕੰਮ ਅੰਧ ਭਗਤੀ ਨਾਲ ਨਹੀਂ ਕਰਨਾ ਚਾਹੀਦਾ। ਬਿਬੇਕ ਬੁੱਧ ਹੀ ਸਹੀ ਨੂੰ ਸਹੀ ਅਤੇ ਗਲਤ ਨੂੰ ਗਲਤ ਕਹਿਣ ਦਾ ਨਿਰਣਾ ਦੇ ਸਕਦੀ ਹੈ। ਇਸੇ ਲਈ ਗੁਰਸਿੱਖ ਹਰ ਰੋਜ਼ ਆਪਣੇ ਪਿਤਾ ਪਾਸੋਂ ਨਾਮ, ਦਾਨ, ਇਸ਼ਨਾਨ ਦੇ ਨਾਲ-ਨਾਲ ਬਿਬੇਕ ਬੁੱਧ ਦਾ ਦਾਨ ਮੰਗਦੇ ਹਨ।

ਸੋ ਜੇਕਰ ਸਿੱਖ ਸਮਾਜ ਵਿਚ ਗੁਰੂ ਸਾਹਿਬ ਦੀਆਂ ਦੱਸੀਆਂ ਗਈਆਂ ਜੀਵਨ ਸੇਧਾਂ ਨੂੰ ਅਪਣਾ ਕੇ ਦੁਨੀਆਂ ਦੇ ਸਮਾਜਾਂ ਵਿਚ ਚਲ ਰਹੀਆਂ ਹਰੇਕ ਤਰ੍ਹਾਂ ਦੀਆਂ ਕੁਰੀਤੀਆਂ ਨੂੰ ਸੰਬੋਧਨ ਕੀਤਾ ਜਾਵੇ ਤਾਂ ਇਹ ਫਲਸਫਾ ਵਿਸ਼ਵ ਪੱਧਰ ਦੀਆਂ ਸਮੱਸਿਆਵਾਂ ਦਾ ਬਦਲ ਦੇ ਸਕਦਾ ਹੈ।

## 3.5 ਸਿੱਟਾ-

ਮਨੁੱਖੀ ਸਮਾਜ ਦਾ ਆਧਾਰ ਨਰ ਅਤੇ ਨਾਰੀ ਦੋਵੇਂ ਸਾਂਝੇ ਤੌਰ ਤੇ ਮੰਨੇ ਗਏ ਹਨ ਦੋਹਨਾਂ ਵਿਚੋਂ ਇਕ ਦੇ ਬਗੈਰ ਵੀ ਸੰਤੁਲਿਤ ਸਮਾਜ ਦੀ ਕਲਪਨਾ ਨਹੀਂ ਕੀਤੀ ਜਾ ਸਕਦੀ। ਦੋਵਾਂ ਨੂੰ ਸਮਾਜ ਵਿਚ ਬਣਦਾ ਸਤਿਕਾਰ ਮਿਲੇ ਤਾਂ ਹੀ ਸਮਾਜ ਦਾ ਸਰਵਪੱਖੀ ਵਿਕਾਸ ਸੰਭਵ ਹੈ। ਸਮਾਜ ਦੀ ਸਭ ਤੋਂ ਛੋਟੀ ਇਕਾਈ ਪਰਿਵਾਰ ਅਤੇ ਇਸਦਾ ਧੁਰਾ ਇਸਤਰੀ ਹੈ ਸੋ ਇਸਤਰੀ ਦੇ ਵਿਕਾਸ ਤੋਂ ਬਿਨ੍ਹਾਂ ਸਮਾਜ, ਦੇਸ਼ ਜਾਂ ਵਿਸ਼ਵ ਦਾ ਵਿਕਾਸ ਸੰਭਵ ਨਹੀਂ। ਕਿਸੇ ਵੀ ਸਮਾਜਿਕ ਵਿਹਾਰ ਨੂੰ ਚਲਾਉਣ ਲਈ ਤਾਕਤ, ਬੁੱਧੀ, ਸ਼ਹਿਨਸ਼ੀਲਤਾ, ਸੰਤੋਖ, ਨਿਮਰਤਾ ਆਦਿ ਗੁਣਾਂ ਦੀ ਜ਼ਰੂਰਤ ਹੁੰਦੀ ਹੈ ਜੋ ਕਿ ਨਾਰੀ ਵਿਚ ਕੁਦਰਤੀ ਤੌਰ ਤੇ ਜਿਆਦਾ ਹੁੰਦੇ ਹਨ ਜਾਂ ਮਰਦ ਨਾਲੋਂ ਕਿਸੇ ਵੀ ਪਾਸੇ ਤੋਂ ਘੱਟ ਨਹੀਂ ਹੁੰਦੇ। ਫਿਰ ਵੀ ਸਮਾਜ ਵਿਚ ਇਸਤਰੀ ਨੂੰ ਇਤਨੀ ਆਧੁਨਿਕਤਾ ਆ ਜਾਣ ਦੇ ਬਾਵਜੂਦ ਉਹ ਰੁਤਬਾ ਹਾਸਿਲ ਨਹੀਂ ਜਿਸਦੀ ਉਹ ਹੱਕਦਾਰ ਹੈ।

ਇਸ ਸੰਬੰਧੀ ਜੇਕਰ ਸਿੱਖ ਇਤਿਹਾਸ ਅਤੇ ਸਿੱਖ ਫਲਸਫੇ ਵੱਲ ਧਿਆਨ ਮਾਰੀਏ ਤਾਂ ਗੁਰੂ ਸਾਹਿਬਾਨਾਂ ਨੇ ਨਾਰੀ ਨੂੰ ਬਰਾਬਰ ਦਾ ਸਥਾਨ ਦਵਾਉਣ ਲਈ ਸਿਧਾਂਤ ਅਤੇ ਵਿਹਾਰਕ ਯਤਨ ਕੀਤੇ ਹਨ। ਸਿੱਖ ਦਰਸ਼ਨ ਇਸ ਗੱਲ

ਦੀ ਪੁਸ਼ਟੀ ਕਰਦਾ ਹੋਇਆ ਦਿਖਾਈ ਦਿੰਦਾ ਹੈ ਕਿ ਜੇਕਰ ਸਿੱਖ ਪੰਥ ਅਤੇ ਪੂਰਾ ਵਿਸ਼ਵ ਗੁਰਬਾਣੀ ਦੀ ਸੇਧ ਅਨੁਸਾਰ ਨਾਰੀ ਨੂੰ ਬਣਦਾ ਸਤਿਕਾਰ ਦੇ ਸਕੇ ਤਾਂ ਨਾਰੀ ਨਾਲ ਜੁੜੇ ਹੋਏ ਅਨੇਕਾਂ ਮਸਲੇ ਹੱਲ ਹੋ ਸਕਦੇ ਹਨ।

## 3.6 ਸਹਾਇਕ ਪੁਸਤਕ ਸੂਚੀ

ਤੇਜਿੰਦਰ ਕੌਰ (2008) ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਨਾਰੀ ਉਥਾਨ: ਅਲੋਚਨਾ ਅੰਕ 219, ਪੰਨਾ 47-50

ਮਹਿਬੂਬ, ਹਰਿੰਦਰ ਸਿੰਘ (1988) ਸਹਿਜੇ ਰਚਿਓ ਖਾਲਸਾ, ਅਸ਼ੋਕ ਬੁੱਕ ਡਿਪੋ, ਗੜ੍ਹਦੀਵਾਲ

ਚਰਨਜੀਤ ਕੌਰ (ed) ਨਾਰੀ ਦ੍ਰਿਸ਼ਟੀ, ਲੋਕ ਗੀਤ ਪ੍ਰਕਾਸ਼ਨ

ਡਾ. ਗੁਰਮੀਤ ਸਿੰਘ (2017) ਸਿੱਖੀ ਅਤੇ ਸਿੱਖਾਂ ਦਾ ਭਵਿੱਖ, ਸਿੰਘ ਬ੍ਰਦਰਜ਼ ਅੰਮ੍ਰਿਤਸਰ

## 3.7 ਅਭਿਆਸ ਲਈ ਪ੍ਰਸ਼ਨ-

1. ਲਿੰਗ ਸਮਾਨਤਾ ਦੇ ਕੀ ਅਰਥ ਹਨ? ਸਮਾਜ ਵਿਚ ਇਸਦੀ ਮਹੱਤਤਾ ਬਾਰੇ ਲਿਖੋ।
2. ਨਾਰੀ ਚੇਤਨਤਾ ਦੇ ਅਜੋਕੇ ਚਿੰਤਨ ਬਾਰੇ ਕੀ ਜਾਣਦੇ ਹੋ?
3. ਭਾਰਤੀ ਸਮਾਜ ਵਿਚ ਨਰ-ਨਾਰੀ ਵਖਰੇਵੇਂ ਦਾ ਬਿਉਰਾ ਦਿਉ।
4. ਸਿੱਖ ਫਲਸਫੇ ਵਿਚ ਨਾਰੀ ਚੇਤਨਤਾ ਬਾਰੇ ਕੀ ਵੀਚਾਰ ਹਨ? ਉਦਾਹਰਣਾਂ ਸਮੇਤ ਲਿਖੋ।
5. ਸਿੱਖ ਗੁਰੂ ਸਾਹਿਬਾਨਾਂ ਵੱਲੋਂ ਨਾਰੀ ਸਮਾਨਤਾ ਲਈ ਕੀਤੇ ਗਏ ਉਪਰਾਲਿਆਂ ਬਾਰੇ ਲਿਖੋ।

# PROGRAMME: CERTIFICATE COURSE ON VALUES AND LEARNING OF SIKHISM

**COURSE: EQUALITY AND WELFARE**

**SEMESTER-I**

## UNIT IV - ISSUES OF WOMEN: DOWRY, VIOLENCE, FOETICIDE

**STRUCTURE**

4.0 ਉਦੇਸ਼

4.1 ਜਾਣ ਪਛਾਣ

4.2 ਆਧੁਨਿਕ ਸਮਾਜ ਵਿਚ ਨਾਰੀ ਸਬੰਦੀ ਮਸਲਿਆਂ ਦੇ ਕਾਰਣ

4.3 ਦਾਜ ਪ੍ਰਥਾ

4.4 ਭਰੂਣ ਹੱਤਿਆ

4.5 ਘਰੇਲੂ ਹਿੰਸਾ

4.6 ਸਿੱਟਾ

4.7 ਸਹਾਇਕ ਪੁਸਤਕ ਸੂਚੀ

4.8 ਅਭਿਆਸ ਲਈ ਪ੍ਰਸ਼ਨ

**4.0 ਉਦੇਸ਼-**

ਇਸ ਪਾਠ ਰਾਹੀਂ ਵਿਦਿਆਰਥੀਆਂ ਨੂੰ ਇਸਤਰੀਆਂ ਪ੍ਰਤੀ ਸਮਾਜ ਵਿਚ ਵਿਚਰ ਰਹੀਆਂ ਬੁਰਾਈਆਂ (ਦਹੇਜ, ਘਰੇਲੂ ਹਿੰਸਾ, ਭਰੂਣ ਹੱਤਿਆ) ਜੋ ਕਿ ਸਮਾਜ ਨੂੰ ਘੁਣ ਵਾਂਗ ਖਾ ਰਹੀਆਂ ਹਨ, ਪ੍ਰਤੀ ਜਾਗਰੂਕ ਕਰਵਾਇਆ ਜਾਵੇਗਾ ਅਤੇ ਜਿਹਨਾਂ ਦੇ ਸਿੱਖ ਦ੍ਰਿਸ਼ਟੀਕੋਣ ਰਾਹੀਂ ਹੱਲ ਦਰਸਾ ਕੇ ਸਮਾਜ ਨੂੰ ਸਹੀ ਅਤੇ ਸਚਾਰੂ ਦਿਸ਼ਾ ਵਲ ਦਿੱਤੀ ਗਈ ਪ੍ਰੇਰਣਾ ਬਾਰੇ ਵਿਸਤਾਰ ਵਿਚ ਦੱਸਿਆ ਜਾ ਰਿਹਾ ਹੈ।

**4.1 ਜਾਣ ਪਛਾਣ**

ਪਿਛਲੇ ਪਾਠ ਵਿਚ ਵੀ ਜਿਵੇਂ ਜਿਕਰ ਕੀਤਾ ਗਿਆ ਹੈ ਕਿ ਮਨੁੱਖੀ ਸਮਾਜ ਇਸਤਰੀ ਅਤੇ ਪੁਰਸ਼ ਦੋਵਾਂ ਦੀ ਸਾਂਝੀ ਭੂਮਿਕਾ ਤੋਂ ਬਿਨ੍ਹਾਂ ਸੰਭਵ ਨਹੀਂ। ਇਹ ਇਕ ਦੂਸਰੇ ਦੇ ਪੂਰਕ ਹਨ ਅਤੇ ਦੋਨਾਂ ਧਿਰਾਂ ਨੂੰ ਬਣਦਾ ਮਾਣ ਸਤਿਕਾਰ ਨਾ ਮਿਲੇ ਤਾਂ ਸਮਾਜ ਵਿਚ ਅਸੰਤੁਲਨ ਅਤੇ ਅਸਥਿਰਤਾ ਵੱਧ ਜਾਂਦੀ ਹੈ।

ਇਸ ਵਿੱਚ ਕੋਈ ਸ਼ੱਕ ਨਹੀਂ ਕਿ ਜਿਵੇਂ ਜਿਵੇਂ ਸਮਾਜ ਨਵੀਂਆਂ ਤਬਦੀਲੀਆਂ ਅਤੇ ਨਵੀਆਂ ਰਾਹਾਂ ਉਪਰ ਤੁਰਦਾ ਹੈ ਉਸੇ ਤਰ੍ਹਾਂ ਨਵੀਆਂ ਸਮੱਸਿਆਵਾਂ ਵੀ ਜਨਮ ਲੈਂਦੀਆਂ ਹਨ। ਇਹ ਸਮੱਸਿਆਵਾਂ ਕੰਡਿਆਲੀਆਂ ਥੋਰਾਂ ਵਾਂਗ ਹੁੰਦੀਆਂ ਹਨ ਜੋ ਕੁਝ ਰੁਕਾਵਟਾਂ ਤਾਂ ਪੈਦਾ ਕਰਦੀਆਂ ਹਨ ਪਰ ਇਹਨਾਂ ਦੇ ਕਾਰਨ ਜੀਵਨ ਦੇ ਸਫਰ ਵਿਚ ਠਹਿਰਾਉ ਨਹੀਂ ਆਉਂਦਾ। ਜੀਵਨ ਦਾ ਪਰਵਾਹ ਨਿਰੰਤਰ ਚੱਲਦਾ ਰਹਿੰਦਾ ਹੈ। ਮਸਲੇ ਤਾਂ ਕਿਸੇ ਨਾ ਕਿਸੇ ਕਾਰਨ ਪੈਦਾ ਹੁੰਦੇ ਹਨ ਅਤੇ ਕਈ ਵਾਰ ਇਹ ਮਸਲੇ ਚੁਣੌਤੀਆਂ ਵੀ ਬਣ ਜਾਂਦੇ ਹਨ ਪਰੰਤੂ ਵੀਚਾਰ ਰਾਹੀਂ ਇਹਨਾਂ ਮਸਲਿਆ ਦਾ ਹੱਲ ਲੱਭਣਾ ਇਕ ਜਿਉਂਦੇ ਸਮਾਜ ਦੀ ਨਿਸ਼ਾਨੀ ਹੁੰਦੀ ਹੈ। ਜਿੰਦਗੀ ਵਿਚ ਨਵੀਆਂ ਸਮੱਸਿਆਵਾਂ ਨੂੰ ਉਜਾਗਰ ਕਰਨ ਵਿਚ ਕੋਈ ਸ਼ਰਮਿੰਦਗੀ ਨਹੀਂ ਹੋਣੀ ਚਾਹੀਦੀ ਸਗੋਂ ਉਹਨਾਂ ਪ੍ਰਤੀ ਅਵੇਸਲੇ ਹੋਣਾ ਆਪਣੇ ਸਮਾਜ ਪ੍ਰਤੀ ਧ੍ਰੋਹ ਹੋ ਸਕਦਾ ਹੈ।

ਇਸ ਲਈ ਅੱਜ ਕੁਝ ਸਮਾਜ ਵਿਚ ਨਾਰੀ ਅਧਿਐਨ ਦਾ ਕੇਂਦਰ ਬਣ ਰਹੀਆਂ ਕੁਝ ਸਮੱਸਿਆਵਾਂ ਦੀ ਵੀਚਾਰ ਅਸੀਂ ਇਸ ਪਾਠ ਵਿਚ ਕਰਨ ਜਾ ਰਹੇ ਹਾਂ ਜੋ ਕਿ ਆਧੁਨਿਕ ਅਤੇ ਅਗਾਂਹਵਧੂ ਸਮਾਜ ਦੇ ਨਾਮ ਤੇ ਇੱਕ ਧੱਬਾ ਬਣ ਰਹੀਆਂ ਹਨ। ਨਾਰੀ ਪ੍ਰਤੀ ਵਿਸ਼ਵ ਪੱਧਰ ਤੇ ਪੈਦਾ ਹੋ ਰਹੀਆਂ ਸਮਾਜਿਕ ਸਮੱਸਿਆਵਾਂ ਖਾਸ ਤੌਰ ਕੇ ਘਰੇਲੂ ਹਿੰਸਾ, ਦਹੇਜ, ਭਰੂਣ ਹੱਤਿਆ ਪੈਦਾ ਹੋ ਰਹੀਆ ਨਾ-ਮੁਰਾਦ ਬਿਮਾਰੀਆਂ ਆਦਿ ਦਾ ਹੱਲ ਲੱਭਣ ਲਈ ਇਹਨਾਂ ਸਭਨਾਂ ਪਿਛਲੇ ਹੋਰ ਕਾਰਨਾਂ ਦੇ ਨਾਲ-ਨਾਲ ਸਮਾਜ ਵਿਚ ਨਾਰੀ ਦੀ ਯੋਗਤਾ ਅਨੁਸਾਰ ਉਸਦੇ ਸਥਾਨ ਨੂੰ ਨਿਰਧਾਰਤ ਕਰਨ ਦੀ ਜ਼ਰੂਰਤ ਹੈ। ਇਸ ਨਾਲ ਜੁੜੀਆਂ ਅਨੇਕਾਂ ਸਮੱਸਿਆਵਾਂ ਦੇ ਹੱਲ ਲੱਭਣ ਵਲ ਸਾਰਥਕ ਯਤਨ ਹੋ ਸਕਣਗੇ। ਅਜੋਕੇ ਨਾਰੀ ਅਧਿਐਨ ਦਾ ਧੁਰਾ ਨਾਰੀ ਦੀ ਪਛਾਣ ਨੂੰ ਬਣਾਉਣਾ ਪਵੇਗਾ। ਜਿਸ ਨਾਲ ਨਾਰੀ ਦੇ ਇਨਸਾਨੀ ਗੁਣਾਂ ਨੂੰ ਸਮਾਜ ਸਾਹਮਣੇ ਉਜਾਗਰ ਕਰਕੇ ਉਸਨੂੰ ਬਰਾਬਰੀ ਦੇ ਅਧਿਕਾਰ ਦਵਾਉਣ ਵਿਚ ਸਫਲਤਾ ਮਿਲੇਗੀ।

**4.2 ਆਧੁਨਿਕ ਸਮਾਜ ਵਿਚ ਨਾਰੀ ਸੰਬੰਧੀ ਮਸਲਿਆਂ ਦੇ ਕਾਰਨ-**

ਆਧੁਨਿਕ ਸਮਾਜਿਕ ਚੇਤਨਾ ਨੇ ਚਾਹੇ ਆਰਥਿਕ, ਰਾਜਨੀਤਿਕ ਅਤੇ ਸਮਾਜਿਕ ਖੇਤਰ ਵਿਚ ਨਾਰੀ ਦੀ ਸ਼ਮੂਲੀਅਤ ਦੀ ਅਹਿਮੀਅਤ ਨੂੰ ਪਛਾਣਨ ਦੇ ਉਪਰਾਲੇ ਕੀਤੇ ਜਾ ਰਹੇ ਹਨ। ਭਾਰਤ ਸਰਕਾਰ ਵੱਲੋਂ ਮਹੱਤਵਪੂਰਨ ਕਦਮ ਚੁੱਕਦੇ ਹੋਏ ਰਾਜਨੀਤਿਕ ਪੱਧਰ ਤੇ ਜਿਥੇ ਕਿ ਹਮੇਸ਼ਾ ਹੀ ਮਰਦ ਸਮਾਜ ਦਾ ਬੋਲਬਾਲਾ ਰਿਹਾ ਹੈ, 33% ਸੀਟਾਂ ਰਾਖਵੀਆਂ ਕਰਕੇ ਇਕ ਉਚੇਰਾ ਟੀਚਾ ਮਿਥਿਆ ਹੈ। ਬਾਵਜੂਦ ਇਸਦੇ ਸਮਾਜ ਵਿਚ ਹਰ ਜਗ੍ਹਾ ਉਪਰ ਨਾਰੀ ਨੂੰ ਉਸਦਾ ਮਾਣ ਸਤਿਕਾਰ ਅਤੇ ਅਧਿਕਾਰ ਨਹੀਂ ਮਿਲੇ। ਇਸਦੇ ਕਈ ਕਾਰਣ ਕਈ ਅਧਿਐਨਾਂ ਨਾਲ ਸਾਹਮਣੇ ਆਏ ਹਨ ਕਿ ਨਾਰੀ ਪ੍ਰਤੀ ਅਜਿਹੇ ਵੀਚਾਰ ਕਦੋਂ ਅਤੇ ਕਿਵੇਂ ਪ੍ਰਚਲਿਤ ਹੋਏ ਕਿ ਨਾਰੀ ਮਰਦਾਂ ਦੇ ਮੁਕਾਬਲੇ ਘੱਟ ਬਲਵਾਨ ਅਤੇ ਘੱਟ ਬੁੱਧੀਵਾਨ ਹੈ। ਜਿਹਨਾਂ ਵਿਚੋਂ ਇਕ ਵੱਡਾ ਕਾਰਨ ਧਾਰਮਿਕ ਮੰਨਿਆ ਜਾਂਦਾ ਹੈ। ਭਾਰਤ ਧਰਮ ਪ੍ਰਧਾਨ ਦੇਸ਼ ਹੈ ਇਥੇ ਅਨੇਕਾਂ ਧਰਮਾਂ ਦੀ ਪਾਲਣਾ ਕਰਨਾ ਸਮਾਜ ਦਾ ਗੌਰਵ ਹੈ। ਧਰਮ ਵਿਚ ਏਨੀ ਸ਼ਕਤੀ ਹੁੰਦੀ ਹੈ ਕਿ ਉਹ ਜੀਵਨ ਨੂੰ ਸੇਧ ਦੇ ਸਕਦਾ ਹੈ।

ਸਿੱਖ ਧਰਮ ਦੇ ਉਦਭਵ ਤੋਂ ਪਹਿਲਾਂ ਭਾਰਤ ਵਿਚ ਵੀ ਦੋ ਧਾਰਮਿਕ ਪਰੰਪਰਾਵਾਂ ਦਾ ਚਲਣ ਪ੍ਰਮੁੱਖ ਸੀ- ਹਿੰਦੂ ਅਤੇ ਇਸਲਾਮ। ਹਿੰਦੂ ਧਰਮ ਵਿਚ ਵੈਦਿਕ ਸਾਹਿਤ ਦੀ ਮਾਨਤਾ ਹੈ ਜੋ ਕਿ ਸਿਧਾਂਤਕ ਪੱਧਰ ਤੇ ਅੱਜ ਵੀ ਮੌਜੂਦ ਹੈ। ਜਿਸ ਅਨੁਸਾਰ ਦੇਵੀਆਂ ਅਤੇ ਦੇਵਤਿਆਂ ਦੀ ਪੂਜਾ ਅਰਚਨਾ ਕੀਤੀ ਜਾਂਦੀ ਹੈ- ਸਰਸਵਤੀ, ਆਦਿਤੀ, ਊਸ਼ਾ, ਪ੍ਰਿਥਵੀ ਆਦਿ ਦੇ ਨਾਮ ਸਤਿਕਾਰ ਨਾਲ ਲਏ ਜਾਂਦੇ ਹਨ। ਲਕਸ਼ਮੀ, ਸਰਸਵਤੀ, ਮੀਨਾਕਸ਼ੀ, ਕਾਲੀ, ਦੁਰਗਾ ਦੇ ਮੰਦਰਾਂ ਅੱਗੇ ਪੂਜਾ ਕਰਕੇ ਮੁਰਾਦਾਂ ਮੰਗਦੇ ਪੈਰੋਕਾਰ ਇਹਨਾਂ ਪ੍ਰਤੀ ਆਪਣੇ ਸਤਿਕਾਰ ਦਾ ਪ੍ਰਗਟਾਵਾ ਕਰ ਰਹੇ ਹੁੰਦੇ ਹਨ। ਭਾਰਤ ਦਾ ਦੂਜਾ ਵੱਡਾ ਧਰਮ ਇਸਲਾਮ ਵੀ ਸਿਧਾਂਤਕ ਪੱਧਰ ਉਪਰ ਮਰਦ ਅਤੇ ਇਸਤਰੀ ਦੋਨਾਂ ਨੂੰ ਇਕ ਦੂਜੇ ਦਾ ਸਾਥੀ ਮੰਨਦਾ ਹੈ ਅਤੇ ਨਮਾਜ਼ ਪੜ੍ਹਨਾ, ਜ਼ਕਾਤ ਦੇਣਾ ਅਤੇ ਇੱਕ ਅੱਲਾਹ ਵਿਚ ਵਿਸ਼ਵਾਸ਼ ਰੱਖਣਾ ਦੋਨਾਂ ਦਾ ਫਰਜ਼ ਅਤੇ ਹੱਕ ਸਮਝਦਾ ਹੈ। ਪਰੰਤੂ ਹੌਲੀ-ਹੌਲੀ ਸਿਧਾਂਤਕ ਪੱਧਰ ਤੇ ਧਰਮਾਂ ਵਿਚਲੇ ਨਾਰੀ ਦੇ ਉਚੇ ਸਥਾਨ ਨੂੰ ਢਾਹ ਲਗਣ ਲਗ ਪਈ ਅਤੇ ਸਮਾਜ ਦੇ ਕੁਝ ਆਗੂਆਂ ਨੇ ਧਰਮ ਦਾ ਸਹਾਰਾ ਲੈ ਕੇ ਇਸਤਰੀ ਨੂੰ ਨੀਵੇਂ ਪੱਧਰ ਦੇ ਉਹਨਾਂ ਵਲੋਂ ਹੀ ਪਾਈਆਂ ਗਈਆਂ ਵਰਣ ਆਧਾਰਿਤ ਵੰਡੀਆਂ ਮੁਤਾਬਿਕ ਸਭ ਤੋਂ ਨੀਵੇਂ ਪੱਧਰ ਤੇ ਸ਼ੂਦਰਾਂ ਦੇ ਬਰਾਬਰ ਰੱਖਣ ਦੀਆਂ ਜੁਗਤਾਂ ਕੰਮ ਕਰਣ ਲਗ ਪਈਆਂ। ਜਿਵੇਂ ਕਿ ਪਹਿਲਾਂ ਦੱਸਿਆ ਜਾ ਚੁਕਿਆ ਹੈ ਕਿ ਧਰਮ ਦਾ ਭਾਰਤੀ ਸਮਾਜਿਕ ਜੀਵਨ ਉਪਰ ਗਹਿਰਾ ਅਸਰ ਮੁੱਢ ਤੋਂ ਰਿਹਾ ਹੈ। ਇਸੇ ਲਈ ਧਾਰਮਿਕ ਸਾਹਿਤ ਵੀ ਅਜਿਹਾ ਲਿਖਿਆ ਗਿਆ ਜਿਸ ਵਿਚ ਨਾਰੀ ਦੀ ਸਥਿਤੀ ਨੂੰ ਨੀਵਾਂ ਦਿਖਾਇਆ ਗਿਆ। ਵਿਦਵਾਨਾਂ ਵੱਲੋਂ ਮਨੂ ਸਮ੍ਰਿਤੀ ਇਸ ਲਈ ਸਭ ਤੋਂ ਵੱਧ ਜਿੰਮੇਵਾਰ ਠਹਿਰਾਈ ਗਈ ਹੈ। ਏਸੇ ਤਰ੍ਹਾਂ ਜੋਗੀਆਂ ਅਤੇ ਨਾਥ ਪਰੰਪਰਾਵਾਂ, ਜਿਹਨਾਂ ਦਾ ਭਾਰਤੀ ਸਮਾਜ ਵਿਚ ਸਨਮਾਨ ਯੋਗ ਥਾਂ ਸੀ, ਨੇ ਵੀ ਨਾਰੀ ਪ੍ਰਤੀ ਨਿਸ਼ੇਧਾਤਮਕ ਸ਼ਬਦਾਂ ਦੀ ਵਰਤੋਂ ਕੀਤੀ-

ਬਾਘਨੀ ਕੌ ਨਿਦਿਲੈ ਬਾਘਨੀ ਕੋ ਬਿੰਦਲੈ ਬਾਘਨੀ ਹਮਾਰੀ ਕਾਇਆ।

ਬਾਘਨੀ ਘੋਖਿ ਘੋਖਿ ਸੁੰਦਰ ਖਾਏ ਬਦਤ ਗੋਰਖੁ ਰਾਇਆ।

ਸਮਾਜ ਵਿਚ ਅਜਿਹੀਆਂ ਧਾਰਨਾਵਾਂ ਬਣਾ ਦਿੱਤੀਆਂ ਗਈਆ ਕਿ ਇਕ ਮਾਂ ਦਾ ਲੜਕੀ ਨੂੰ ਜਨਮ ਦੇਣਾਂ ਹੀ ਸਰਾਪ ਸਮਝਿਆ ਜਾਣ ਲੱਗ ਪਿਆ। ਸਮਾਜ ਵਿਚ ਅਜਿਹੇ ਮਾਪ ਦੰਡ ਪੈਦਾ ਕੀਤੇ ਜਾਣ ਲੱਗੇ ਜਿਸ ਨਾਲ ਔਰਤ ਪ੍ਰਤੀ ਸਨਮਾਨ ਯੋਗ ਦ੍ਰਿਸ਼ਟੀਕੋਣ ਹੀ ਸਮਾਪਤ ਹੋਣ ਲੱਗਾ। ਧਾਰਮਿਕ ਪੱਧਰ ਦੇ ਸਮਾਜ ਦੇ ਸੰਕੀਰਣ ਸੋਚ ਵਾਲੇ ਮਰਦ ਪ੍ਰਧਾਨ ਵਰਗ ਨੇ ਧਾਰਮਿਕ ਸਾਹਿਤ ਦੀ ਰਚਨਾ ਤੋਂ ਬਾਅਦ ਹੌਲੀ-ਹੌਲੀ ਸਮਾਜਿਕ ਸੰਸਥਾਵਂ ਅਤੇ ਰਸਮਾਂ ਰੀਤਾਂ ਵਿਚ ਬਦਲਾਅ ਕਰਨੇ ਸ਼ੁਰੂ ਕੀਤੇ। ਇਸ ਨਾਲ ਬਾਲ ਵਿਆਹ, ਬਹੁ ਵਿਆਹ, ਸਤੀ ਪ੍ਰਥਾ, ਵਿਧਵਾ ਵਿਆਹ ਤੇ ਰੋਕ, ਮਾਦਾ ਭਰੂਣ ਹੱਤਿਆ ਆਦਿ ਅਨੇਕਾਂ ਪ੍ਰਥਾਵਾਂ ਸ਼ੁਰੂ ਕੀਤੀਆਂ ਗਈਆਂ। ਇਹਨਾਂ ਸਭ ਮਾਨਤਾਵਾਂ ਦਾ ਮਕਸਦ ਸਮਾਜ ਵਿਚ ਔਰਤ ਦੀ ਪ੍ਰਤਿਸ਼ਠਾ ਨੂੰ ਠੱਲ੍ਹ ਪਾਉਣਾ ਸੀ। ਬਾਲ ਵਿਆਹ ਕਰਕੇ ਇੱਕ ਛੋਟੀ ਬੱਚੀ ਨੂੰ ਸਹੁਰੇ ਘਰ ਵਿਚ ਆਪਣੇ ਹਿਸਾਬ ਨਾਲ ਪਾਲਣ-ਪੋਸ਼ਣ ਅਤੇ ਉਸਦੀ ਸੋਚ ਦਾ ਵਿਕਾਸ ਨਾ ਹੋਣ ਦੇਣ ਵਿਚ ਸਹਾਈ ਹੋ ਰਹੀ ਸੀ। ਬਹੁ-ਵਿਆਹ ਕਾਰਨ ਪਹਿਲੀ ਔਰਤ ਦੇ ਹੁੰਦੇ ਦੂਜੀ ਦੇ ਘਰ ਵਿਚ ਆਉਣ ਨਾਲ ਉਸਦੇ ਮਾਨ-ਸਨਮਾਨ ਨੂੰ ਠੇਸ ਲਗਣਾ ਸੁਭਾਵਿਕ ਸੀ ਜਿਸ ਨਾਲ ਉਸਦੀ ਮਾਨਸਿਕ ਮਜ਼ਬੂਤੀ ਨੂੰ ਝੰਜੋੜਨ ਦਾ ਕੰਮ ਸੌਖਾ ਹੋ ਜਾਂਦਾ। ਸਤੀ ਪ੍ਰਥਾ ਅਨੁਸਾਰ ਔਰਤ ਨੂੰ ਮਰਦ ਤੋਂ ਬਿਨ੍ਹਾਂ ਜਿੰਦਗੀ ਦਾ ਹੱਕ ਨਾ ਦੇਣਾ ਅਤੇ ਵਿਧਵਾ ਨੂੰ ਸਮਾਜ ਨਾਲੋਂ ਤੋੜ ਕੇ ਵੱਖਰਾ ਤ੍ਰਾਸਦੀ ਭਰਿਆ ਜੀਵਨ ਜੀਉਣ ਲਈ ਮਜਬੂਰ ਕਰਨਾ ਇਹ ਸਭ ਰਸਮਾਂ ਔਰਤ ਨੂੰ ਸਮਾਜ ਵਿਚ ਮਰਦ ਦੀ ਅਧੀਨਗੀ ਪ੍ਰਵਾਨ ਕਰਨ ਲਈ ਸਮਾਜਿਕ ਪੱਧਰ ਤੇ ਕੀਤੇ ਗਏ ਇੰਤਜਾਮ ਸਨ।

ਇਹਨਾਂ ਸਭ ਪ੍ਰਥਾਵਾਂ ਨਾਲ ਸਮਾਜ ਵਿਚ ਔਰਤ ਦੇ ਸਨਮਾਨਯੋਗ ਸਥਾਨ ਨੂੰ ਬਹੁਤ ਸਦਮਾ ਪਹੁੰਚਿਆ। ਜੋ ਕਿ ਲਗਾਤਾਰ ਲੋਕ ਮਾਨਸਿਕਤਾ ਨੂੰ ਪ੍ਰਭਾਵਿਤ ਕਰਦਾ ਰਿਹਾ ਜਦੋਂ ਸਮਾਜ ਵਿਚ ਕੁਝ ਮਾਨਤਾਵਾਂ ਲੰਮੇ ਸਮੇਂ ਤੱਕ ਕਾਬਿਜ਼ ਰਹਿ ਜਾਣ ਤਾਂ ਉਹ ਲੋਕ ਮਨਾਂ ਅੰਦਰ ਦੂਰ ਤੱਕ ਘਰ ਕਰੀ ਰਖਦੀਆਂ ਹਨ। ਆਧੁਨਿਕ ਸਮੇਂ ਵਿਚ ਭਾਵੇਂ ਕਿ ਇਹਨਾਂ ਵਿਚੋਂ ਕਈ ਪ੍ਰਥਾਵਾਂ ਅਨੇਕਾਂ ਸਮਾਜ ਸੁਧਾਰਕਾਂ, ਕ੍ਰਾਂਤੀਕਾਰੀਆਂ ਅਤੇ ਗੁਰੂ ਨਾਨਕ ਦੇਵ ਜੀ ਵਰਗੇ ਯੁੱਗ ਪਲਟਾਊ ਅਤੇ ਨਵੀਂ ਸੇਧ ਦੇਣ ਵਾਲੇ ਗੁਰੂ ਸਾਹਿਬਾਨਾਂ ਸਦਕਾ ਖਤਮ ਵੀ ਹੋਈਆਂ ਹਨ ਪਰੰਤੂ ਅਜੇ ਵੀ ਨਾਰੀ ਪ੍ਰਤੀ ਨਜ਼ਰੀਆਂ ਸੰਕੀਰਣ ਹੈ। ਇਹਨਾਂ ਪ੍ਰਭਾਵਾਂ ਅਧੀਨ ਨਾਰੀ ਨੂੰ ਮਰਦ ਦੇ ਬਰਾਬਰ ਹੱਕ ਮਿਲੇ ਹਨ ਪਰੰਤੂ ਅਜੇ ਵੀ ਕੁੜੀਆਂ ਨੂੰ ਮੁੰਡਿਆਂ ਵਰਗੇ ਬਣਨ ਔਰਤਾਂ ਨੂੰ ਮਰਦਾਂ ਵਾਂਗ ਵਿਚਰ ਕੇ ਉਪਰ ਉਠਣ ਦੀਆਂ ਸਲਾਹਾਂ ਦਿੱਤੀਆਂ ਜਾਂਦੀਆਂ ਹਨ। ਅਜੇ ਵੀ ਸਮਾਜ ਵਿਚ ਮਰਦ ਨੂੰ ਮਾਡਲ ਰੂਪ ਵਿਚ ਦੇਖਿਆ ਜਾ ਰਿਹਾ ਹੈ ਅਤੇ ਸ਼ਾਇਦ ਇਸੇ ਲਈ ਨਾਰੀ ਦੇ ਸਤਿਕਾਰ ਲਈ ਕੀਤੀ ਗਈ ਹਰੇਕ ਧਾਰਮਿਕ ਸਮਾਜਿਕ, ਆਰਥਿਕ ਜਾਂ ਰਾਜਨੀਤਿਕ ਕਾਰਵਾਈ ਪੂਰੀ ਤਰ੍ਹਾਂ ਕਾਮਯਾਬ ਨਹੀਂ ਹੋ ਪਾ ਰਹੀ ਕਿਉਂਕਿ ਮਰਦ ਪ੍ਰਧਾਨ ਸਮਾਜ ਇਸ ਸਮੁੱਚੀ ਸਿਧਾਂਤਕ ਸੋਚ ਨੂੰ ਅਮਲ ਵਿਚ ਲਿਆਉਣ ਨਹੀਂ ਦਿੰਦਾ। ਹਰੇਕ ਵਿਹਾਰਕ ਸੰਸਥਾ ਉਪਰ ਅਜੇ ਵੀ ਮਰਦਾਨਾ ਦਬ-ਦਬਾ ਕਾਇਮ ਹੈ। ਜਦੋਂ ਤੱਕ ਸਮਾਜ ਦਾ ਹਰੇਕ ਵਿਅਕਤੀ ਇਹਨਾਂ ਤਬਦੀਲੀਆਂ ਦੀ ਜ਼ਰੂਰਤ ਮਹਿਸੂਸ ਨਹੀਂ ਕਰੇਗਾ ਉਦੋਂ ਤੱਕ ਇਹਨਾਂ ਮਸਲਿਆਂ ਦਾ ਹੱਲ ਲੱਭਣਾ ਮੁਸ਼ਕਿਲ ਹੈ।

ਪਾਠ ਦੇ ਅਗਲੇ ਹਿੱਸੇ ਵਿਚ ਅੱਜ ਵੀ ਸਮਾਜ ਵਿਚ ਫੈਲ ਰਹੀਆਂ ਕੁਝ ਕੁਰੀਤੀਆਂ ਅਤੇ ਉਹਨਾਂ ਦੇ ਕਾਰਣ ਅਤੇ ਸਿੱਖ ਫਲਸਫੇ ਅਨੁਸਾਰ ਇਹਨਾਂ ਦਾ ਹੱਲ ਸਮਝਣ ਦਾ ਯਤਨ ਕਰਦੇ ਹਾਂ।

**4.3 ਦਾਜ ਪ੍ਰਥਾ-**

ਇਹ ਪ੍ਰਥਾ ਹਿੰਦੁਸਤਾਨ ਵਿਚ ਬੇਹੱਦ ਪੁਰਾਣੀ ਹੈ। ਇਹ ਰੀਤ ਭਾਰਤੀ ਸਮਾਜ ਇਕ ਵਡੀ ਲਾਹਨਤ ਅਤੇ ਲੜਕੀਆਂ ਲਈ ਇੱਕ ਵੱਡਾ ਦੁਖਾਂਤ ਸਾਬਿਤ ਹੋ ਰਹੀ ਹੈ। ਇਸ ਦੀ ਆੜ ਵਿਚ ਲੁਟ ਹੋ ਰਹੀ ਹੈ। ਗੁਰੂ ਰਾਮਦਾਸ ਪਾਤਸ਼ਾਹ ਜੀ ਨੇ ਇਸ ਪ੍ਰਥਾ ਦਾ ਵਿਰੋਧ ਕੀਤਾ ਸੀ ਅਤੇ ਇਸਨੂੰ ਹੰਕਾਰ ਦਾ ਦਿਖਾਵਾ ਮੰਨਿਆ ਸੀ। ਉਹਨਾਂ ਫੁਰਮਾਣ ਕੀਤਾ ਸੀ ਕਿ ਅਸਲ ਦਹੇਜ ਤਾਂ ਪਰਮਾਤਮਾ ਦੀ ਬੰਦਗੀ ਦਾ ਗੁਣ ਹੈ ਜੋ ਬੱਚੀਆਂ ਨੂੰ ਦੇਣਾ ਚਾਹੀਦਾ ਹੈ-

ਹਰਿ ਪ੍ਰਭ ਮੇਰੇ ਬਾਬਲਾ ਹਰਿ ਦੇਵਹੁ ਦਾਨੁ ਮੈ ਦਾਜੋ

ਹਰਿ ਕਪੜੋ ਹਰਿ ਸੋਭਾ ਦੇਵਹੁ ਜਿਤ ਸਵਰੋ ਮੇਰਾ ਕਾਜੋ॥

ਸਿੱਖ ਇਤਿਹਾਸ ਵਿਚ ਬੀਬੀ ਭਾਨੀ ਜੀ ਦਾ ਵੱਡਾ ਯੋਗਦਾਨ ਹੈ। ਉਹਨਾਂ ਨੇ ਗੁਰੂ ਪਿਤਾ ਅਮਰਦਾਸ ਜੀ ਦੀ ਸੇਵਾ ਕੀਤੀ। ਗੁਰੂ ਪਿਤਾ ਤੋਂ ਉਹਨਾਂ ਨੂੰ ਭਗਤੀ ਦਾ ਦਾਜ ਪ੍ਰਾਪਤ ਹੋਇਆ ਸੀ। ਇਸੇ ਦਾਜ ਦੀ ਬਰਕਤ ਨਾਲ ਬੀਬੀ ਭਾਨੀ ਜੀ ਨੇ ਖਾਨਦਾਨ ਵਿਚ ਮਹਾਨ ਹਸਤੀਆਂ ਨੇ ਜਨਮ ਲਿਆ। ਜਿੰਨ੍ਹਾਂ ਨੇ ਹਿੰਦੁਸਤਾਨ ਦਾ ਇਤਿਹਾਸ ਬਦਲ ਦਿੱਤਾ। ਛੇਵੀਂ ਪਾਤਸ਼ਾਹੀ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਜੀ ਨੇ ਇਕ ਵਾਰ ਫੁਰਮਾਇਆ ਸੀ ਕਿ ਨਿਸ਼ਾਨ ਇਸਤਰੀ ਈਆਨ ਹੈ॥ ਦੌਲਤ ਗੁਜਰਾਨ ਹੈ॥ ਪੁੱਤਰ ਨਿਸ਼ਾਨ ਹੈ॥ ਪਰੰਤੂ ਸਮਾਜ ਵਿਚ ਅੱਜ ਵੀ ਇਸਤਰੀ ਨਾਲ ਜੁੜੀਆਂ ਹੋਈਆਂ ਸਮਾਜਿਕ ਬੁਰਾਈਆਂ ਉਸਦੇ ਜਨਮ ਨਾਲ ਹੀ ਸ਼ੁਰੂ ਹੋ ਜਾਂਦੀਆਂ ਹਨ। ਵਿਆਹ ਦਾ ਸਮਾਂ ਆਉਂਦੇ ਤਕ ਮੁੰਡੇ ਘਰ ਨੂੰ ਤਰਜੀਹ ਦੇਣਾ ਸਾਡੀ ਮਾਨਸਿਕਤਾ ਦਾ ਹਿੱਸਾ ਬਣ ਗਿਆ ਹੈ। ਵਿਆਹ ਵੇਲੇ ਲੜਕੇ ਦੇ ਘਰ ਵਾਲਿਆਂ ਦੇ ਘਰ ਇਕ ਅਲੱਗ ਤਰ੍ਹਾਂ ਦੀ ਖੁਸ਼ਹਾਲੀ ਦਾ ਸਮਾਂ ਹੁੰਦਾ ਹੈ ਪਰੰਤੂ ਨਾ ਸਹਿੰਦੇ ਪਰਿਵਾਰਾਂ ਵਿਚ ਕੁੜੀ ਵਾਲਿਆਂ ਦੇ ਘਰ ਵਿਆਹ ਇਕ ਭਾਰ ਸਮਝਿਆ ਜਾਂਦਾ ਹੈ ਅਤੇ ਔਖੇ ਹੋ ਕੇ ਇਸ ਫਰਜ਼ ਦੇ ਨਿਪਟਾਰੇ ਦੀਆਂ ਕੋਸ਼ਿਸ਼ਾਂ ਹੁੰਦੀਆਂ ਹਨ। ਸਹੁਰੇ ਪਰਿਵਾਰ ਦੇ ਲੋਕ ਕਈ ਵਾਰ ਸਾਰਾ ਜੀਵਨ ਲੜਕੀ ਦੇ ਬਾਪ ਦੇ ਘਰ ਵੱਲ ਲਲਚਾਈਆਂ ਨਜ਼ਰਾਂ ਗੱਡੀ ਰਖਦੇ ਹਨ ਇਹ ਸਥਿਤੀ ਬਹੁਤ ਗੰਭੀਰ ਹੈ। ਪੁੱਤਰ ਅਤੇ ਪੁੱਤਰੀ ਦੁਆਰਾ ਵਿਆਹ ਵਾਲਾ ਰਿਸ਼ਤਾ ਪਵਿੱਤਰ ਨਾ ਹੋ ਕੇ ਰਿਸ਼ਤੇਦਾਰਾਂ ਦੀ ਥਾਂ ਚੰਗੀ ਪਾਰਟੀ ਲੱਭੀ ਜਾਣ ਲੱਗ ਪਈ ਹੈ। ਵਿਆਹਾਂ ਉਪਰ ਮੈਰਿਜ ਪੈਲਸਾਂ ਆਦਿ ਦੇ ਬੇਲੋੜੇ ਖਰਚੇ ਵੀ ਕੁੜੀ ਨੂੰ ਦਾਜ ਦੇਣ ਦਾ ਇਕ ਰੂਪ ਬਣਦਾ ਜਾ ਰਿਹਾ ਹੈ। ਅਮੀਰਾਂ ਲਈ ਇਹ ਹਉਮੈਂ ਅਤੇ ਹੰਕਾਰ ਦਾ ਪ੍ਰਗਟਾਵਾ ਅਤੇ ਗਰੀਬਾਂ ਲਈ ਇਹ ਇੱਕ ਸਰਾਪ ਹੈ।

ਵਿਆਹ ਦੇ ਨਿਯਮਾਂ ਮੁਤਾਬਕ ਦਾਜ ਰਾਹੀਂ ਪਰਿਵਾਰ ਦੇ ਆਰਥਿਕ ਅਤੇ ਭਾਵਨਾਤਮਕ ਸਾਧਨ ਲੜਕੀ ਦੇ ਨਾਲ ਹੀ ਜਾਂਦੇ ਹਨ ਫਿਰ ਵੀ ਵਿਆਹ ਪਿੱਛੋਂ ਵੀ ਉਸ ਬਾਰੇ ਕਈ ਸਾਲ ਚਿੰਤਾ ਬਣੀ ਰਹਿੰਦੀ ਹੈ। ਕਈ ਥਾਵਾਂ ਤੇ ਇਹ ਕਹਾਵਤ ਸੁਣਾਈ ਦਿੰਦੀ ਹੈ ਕਿ 'ਪੁੱਤ ਵਿਆਹੀਏ ਬਾਰ-ਬਾਰ, ਧੀ ਵਿਆਹੀਏ ਇਕ ਵਾਰ' ਮੁੰਡੇ ਦਾ ਬਾਰ-ਬਾਰ

ਵਿਆਹ ਕਰਨਾ ਉਚੇ ਸਮਾਜਕ ਰੁਤਬੇ ਦਾ ਪ੍ਰਤੀਕ ਹੈ। ਪੁੱਤ ਦੇ ਵਿਆਹ ਤੇ ਦਾਜ ਲੈਣ ਵਾਲਿਆਂ ਦੀ ਲਾਲਸਾ ਇਉਂ ਪ੍ਰਗਟ ਹੁੰਦੀ ਹੈ- ਮੁੰਡਾ ਮੰਗਿਆ, ਚਰਖਾ ਟੰਗਿਆ। ਇਸਦੇ ਅਰਥ ਇਹ ਵੀ ਲਏ ਜਾ ਸਕਦੇ ਹਨ ਕਿ ਮੁੰਡੇ ਦੇ ਵਿਆਹ ਬਾਅਦ ਕੱਪੜਿਆਂ ਆਦਿ ਦਾ ਪ੍ਰਬੰਧ ਕੁੜੀ ਦੇ ਪਰਿਵਾਰ ਵਲੋਂ ਆ ਜਾਣਾ ਹੈ ਜਾਂ ਵਿਆਹ ਦੇ ਬਾਅਦ ਨੂੰਹ ਨੂੰ ਆ ਕੇ ਸਾਰਾ ਕੰਮ ਕਰਨਾ ਹੈ ਸੋ ਇਹ ਸੰਕੇਤ ਹਨ ਕਿ ਸਮਾਜ ਦੀ ਮਾਨਸਿਕਤਾ ਕਿਧਰ ਜਾ ਰਹੀ ਹੈ।

ਇਹ ਪ੍ਰਥਾ ਇਕ ਲਾਹਨਤ ਹੈ ਜਿਸਤੋਂ ਪੂਰੀ ਤਰ੍ਹਾਂ ਨਿਜਾਤ ਪਾਉਣ ਦੀ ਸੰਪੂਰਨ ਸਮਰੱਥਾ ਗੁਰਮਤਿ ਵਿਚਾਰਧਾਰਾ ਅਤੇ ਗੁਰ ਇਤਿਹਾਸ ਵਿਚੋਂ ਨਿਸ਼ਚੇ ਹੀ ਪ੍ਰਾਪਤ ਕੀਤੀ ਜਾ ਸਕਦੀ ਹੈ। ਦਾਜ ਦੇਣਾ, ਇਕ ਤਰ੍ਹਾਂ ਦੀ ਸਮਾਜਿਕ ਨਾ ਬਰਾਬਰਤਾ ਦਾ ਪ੍ਰਤੀਕ ਹੈ, ਜਿਸ ਘਰੋਂ ਧੀ ਦੇ ਦਿੱਤੀ ਜਾਂਦੀ ਹੈ ਉਸ ਘਰੋਂ ਦਾਜ ਰੂਪ ਵਿਚ ਸਮਾਨ, ਕੱਪੜੇ, ਗਹਿਣੇ ਆਦਿ ਲੈਣਾ ਬੇਹੱਦ ਸ਼ਰਮਨਾਕ ਵਤੀਰਾ ਹੈ। ਜੇਕਰ ਅਸੀਂ ਲੜਕੀਆਂ ਨੂੰ ਲੜਕਿਆਂ ਦੇ ਬਰਾਬਰ ਮੰਨੀਏ ਅਤੇ ਸਿੱਖ ਗੁਰੂ ਸਾਹਿਬਾਨਾਂ ਦੁਆਰਾ ਦਿੱਤੇ ਗਏ ਬਰਾਬਰੀ ਦੇ ਉਪਦੇਸ਼ ਉਪਰ ਅਮਲ ਕਰੀਏ ਤਾਂ ਸਮਾਜ ਵਿਚੋਂ ਇਹ ਅਲਾਮਤ ਸਦਾ ਲਈ ਖਤਮ ਕੀਤੀ ਜਾ ਸਕਦੀ ਹੈ।

### 4.4 ਭਰੂਣ ਹੱਤਿਆ-

ਮਰਦ ਪ੍ਰਧਾਨ ਸਮਾਜ ਵਲੋਂ ਦਿਤੀ ਜਾਂਦੀ ਪੀੜ ਨਾਰੀ ਨੂੰ ਜੀਵਨ ਦੇ ਹਰੇਕ ਦੁਖ ਦਿੰਦੀ ਹੈ ਜਿਸ ਤੋਂ ਦੁਖੀ ਹੋ ਕੇ ਕਸ਼ਟ ਸਹਾਰਦੀ ਹੋਈ ਉਹ ਭਰੂਣ ਹੱਤਿਆ ਵਰਗਾ ਪਾਪ ਕਰਵਾਉਣ ਲਈ ਰਾਜੀ ਹੁੰਦੀ ਹੈ। ਇਹ ਵੀ ਇਕ ਤਰ੍ਹਾਂ ਦੀ ਸਦੀਆਂ ਤੋਂ ਚਲਦੀ ਆ ਰਹੀ ਸਮਾਜਿਕ ਪਰੰਪਰਾ ਵਿਚ ਇਸਤਰੀ ਨਾਲ ਹੋਣ ਵਾਲੀ ਨਾ ਬਰਾਬਰੀ ਅਤੇ ਅੱਤਿਆਚਾਰ ਦਾ ਹੀ ਇਕ ਕਾਲਾ ਸੱਚ ਹੈ। ਅੱਜ ਕੱਲ ਨਵੀਆਂ ਤਕਨੀਕਾਂ ਦੀ ਮੱਦਦ ਨਾਲ ਜਨਮ ਤੋਂ ਪਹਿਲਾਂ ਹੀ ਮਾਂ ਦੀ ਕੁੱਖ ਵਿਚ ਮਾਦਾ ਦਾ ਕਤਲ ਕਰ ਦਿੱਤਾ ਜਾਂਦਾ ਹੈ, ਜਿਸ ਵਿਚ ਪੰਜਾਬ ਵੀ ਸ਼ਾਮਿਲ ਹੈ। ਇਹ ਬੇਹੱਦ ਮੰਦਭਾਗਾ ਹੈ ਕਿ ਗੁਰੂ ਸਾਹਿਬਾਨਾਂ ਦੀ ਧਰਤੀ ਉਪਰ ਭਰੂਣ ਹੱਤਿਆ ਵਰਗਾ ਘੋਰ ਪਾਪ ਹੋ ਰਿਹਾ ਹੈ। ਦਰਅਸਲ ਸਿੱਖ ਵਿਦਵਾਨਾਂ ਨੇ ਇਹ ਤੱਥ ਵੀ ਸਾਹਮਣੇ ਲਿਆਂਦਾ ਹੈ ਕਿ ਗੁਰੂ ਕਾਲ ਤੋਂ ਪਿਛੋਂ ਸਿੱਖਾਂ ਨੂੰ ਜੁਲਮ ਦੇ ਕਾਲੇ ਦੌਰ ਵਿਚੋਂ ਲੰਘਣਾ ਪਿਆ ਜਿਸ ਸਮੇਂ ਉਹਨਾਂ ਦੀਆਂ ਜਾਨਾਂ ਅਤੇ ਇੱਜਤਾਂ ਦਾਅ ਤੇ ਲਗ ਗਈਆ। ਇਸ ਅਸੁਰੱਖਿਆ ਦੀ ਭਾਵਨਾ ਦੇ ਚਲਦੇ ਸਿੱਖ ਸਮਾਜ ਵੀ ਕਿਤੇ ਨਾ ਕਿਤੇ ਇਸ ਪਾਪ ਦਾ ਭਾਗੀਦਾਰ ਬਣਨ ਲੱਗ ਪਿਆ ਜੋ ਕਿ ਅੱਜ ਸਿੱਖ ਸਮਾਜ ਦੇ ਭਵਿੱਖ ਲਈ ਚਿੰਤਾ ਦਾ ਵਿਸ਼ਾ ਹੈ।

ਸਿੱਖ ਸਾਹਿਤ ਵਿਚ ਰਹਿਤ ਮਰਿਯਾਦਾ ਦਾ ਖਾਸ ਸਥਾਨ ਹੈ। ਗੁਰੂ ਸਾਹਿਬਾਨ ਦੇ ਨਜਦੀਕੀ ਸਿੱਖਾਂ ਨੇ ਲਿਖਿਆ ਸੀ ਕਿ 'ਜੋ ਕੰਨਿਆ ਮਾਰੈ ਸੋ ਖੂਨੀ ਤਨਖਾਹੀਆ'। ਸਿੱਖ ਰਹਿਤ ਮਰਿਯਾਦਾ ਅਨੁਸਾਰ ਕੁੜੀਮਾਰ ਨਾਲ ਸੰਬੰਧ ਰੱਖਣ ਦੀ ਸਖਤ ਸ਼ਬਦਾਂ ਵਿਚ ਮਨਾਹੀ ਹੈ। ਸਿੱਖ ਸਮਾਜ ਵਿਚ ਕੁੜੀ ਮਾਰਨ ਵਾਲੇ ਨੂੰ ਨਫਰਤ ਦੀ ਨਿਗਾਹ ਨਾਲ ਵੇਖਿਆ ਜਾਂਦਾ ਸੀ। ਜਨਮ ਸਾਖੀ ਸਾਹਿਤ ਵਿਚ ਵੀ ਕੁੜੀ ਮਾਰਨ ਅਤੇ ਕੰਨਿਆ ਦੇ ਪੈਸੇ ਲੈਣ ਵਾਲੇ ਪ੍ਰਤੀ ਸਖਤ ਸਵਾਲੀਆ ਨਿਸ਼ਾਨ ਸਨ-

'ਗੁਰੂ ਜੀ ਕਹਿਆ- ਸੁਣ ਬਾਲਾ। ਇਹ ਵੱਡੀ ਭਾਰੀ ਹੱਤਿਆ ਹੈ ਕੰਨਿਆ ਦਾ ਦਰਬ ਲੈਣਾ ਅਤੇ ਕੰਨਿਆ ਮਾਰਨੀ, ਪਰ ਸੰਸਾਰ ਇਸ ਹੱਤਿਆ ਵਿਚ ਲੱਗ ਰਿਹਾ ਹੈ।' (ਜਨਮ ਸਾਖੀ ਭਾਈ ਬਾਲਾ ਜੀ)

ਜੇਕਰ ਅਸੀਂ ਅਜੋਕੇ ਸਮਾਜ ਨੂੰ ਵੀ ਦੇਖੀਏ ਤਾਂ ਵੀ ਇਹ ਵਰਤਾਰਾ ਚਲ ਰਿਹਾ ਹੈ ਕਿ ਘਰ ਵਿਚ ਲੜਕੀ ਦੇ ਪੈਦਾ ਹੋਣ ਤੇ ਉਹ ਖੁਸ਼ੀ ਦਿਖਾਈ ਨਹੀਂ ਦਿੰਦੀ (ਕੁਝ ਚੋਣਵੇਂ ਪਰਿਵਾਰਾਂ ਨੂੰ ਛੱਡ ਕੇ) ਜੋ ਕਿ ਲੜਕੇ ਦੇ ਜਨਮ ਲੈਣ ਨਾਲ ਹੁੰਦੀ ਹੈ। ਮਰਦਾਂ ਵਲੋਂ ਖੁੱਲ੍ਹੇਆਮ ਧੀਆਂ, ਭੈਣਾਂ, ਮਾਵਾਂ ਦੇ ਨਾਮ ਤੇ ਗਾਲੀ ਗਲੋਚ ਹੁੰਦਾ ਹੈ। ਇਸਤੋਂ ਇਲਾਵਾ ਸਮਾਜ ਵੱਲੋਂ ਮੁੰਡੇ ਅਤੇ ਕੁੜੀ ਦੇ ਮਨਾਂ ਵਿਚ ਆਪਣੇ ਅਤੇ ਪਰਾਏ ਦੀ ਭਾਵਨਾ ਵੀ ਪੈਦਾ ਕੀਤੀ ਜਾਂਦੀ ਹੈ ਅਤੇ ਕੁੜੀਆਂ ਨੂੰ ਮੁੱਢ ਤੋਂ ਇਹ ਸਿਖਾਇਆ ਜਾਂਦਾ ਹੈ ਕਿ ਉਹਨਾਂ ਦਾ ਸੰਸਾਰ ਕੋਈ ਹੋਰ ਬਣੇਗਾ। ਇਹ ਵਖਰੇਵਾਂ ਜਨਮ ਤੋਂ ਹੀ ਸ਼ੁਰੂ ਹੋ ਜਾਂਦਾ ਹੈ। ਕਈ ਲੋਕ ਬੋਲੀਆਂ ਆਮ ਕਰਕੇ ਬਿਨ੍ਹਾਂ ਸੋਚੇ ਸਮਝੇ ਸਾਡੇ ਸਮਾਜ ਦੀ ਮਾਨਸਿਕਤਾ ਨੂੰ ਕਿਤੇ ਵੀ ਬੁਰੀਆਂ ਨਹੀਂ ਲੱਗਦੀਆਂ ਅਤੇ ਆਮ ਸੁਣਾਈ ਦਿੰਦੀਆਂ ਹਨ ਜਿਵੇਂ-

ਜੇ ਤੇਰੇ ਘਰ ਹੋਈ ਧੀ ਵੇ ਬਾਬਲਾ, ਸੋਚੀਂ ਪੈ ਕੇ ਜੀ ਵੇ ਬਾਬਲਾ

ਜੇ ਤੇਰੇ ਘਰ ਹੋਇਆ ਪੁੱਤ ਵੇ ਬਾਬਲਾ, ਹੁਣ ਦਾਰੂ ਦੀ ਰੁੱਤ ਵੇ ਬਾਬਲਾ।

ਇਹ ਐਸੀ ਹਕੀਕਤ ਹੈ ਜਿਸ ਨੂੰ ਸਾਡਾ ਸਮਾਜ ਅਸਾਨੀ ਨਾਲ ਅਪਣਾਈ ਬੈਠਾ ਹੈ, ਇਹ ਨਹੀਂ ਸੋਚਿਆ ਜਾ ਰਿਹਾ ਕਿ ਇਸ ਪਿਛਲੀ ਪਿਛੜੀ ਹੋਈ ਮਾਨਸਿਕਤਾ ਸਾਨੂੰ ਕੈਸੀਆਂ ਸਮੱਸਿਆਵਾਂ ਦੇ ਦਰਪੇਸ਼ ਖੜ੍ਹਾ ਕਰ ਰਹੀ ਹੈ। ਲੜਕੇ ਦੇ ਪੈਦਾ ਹੋਣ ਤੇ ਸਮਾਜਿਕ ਰੀਤਾਂ ਵਿਚ ਉਤਸ਼ਾਹ ਵੀ ਵੇਖਣ ਵਾਲਾ ਹੁੰਦਾ ਹੈ ਮਾਂ-ਪਿਉ ਵੀ ਪੁੱਤਰ ਨੂੰ ਸੋਹਣਾ, ਲਾਲ, ਬਾਊ, ਚੰਨ ਆਦਿ ਸ਼ਬਦਾਂ ਨਾਲ ਸੰਬੋਧਨ ਕਰਕੇ ਮਾਣ ਮਹਿਸੂਸ ਕਰ ਲੈਂਦੇ ਹਨ ਪਰ ਇਹ ਨਹੀਂ ਸੋਚਦੇ ਕਿ ਜੇਕਰ ਪਰਿਵਾਰ ਵਿਚ ਕਿਸੇ ਹੋਰ ਦੰਪਤੀ ਕੋਲ ਲੜਕੀ ਹੈ ਤਾਂ ਉਹਨਾਂ ਦੇ ਮਨ ਉੱਪਰ ਕੀ ਅਸਰ ਪੈਂਦਾ ਹੋਵੇਗਾ। ਇਹ ਸਭ ਵਤੀਰਾ ਹੌਲੀ-ਹੌਲੀ ਸਮਾਜ ਵਿੱਚ ਮਾਦਾ ਭਰੂਣ ਹੱਤਿਆ ਨੂੰ ਪ੍ਰਚਲਿਤ ਕਰਨ ਵਾਲੀ ਮਾਨਸਿਕਤਾ ਨੂੰ ਬਲ ਦਿੰਦਾ ਰਹਿੰਦਾ ਹੈ।

ਆਧੁਨਿਕ ਵਿੱਦਿਆ ਦੇ ਪ੍ਰਭਾਵ ਨਾਲ ਪੜੇ-ਲਿਖੇ ਵਰਗ ਦਾਜ ਨਾ ਲੈਣਾ ਨਾ ਦੇਣਾ ਜਾਂ ਕੁੜੀਆਂ ਮੁੰਡਿਆਂ ਪ੍ਰਤੀ ਬਰਾਬਰੀ ਦਾ ਵਤੀਰਾ ਵੇਖਿਆ ਜਾ ਰਿਹਾ ਹੈ। ਪਰੰਤੂ ਇਹਨਾਂ ਦੀ ਗਿਣਤੀ ਆਟੇ ਵਿਚ ਲੂਣ ਬਰਾਬਰ ਹੀ ਹੈ। ਸਰਕਾਰ ਵੱਲੋਂ ਵੀ ਭਰੂਣ ਹੱਤਿਆ ਕਾਨੂੰਨੀ ਅਪਰਾਧ ਘੋਸ਼ਿਤ ਕਰਕੇ ਜੁਰਮਾਨੇ ਦੀ ਵਿਵਸਥਾ ਆਦਿ ਤਾਂ ਕੀਤੀ ਗਈ ਹੈ ਪਰੰਤੂ ਜਦੋਂ ਤੱਕ ਲੋਕ ਮਾਨਸਿਕਤਾ ਵਿਚੋਂ ਇਹ ਕੁਰੀਤੀ ਨਾ ਗਈ ਉਦੋਂ ਤੱਕ ਇਸਦਾ ਸਾਰਥਕ ਹੱਲ ਮੁਸ਼ਕਿਲ ਹੈ। ਧਾਰਮਿਕ ਸਿੱਖਿਆਵਾਂ ਦਾ ਭਾਰਤੀ ਮਾਨਸਿਕਤਾ ਉੱਪਰ ਡੂੰਘਾ ਅਸਰ ਪੈਂਦਾ ਰਿਹਾ ਹੈ ਅਤੇ ਸਿੱਖ ਦਰਸ਼ਨ ਕੋਲ ਅਜਿਹੀ ਸਿਧਾਂਤਕ ਸ਼ਕਤੀ ਮੌਜੂਦ ਹੈ ਕਿ ਉਹ ਇਹ ਬਦਲ ਲਿਆ ਸਕਦੀ ਹੈ। ਗੁਰਬਾਣੀ ਵਿਚ ਕੰਨਿਆ ਨੂੰ ਮਾਰਨਾ ਮਹਾਂ ਪਾਪ ਦਰਸਾਇਆ ਗਿਆ ਹੈ-

ਬ੍ਰਹਮਣ ਕੈਲੀ ਘਾਤ ਕੰਞਕਾ ਅਣਚਾਰੀ ਕਾ ਧਾਨੁ।

ਫਿਟਕ ਫਿਟਕਾ ਕੋੜ ਬਦੀਆ ਸਦਾ ਸਦਾ ਅਭਿਮਾਨੁ।

ਪਾਇ ਏਤੇ ਜਾਇ ਵੀਸਰਿ ਨਾਨਕਾ ਇਕ ਨਾਮੁ।

ਸਿੱਖ ਸਾਹਿਤ ਵਿਚ ਕੁੜੀਮਾਰ ਦਾ ਬਾਈਕਾਟ ਕਰਕੇ ਉਸ ਦੀ ਪੁਰਜੋਰ ਨਿੰਦਾ ਕੀਤੀ ਗਈ ਹੈ-

ਕੁੜੀਮਾਰ ਆਦਿਕ ਹੈ ਜੇਤੇ। ਮਨ ਤੇ ਦੂਰ ਤਿਆਗੋ ਤੇਤੇ।

(ਰਹਿਤਨਾਮਾ-ਭਾਈ ਦੇਸਾ ਸਿੰਘ)

ਨੜੀਮਾਰ, ਸਿਰਗੁੰਮ, ਕੁੜੀਮਾਰ ਨਾਲ ਰੋਟੀ ਬੇਟੀ ਦਾ ਨਹੀ ਰੱਖਣਾ।

(ਰਹਿਤਨਾਮਾ- ਭਾਈ ਨੰਦ ਲਾਲ ਜੀ)

ਛੇਵੇਂ ਪਾਤਸ਼ਾਹ ਸ੍ਰੀ ਗੁਰੂ ਹਰਗੋਬਿੰਦ ਸਿੰਘ ਜੀ ਨੇ ਫੁਰਮਾਇਆ ਕਿ ਹਰ ਮਾਂ ਕੋਲ ਇਕ ਬੇਟੀ ਹੋਣੀ ਜ਼ਰੂਰੀ ਹੈ।

ਸੀਲ ਖਾਨ ਕੰਨਿਆ ਇਕ ਹੋਵੈ। ਨਹੀ ਤ ਮਾ ਗ੍ਰਿਹਸਤ ਵਿਗੋਵੈ।

(ਗੁਰਬਿਲਾਸ ਪਾਤਸ਼ਾਹੀ ਛੇਵੀਂ ਅਨੁਸਾਰ ਬਚਨ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਜੀ)

ਦੁਨੀਆਂ ਵਿਚ ਸਿੱਖ ਦਰਸ਼ਨ ਇਕਲੌਤਾ ਐਸਾ ਅਮਲ ਹੈ ਜਿਸ ਵਿਚ ਐਨੇ ਸਖਤ ਸ਼ਬਦਾਂ ਵਿਚ ਗੁਰੂ ਸਾਹਿਬ ਨੇ ਸਮਾਜ ਵਿਚ ਪਨਪ ਰਹੀ ਇਸ ਵਿਤਕਰਾ ਆਧਾਰਿਤ ਕੁਰੀਤੀ ਦਾ ਸਖਤ ਵਿਰੋਧ ਕੀਤਾ ਗਿਆ ਹੈ। ਆਪ ਨੇ ਫੁਰਮਾਇਆ ਉਸ ਇਸਤਰੀ ਨੂੰ ਮੰਦਾ ਕਿਵੇਂ ਕਹਿ ਸਕਦੇ ਹਾਂ ਜਿਹਨਾਂ ਦੀ ਕੁਖ ਤੋਂ ਤੁਸੀਂ ਮਹਾਨ ਲੋਗ ਪੈਦਾ ਹੋਏ ਹੋ- ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨੁ।।

ਗੁਰਮਤਿ ਅਨੁਸਾਰ ਇਸਤਰੀ ਜਾਤੀ ਸਮਾਜ ਦਾ ਕੋਈ ਘੱਟ ਮਹੱਤਵਪੂਰਨ ਅੰਗ ਨਹੀਂ ਸਗੋਂ ਕਿ ਬਲਵਾਨ ਸ਼ਕਤੀ ਹੈ- ਸਿੱਖ ਇਤਿਹਾਸ ਗਵਾਹ ਹੈ ਕਿ ਜਿਥੇ ਬੀਬੀ ਅਮਰੋ ਜੀ ਦੀ ਪ੍ਰੇਰਨਾ ਨਾਲ ਤੀਜੇ ਪਾਤਸ਼ਾਹ ਜੀ ਨੂੰ ਗੁਰਗੱਦੀ ਮਿਲੀ, ਬੀਬੀ ਭਾਨੀ, ਭੈਣ ਨਾਨਕੀ, ਮਾਤਾ ਸਾਹਿਬ ਕੌਰ, ਮਾਤਾ ਸੁੰਦਰੀ, ਮਹਾਰਾਣੀ ਸਦਾ ਕੌਰ ਆਦਿ ਐਸੀਆਂ ਮਹਾਨ ਸਿੰਘਣੀਆਂ ਹਨ ਜਿਹਨਾਂ ਦਾ ਸਮਾਜਿਕ ਉਚ ਕਦਰਾਂ ਕੀਮਤਾਂ ਵਿਚ ਪਾਇਆ ਗਿਆ ਯੋਗਦਾਨ ਝੁਠਲਾਇਆ ਨਹੀਂ ਜਾ ਸਕਦਾ।

ਅਜੋਕੇ ਸਮੇਂ ਵਿਚ ਵੀ ਜੇਕਰ ਦੇਖੀਏ ਤਾਂ ਦੁਨੀਆਂ ਭਰ ਵਿਚ ਕਿੰਨੀਆਂ ਮਹਾਨ ਇਸਤਰੀਆਂ ਦਾ ਯੋਗਦਾਨ ਜੀਵਨ ਦੇ ਹਰੇਕ ਖੇਤਰ ਵਿਚ ਮੌਜੂਦ ਹੈ ਜਿਵੇਂ ਮਦਰ ਟੈਰੇਸਾ ਜਾਂ ਕਲਪਨਾ ਚਾਵਲਾ ਆਦਿ। ਸਾਨੂੰ ਪਤਾ ਹੈ ਕਿ ਇਸਤਰੀ ਘ੍ਰਿਣਾ ਦੀ ਪਾਤਰ ਨਹੀਂ ਤਾਂ ਕਿ ਫਿਰ ਵੀ ਸਮਾਜ ਵਿਚ ਪਨਪ ਰਹੀ ਮਾਦਾ ਭਰੂਣ ਹੱਤਿਆ ਦੀ ਖਤਰਨਾਕ ਸਮੱਸਿਆ ਨੂੰ ਠੱਲ ਨਾ ਪਾਈ ਤਾਂ ਸਾਡਾ ਆਉਣ ਵਾਲਾ ਭਵਿੱਖ ਬੇਹੱਦ ਗੰਭੀਰ ਨਤੀਜੇ ਭੁਗਤੇਗਾ।

ਸੋ ਜ਼ਰੂਰਤ ਹੈ ਕਿ ਇਸ ਪ੍ਰਵਿਰਤੀ ਦੇ ਪ੍ਰਚੰਡ ਰੂਪ ਨੂੰ ਰੋਕਣ ਲਈ ਗੁਰਬਾਣੀ ਅਤੇ ਗੁਰ ਇਤਿਹਾਸ ਦੀ ਲੋਅ ਵਿਚ ਅਮਲੀ ਜੀਵਨ ਜੀਉਣ ਦਾ ਯਤਨ ਕਰੀਏ ਅਤੇ ਮਨੁੱਖੀ ਸੋਚ ਨੂੰ ਪਰੰਪਰਾਗਤ ਨੀਵੀਆਂ ਮਾਨਸਿਕ ਭਾਵਨਾਵਾਂ ਨੂੰ ਬਦਲ ਕੇ ਇਕ ਸੁਚੱਜੀ ਸੇਧ ਦੇਣ ਲਈ ਯਤਨ ਕਰੀਏ।

## 4.5 **ਘਰੇਲੂ ਹਿੰਸਾ-**

ਪਰਿਵਾਰ ਵਿਚ ਬੱਚੇ ਦਾ ਪਾਲਣ-ਪੋਸ਼ਣ ਦਾ ਅੰਤਰ ਸਮਾਜਿਕ ਤਾਕਤ, ਮਲਕੀਅਤ ਅਤੇ ਅਧਿਕਾਰਾਂ ਨੂੰ ਪ੍ਰਭਾਵਿਤ ਕਰਦਾ ਹੈ। ਮੁੱਢ ਤੋਂ ਹੀ ਮਰਦ ਨੂੰ ਸਮਾਜ ਵਿਚ ਵਧੇਰੇ ਅਧਿਕਾਰ ਅਤੇ ਤਾਕਤਾਂ ਦਾ ਮਾਲਕ ਸਮਝਿਆ ਗਿਆ ਹੈ ਅਤੇ ਔਰਤ ਵੀ ਉਸਦੀ ਮਾਲਕੀਅਤ ਦਾ ਹਿੱਸਾ ਬਣ ਗਈ। ਭਾਰਤੀ ਇਤਿਹਾਸ, ਮਿਥਿਹਾਸ ਵਿਚ ਕਈ ਐਸੀਆਂ ਘਟਨਾਵਾਂ ਦੇਖਣ ਨੂੰ ਮਿਲਦੀਆਂ ਹਨ, ਜਿੱਥੇ ਇਹ ਵਤੀਰਾਂ ਦਰਦਨਾਕ ਤਸਵੀਰ ਪੇਸ਼ ਕਰਦਾ ਹੈ ਉਦਾਹਰਣ ਦੇ ਤੌਰ ਤੇ ਪਾਡਵਾਂ ਦਾ ਕੌਰਵਾਂ ਨੂੰ ਦਰੋਪਤੀ ਹਾਰ ਜਾਣਾ ਅਤੇ ਕੌਰਵਾਂ ਵੱਲੋਂ ਭਰੀ ਸਭਾ ਵਿਚ ਉਸਦੀ ਬੇਇੱਜ਼ਤੀ ਕਰਨਾ। ਇਹ ਪੁਰਾਤਨ ਭਾਰਤ ਦੀ ਇਕ ਕੌੜੀ ਸਚਾਈ ਸੀ ਜਿਸ ਅਨੁਸਾਰ ਔਰਤ ਨੂੰ ਇਕ ਵਸਤੂ ਤੋਂ ਵੱਧ ਨਹੀਂ ਸਮਝਿਆ ਗਿਆ। ਇਸਤਰੀ ਨੂੰ ਸਮਾਜ ਵਿਚ ਕਿਸੇ ਮਹੱਤਵਪੂਰਨ ਮਸਲੇ ਵਿਚ ਸਲਾਹ ਮਸ਼ਵਰਾ ਦੇਣ ਜਾਂ ਬੋਲਣ ਦਾ ਅਧਿਕਾਰ ਨਹੀਂ ਸੀ, ਉਸਦਾ ਆਪਣੇ ਘਰ ਦੇ ਮਰਦਾਂ ਦੀ ਸੁਰੱਖਿਆ ਵਿਚ ਰਹਿਣਾ ਹੀ ਉਸਦਾ ਸਭ ਤੋਂ ਵੱਡਾ ਗੁਣ ਮੰਨਿਆ ਜਾਂਦਾ ਸੀ।

ਇਸਤਰੀਆਂ ਨੂੰ ਚਲਿੱਤਰ ਕਰਨ ਵਾਲੀਆਂ, ਚੰਚਲਹਾਰੀਆਂ ਦਰਸਾ ਕੇ ਉਹਨਾਂ ਦੇ ਆਚਰਨ ਅਤੇ ਕਿਰਦਾਰ ਉਪਰ ਕਈ ਤਰ੍ਹਾਂ ਦੇ ਸ਼ੰਕੇ ਜਾਹਰ ਕਰਨੇ ਮਰਦ ਸਮਾਜ ਵਿਚ ਆਮ ਸਨ ਅਤੇ ਇਹ ਪ੍ਰਚਲਨ ਕਿਸੇ ਹੱਦ ਤੱਕ ਅੱਜ ਵੀ ਕਾਇਮ ਹੈ।

ਸਮਾਜਿਕ ਨਾ-ਬਰਾਬਰੀ ਦਾ ਕਰੂਪ ਚਿਹਰਾ ਹੈ-ਘਰੇਲੂ ਹਿੰਸਾ। ਇਕ ਸਮਾਜਿਕ ਸੰਸਥਾ ਵੱਲੋਂ ਕੀਤੇ ਗਏ ਸਰਵੇਅ ਦੇ ਮੁਤਾਬਿਕ ਭਾਰਤ ਵਿਚ 85% ਔਰਤਾਂ ਘਰੇਲੂ ਹਿੰਸਾ ਦੀਆਂ ਅੱਜ ਵੀ ਸ਼ਿਕਾਰ ਹਨ। ਪੁਲਿਸ ਆਦਿ ਵਿਚ ਰਜਿਟਰਡ ਮਾਮਲੇ ਤਾਂ ਇਹਨਾਂ ਵਿਚੋਂ 30-40% ਹੀ ਹੁੰਦੇ ਹਨ। ਇਸਤੋਂ ਇਲਾਵਾ 50% ਕੇਸ ਐਸੇ ਵੀ ਹੁੰਦੇ ਹਨ ਜੋ ਸਾਹਮਣੇ ਹੀ ਨਹੀਂ ਆਉਂਦੇ। ਦਰਅਸਲ ਇਹ ਹਿੰਸਾ ਸਾਹਮਣੇ ਦਿਸਣ ਵਾਲੀ ਮਾਰ-ਕੁੱਟ ਜਾਂ ਪੁਲਿਸ ਕੇਸ ਨਹੀਂ ਹੁੰਦੇ ਇਸਦੇ ਕਈ ਰੂਪ ਹੁੰਦੇ ਹਨ। ਸਮਝਣ ਲਈ ਮੋਟੇ ਤੌਰ ਤੇ ਅਸੀ ਘਰੇਲੂ ਹਿੰਸਾ ਨੂੰ ਹੇਠ ਲਿਖੇ ਭਾਗਾਂ ਵਿਚ ਵੰਡ ਸਕਦੇ ਹਾਂ- ਭਾਵਨਾਤਮਿਕ, ਮਾਨਸਿਕ, ਆਰਥਿਕ, ਸਮਾਜਿਕ, ਧਾਰਮਿਕ ਆਦਿ।

ਸਰੀਰਕ ਰੂਪ ਵਿਚ ਤਾਂ ਕੁੱਟਣਾ ਮਾਰਨਾ ਜਾਂ ਔਰਤ ਦੇ ਮਾਪਿਆਂ ਵਿਚੋਂ ਕਿਸੇ ਵੀ ਜਾਂ ਉਸਦੇ ਬੱਚਿਆਂ ਨੂੰ ਦੁੱਖੀ ਕਰਨਾ ਜਾਂ ਦੁੱਖੀ ਕਰਨ ਦੀਆਂ ਧਮਕੀਆਂ ਦੇਣੀਆਂ ਸ਼ਾਮਿਲ ਹੁੰਦੀਆਂ ਹਨ। ਦੂਜਾ ਹੈ ਮਾਨਸਿਕ ਅਤੇ ਭਾਵਨਾਤਮਕ ਹਿੰਸਾ, ਜਿਸ ਵਿਚ ਔਰਤ ਨੂੰ ਸ਼ੱਕ ਦੀ ਨਜ਼ਰ ਨਾਲ ਦੇਖਿਆ ਜਾਣਾ ਜਾਂ ਉਸਦੇ ਸਾਰੇ ਕੰਮ-ਕਾਜ ਉਪਰ ਨਿਗ੍ਹਾ ਰੱਖਣੀ ਅਤੇ ਇਸ ਨਾਲ ਸੰਬੰਧੀ ਪਾਬੰਦੀਆਂ ਲਗਾਉਣਾ ਸ਼ਾਮਿਲ ਹੁੰਦਾ ਹੈ। ਇਸ ਸਭ ਨੂੰ ਕਈ ਵਾਰ ਮਰਦ

ਪ੍ਰਧਾਨ ਮਾਨਸਿਕਤਾ ਵਲੋਂ ਧਿਆਨ ਰੱਖਣਾ ਜਾਂ ਲਗਣ ਦਾ ਦਿਖਾਵਾ ਕਰਨ ਨਾਲ ਜੋੜ ਦਿੱਤਾ ਜਾਦਾ ਹੈ ਪਰ ਇਸਦੇ ਪਿਛੇ ਕਾਰਣ ਕੁਝ ਹੋਰ ਹੁੰਦਾ ਹੈ। ਕਈ ਵਾਰ ਔਰਤਾਂ ਨੂੰ ਧਿਆਨ ਰੱਖਣ ਦੇ ਨਾਮ ਤੇ ਪਹਿਰਾਵਾ ਤੱਕ ਆਪਣੇ ਹਿਸਾਬ ਨਾਲ ਪਾਉਣ ਨੂੰ ਕਿਹਾ ਜਾਂਦਾ ਹੈ। ਇਸਤੋਂ ਇਲਾਵਾ ਬਾਹਰਲੇ ਨਾਲ ਗੱਲ ਕਰਨ ਦੀ ਖੁੱਲ੍ਹ ਨਾ ਦੇਣਾ ਅਤੇ ਕਿਸੇ ਵੀ ਤਰ੍ਹਾਂ ਜੀ ਜ਼ਬਰਦਸਤੀ ਕਰਨੀ ਇਸਤਰੀ ਦੀ ਸਰੀਰਕ ਬਣਤਰ ਤੇ ਟਿੱਪਣੀਆਂ ਕਰਨੀਆਂ ਉਸਨੂੰ ਮੋਟੀ, ਪਤਲੀ, ਬਦਸੂਰਤ ਕਾਲੀ ਆਦਿ ਕਹਿਣਾ, ਮਜਾਕ ਉਡਾਉਂਦੇ ਰਹਿਣਾ, ਉਸ ਦੇ ਕੀਤੇ ਕੰਮਾਂ ਵਿਚ ਨੁਕਸ ਕੱਢਦੇ ਰਹਿਣਾ, ਕਿਸੇ ਦੇ ਸਾਹਮਣੇ ਉਸਨੂੰ ਕਿਸੇ ਵੀ ਗੱਲ ਵਿਚ ਬੋਲਣ ਨਾ ਦੇਣਾ, ਉਸਦੀ ਸਲਾਹ ਦੀ ਕਦਰ ਨਾ ਕਰਨੀ, ਇਹ ਸਭ ਵਤੀਰੇ ਇਸਤਰੀ ਦੀ ਮਾਨਸਿਕਤਾ ਨੂੰ ਕਮਜੋਰ ਬਣਾਉਣ ਅਤੇ ਉਸਦੀ ਸ਼ਕਤੀ ਅਤੇ ਕਾਬਲੀਅਤ ਨੂੰ ਦਬਾਉਣ ਲਈ ਹਿੰਸਾ ਦੇ ਵੱਖ-ਵੱਖ ਰੂਪ ਹਨ। ਸ਼ੁਰੂ ਤੋਂ ਮਰਦ ਪ੍ਰਧਾਨ ਸਮਾਜ ਨੇ ਹੀ ਨਾਰੀ ਵਰਗ ਨੂੰ ਸਮਝਾ ਲਿਆ ਹੈ ਕਿ ਉਸਦੇ ਪਤੀ ਪ੍ਰਤੀ, ਪਰਿਵਾਰ ਪ੍ਰਤੀ, ਬੱਚਿਆ ਪ੍ਰਤੀ, ਰਿਸ਼ਤੇਦਾਰਾਂ ਪ੍ਰਤੀ ਫਰਜ਼ ਮਰਦ ਨਾਲੋਂ ਕੁਝ ਵਧੇਰੇ ਹਨ ਅਤੇ ਇਸਤਰੀਆਂ ਨੇ ਵੀ ਕਿਤੇ ਨਾ ਕਿਤੇ ਇਹ ਸਭ ਕਬੂਲ ਵੀ ਲਿਆ ਹੈ ਜਿਵੇਂ ਖਾਣਾ ਬਣਾਉਣਾ, ਸਾਫ ਸਫਾਈ, ਪ੍ਰਾਹੁਣਾਚਾਰੀ ਕਰਨੀ ਆਦਿ। ਭਾਵੇਂ ਨੌਕਰੀ ਪੇਸ਼ਾ ਹੋਵੇ ਜਾਂ ਘਰੇਲੂ ਕੰਮਕਾਜੀ ਉਸਦੇ ਅਧਿਕਾਰਾਂ ਨਾਲੋਂ ਉਸਦੇ ਫਰਜ਼ ਹਮੇਸ਼ਾ ਹੀ ਜਿਆਦਾ ਹੁੰਦੇ ਹਨ।

ਸਾਡੇ ਸਮਾਜ ਵਿਚ ਆਰਥਿਕ ਹਿੰਸਾ ਦਾ ਸ਼ਿਕਾਰ ਔਰਤਾਂ ਦੀ ਵੀ ਕੋਈ ਕਮੀ ਨਹੀਂ। ਸਮਾਜ ਵਿਚ ਗਰੀਬੀ ਰੇਖਾ ਤੋਂ ਥੱਲੇ ਦੀਆਂ ਇਸਤਰੀਆਂ ਅਤੇ ਮੱਧ ਵਰਗ ਪਰਿਵਾਰਾਂ ਦੀਆਂ ਇਸਤਰੀਆਂ ਤੋਂ ਲੈ ਕੇ ਉਚ ਪੱਧਰ ਤੱਕ ਇਹ ਹਿੰਸਾ ਕਈ ਰੂਪਾਂ ਵਿੱਚ ਦੇਖੀ ਜਾਂਦੀ ਹੈ। ਕੰਮ ਕਰਨ ਵਾਲੀਆਂ ਔਰਤਾਂ ਤੋਂ ਉਹਨਾਂ ਦੀ ਮਿਹਨਤ ਦੀ ਕਮਾਈ ਤੇ ਕਬਜਾ ਕਰ ਲੈਣਾ ਜਾਂ ਉਹਨਾਂ ਤੋਂ ਖਰਚਿਆਂ ਦਾ ਹਿਸਾਬ ਮੰਗਣਾ ਅਤੇ ਆਪਣੀ ਮਰਜੀ ਨਾਲ ਖਰਚ ਨਾ ਕਰਨ ਦੀ ਇਜਾਜ਼ਤ ਇਹ ਸਭ ਬੜਾ ਹੀ ਆਮ ਹੈ। ਇਸਦੇ ਨਾਲ-ਨਾਲ ਜੋ ਘਰੇਲੂ ਔਰਤਾਂ ਹਨ ਉਹਨਾਂ ਦੀਆਂ ਜ਼ਰੂਰਤਾਂ ਨੂੰ ਧਿਆਨ ਵਿਚ ਰੱਖਣਾ ਅਤੇ ਵਿੱਤੀ ਆਜਾਦੀ ਨਾ ਦੇਣਾ ਉਸਨੂੰ ਆਪਣੇ ਕਾਬੂ ਵਿਚ ਰੱਖਣ ਦਾ ਇਕ ਅਜਮਾਇਆ ਹੋਇਆ ਤਰੀਕਾ ਹੈ। ਇਸਤੋਂ ਇਲਾਵਾ ਸਮਾਜ ਵਿਚ ਜਾਂ ਘਰ ਵਿਚ ਔਰਤ ਨੂੰ ਆਪਣੀ ਮਰਜੀ ਮੁਤਾਬਿਕ ਧਾਰਮਿਕ ਆਜਾਦੀ ਨਾ ਦੇਣਾ ਉਸਦਾ ਜ਼ਬਰਨ ਧਰਮ ਤਬਦੀਲ ਕਰਵਾਉਣਾ ਆਦਿ ਇਹ ਸਭ ਵੀ ਹਿੰਸਾ ਦੇ ਰੂਪ ਹਨ। ਇਹਨਾਂ ਸਭ ਗਤੀਵਿਧੀਆਂ ਦੀ ਜੜ੍ਹ ਵੀ ਨਾ ਬਰਾਬਰੀ ਦੇ ਅਧਿਕਾਰ ਉਪਰ ਹੀ ਆਧਾਰਿਤ ਹੈ। ਜਿਵੇਂ ਪਹਿਲਾਂ ਵਿਸ਼ਲੇਸ਼ਣ ਕਰ ਚੁੱਕੇ ਹਾਂ ਕਿ ਸਿੱਖ ਧਰਮ ਮਨੁੱਖੀ ਅਧਿਕਾਰਾਂ ਦੀ ਬਹਾਲੀ ਦਾ ਯਤਨ ਹੈ। ਸੋ ਜ਼ਰੂਰਤ ਹੈ ਕਿ ਸਿੱਖ ਪੰਥ ਦੇ ਵਾਰਿਸ ਇਹਨਾਂ ਸਭ ਸਮੱਸਿਆਵਾਂ ਤੋਂ ਸਮਾਜ ਨੂੰ ਨਿਜਾਤ ਦਵਾਉਣ ਦਾ ਉਪਰਾਲਾ ਕਰਨ।

**4.6 ਸਿੱਟਾ-**

ਸੋ ਅਸੀਂ ਮਹਿਸੂਸ ਕਰ ਸਕਦੇ ਹਾਂ ਕਿ ਸਮਾਜ ਦੀਆਂ ਸਭ ਤਰ੍ਹਾਂ ਦੀਆਂ ਕੁਰੀਤੀਆਂ ਨੂੰ ਦੂਰ ਕਰਨ ਦੀ ਅਥਾਹ ਸਮਰੱਥਾ ਗੁਰਮਤਿ ਪਾਸ ਮੌਜੂਦ ਹੈ। ਨਾਰੀ ਦੀ ਹੋਂਦ ਨੂੰ ਬਹਾਲ ਕਰਨ ਦੀ ਅਤੇ ਸਮਾਜ ਦੀ ਮਰਦਾਨਾ ਪ੍ਰਵਚਨ ਨੂੰ ਬਦਲਣ ਦੀ ਗਲ ਅਜ ਕਲ ਨਾਰੀ ਅਧਿਐਨ ਦੇ ਰੂਪ ਵਿਚ ਸਾਹਮਣੇ ਆ ਰਹੀ ਹੈ ਅਤੇ ਗੁਰਬਾਣੀ ਦਾ

ਪ੍ਰਵਚਨ ਮੁੱਢ ਤੋਂ ਹੀ ਐਸੇ ਸਿਧਾਂਤ ਦ੍ਰਿੜ ਕਰਾਉਣ ਦੀ ਕੋਸ਼ਿਸ਼ ਵਿਚ ਕਾਰਜਸ਼ੀਲ ਹੈ ਜਿਸ ਅਨੁਸਾਰ ਅਕਾਲ ਪੁਰਖ ਸਭ ਆਕਾਰਾਂ ਵਿਚ ਵਿਦਮਾਨ ਹੈ। ਕਿਸੇ ਵੀ ਤਰ੍ਹਾਂ ਦੀ ਭੇਦਭਾਵ ਦੀ ਭਾਵਨਾ ਦੀ ਕਿਤੇ ਕੋਈ ਜਗ੍ਹਾ ਨਹੀਂ ਹੈ। ਅਰਦਾਸ ਰੂਪ ਵਿਚ ਸਭ ਤੋਂ ਪਹਿਲਾਂ ਪਰਮਾਤਮਾ ਨੂੰ ਭਗੌਤੀ ਰੂਪ ਵਿਚ ਅਰਜੋਈ ਕੀਤੀ ਜਾਂਦੀ ਹੈ। ਅਕਾਲ ਪੁਰਖ ਦੇ ਨਾਮ ਸਿਮਰਨ ਦੇ ਨਾਲ-ਨਾਲ ਅਮਲਾਂ ਨੂੰ ਸੰਵਾਰਨ ਦੀ ਵੀ ਤਾਕੀਦ ਮਨੁੱਖਤਾ ਨੂੰ ਕੀਤੀ ਗਈ ਹੈ। ਧਾਰਮਿਕ ਸੇਧ ਨੂੰ ਜੀਵਨ ਦੇ ਹਰ ਖੇਤਰ ਵਿਚ ਅਪਣਾ ਕੇ ਮਨੁੱਖਤਾ ਸਭ ਤਰ੍ਹਾਂ ਦੀਆਂ ਸਮਾਜਿਕ, ਸਮਾਜੀ ਹੱਕਾਂ ਅਧਿਕਾਰਾਂ ਬਾਰੇ ਅਤੇ ਅਧਿਆਤਮਿਕ ਹਰੇਕ ਤਰ੍ਹਾਂ ਦੀਆਂ ਸਮੱਸਿਆਵਾਂ ਦੇ ਹੱਲ ਲੱਭ ਸਕਦੀ ਹੈ। ਸਮਾਜ ਵਿਚ ਇਨਕਲਾਬੀ ਪੱਧਰ ਤੇ ਸੁਧਾਰਾਂ ਦੀ ਜ਼ਰੂਰਤ ਹੈ ਅਤੇ ਜਿਸ ਦਾ ਹੱਲ ਬੇਸ਼ੱਕ ਗੁਰਬਾਣੀ ਦੇ ਸਹੀ ਸੰਦਰਭ ਵਿਚ ਸੇਧ ਲੈ ਕੇ ਸੰਭਵ ਹੈ।

ਔਰਤ ਦੀ ਸਥਿਤੀ ਬਦਲਣ ਲਈ ਉਸ ਸਥਿਤੀ ਦੇ ਕਾਰਣ ਸਮਝਣੇ ਪੈਣਗੇ। ਇਹ ਸਥਿਤੀ ਨਾ ਰੋ ਕੇ ਬਦਲਣੀ ਹੈ, ਨਾ ਕਿਤਾਬਾਂ ਪੜ੍ਹ ਕੇ, ਨਾ ਹੀ ਅਨੇਕਾਂ ਭਾਸ਼ਣ ਦੇ ਕੇ, ਬਲਕਿ ਔਰਤ ਨੂੰ ਤਕੜੇ ਹੋ ਕੇ ਆਪਣੀ ਸਥਿਤੀ ਦੀ ਮਜ਼ਬੂਤੀ ਲਈ ਹੰਭਲਾ ਮਾਰਨ ਦੀ ਲੋੜ ਹੈ ਜੋ ਕਿ ਉਹ ਆਪਣੇ ਕਿਰਦਾਰ ਦੀਆਂ ਖੂਬਸੂਰਤੀਆਂ ਨਾਲ ਕਰ ਸਕਦੀ ਹੈ। ਇਸ ਵਿਚ ਮਰਦ ਪ੍ਰਧਾਨ ਸਮਾਜ ਨੂੰ ਵੀ ਸੰਵੇਦਨਸ਼ੀਲਤਾ ਦਿਖਾਉਣੀ ਪਵੇਗੀ। ਇਸ ਦੇ ਲਈ ਕੁਝ ਕਾਨੂੰਨ ਹੋਰ ਬਣਾਉਣੇ ਪੈਣਗੇ, ਔਰਤਾਂ ਦੀ ਪੜਾਈ ਅਤੇ ਭਵਿੱਖ ਨੂੰ ਸਾਹਮਣੇ ਰੱਖਦੇ ਹੋਏ ਕਿਤਾਮੁਖੀ ਸਿੱਖਿਆ ਨੀਤੀ ਘੜਨੀ ਪਵੇਗੀ। ਇਕੱਲੇ ਗਿਆਨ ਦੀਆਂ ਗੱਲਾਂ ਨਾਲ ਸੁਧਾਰ ਨਹੀਂ ਆ ਸਕਦਾ, ਇਸ ਲਈ ਵੱਡੇ ਪੱਧਰ ਤੇ ਸੱਭਿਆਚਾਰਕ ਨੀਤੀਆਂ ਅਪਨਾਉਣੀਆਂ ਪੈਣਗੀਆਂ ਅਤੇ ਜੇਕਰ ਇਸਦੇ ਨਾਲ ਅਧਿਆਤਮ ਦੀ ਰੌਸ਼ਨੀ ਜੁੜ ਜਾਵੇ ਤਾਂ ਬੇਮਿਸਾਲ ਨਤੀਜੇ ਸਾਹਮਣੇ ਆਉਣ ਦੀ ਸੰਭਾਵਨਾ ਹੈ। ਸੋ ਸਿੱਖ ਸਮਾਜ ਨੂੰ ਚਾਹੀਦਾ ਹੈ ਕਿ ਗੁਰਬਾਣੀ ਦੇ ਫਲਸਫੇ ਨੂੰ ਵਿਹਾਰ ਵਿਚ ਲਿਆ ਕੇ ਗੁਰੂ ਸਾਹਿਬਾਨਾਂ ਦੀਆਂ ਦਿੱਤੀਆਂ ਸਿੱਖਿਆਵਾਂ ਨੂੰ ਵਿਸ਼ਵ ਦੇ ਕਲਿਆਣ ਲਈ ਆਦਰਸ਼ ਬਣਾਵੇ।

**4.7 ਸਹਾਇਕ ਪੁਸਤਕ ਸੂਚੀ**

ਤੇਜਿੰਦਰ ਕੌਰ (2008) ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਨਾਰੀ ਉਥਾਨ: ਅਲੋਚਨਾ ਅੰਕ 219, ਪੰਨਾ 47-50

ਮਹਿਬੂਬ, ਹਰਿੰਦਰ ਸਿੰਘ (1988) ਸਹਿਜੇ ਰਚਿਓ ਖਾਲਸਾ, ਅਸ਼ੋਕ ਬੁੱਕ ਡਿਪੋ, ਗੜਦੀਵਾਲ

ਚਰਨਜੀਤ ਕੌਰ (ed) ਨਾਰੀ ਦ੍ਰਿਸ਼ਟੀ, ਲੋਕ ਗੀਤ ਪ੍ਰਕਾਸ਼ਨ

ਡਾ. ਗੁਰਮੀਤ ਸਿੰਘ (2017) ਸਿੱਖੀ ਅਤੇ ਸਿੱਖਾਂ ਦਾ ਭਵਿੱਖ, ਸਿੰਘ ਬ੍ਰਦਰਜ਼ ਅੰਮ੍ਰਿਤਸਰ

**4.8 ਅਭਿਆਸ ਲਈ ਪ੍ਰਸ਼ਨ**

1. ਸਿੱਖ ਧਰਮ ਦੀ ਉਤਪਤੀ ਤੋਂ ਪਹਿਲਾਂ ਸਮਾਜ ਵਿਚ ਇਸਤਰੀ ਦੀ ਦਸ਼ਾ ਬਿਆਨ ਕਰੋ।
2. ਗੁਰਬਾਣੀ ਵਿਚ ਨਾਰੀ ਅਧਿਐਨ ਦੇ ਚਿੰਤਨ ਬਾਰੇ ਕੀ ਵੀਚਾਰ ਦ੍ਰਿਸ਼ਟੀਗੋਚਰ ਹੁੰਦੇ ਹਨ?
3. ਸਮਾਜ ਵਿਚ ਇਸਤਰੀ ਨਾਲ ਸੰਬੰਧਿਤ ਕਿਹੜੀਆਂ ਸਮੱਸਿਆਵਾਂ ਅਜੋਕੇ ਯੁੱਗ ਦੀ ਚਿੰਤਾ ਦਾ ਕਾਰਣ ਹਨ?

੪. ਸਿੱਖ ਚਿੰਤਨ ਕੋਲ ਨਾਰੀ ਉਥਾਨ ਲਈ ਕੀ ਸੰਭਾਵਨਾਵਾਂ ਮੌਜੂਦ ਹਨ।

5. ਸਿੱਖ ਸਮਾਜ ਵਿਚ ਨਾਰੀ ਦਾ ਕੀ ਸਥਾਨ ਹੈ? ਉਦਾਹਰਣ ਸਹਿਤ ਲਿਖੋ।

## PROGRAMME: CERTIFICATE COURSE ON VALUES AND LEARNING OF SIKHISM

**COURSE: EQUALITY AND WELFARE**

**SEMESTER-I**

**UNIT V - SOCIAL WELFARE**

**STRUCTURE**

5.0 ਉਦੇਸ਼

5.1 ਜਾਣ ਪਛਾਣ

5.2 ਸਿੱਖ ਧਰਮ ਤੋਂ ਪਹਿਲਾ ਸਮਾਜਿਕ ਸਥਿਤੀ

5.3 ਸਰਬ ਸਾਂਝੀਵਾਲਤਾ ਦਾ ਸੰਦੇਸ਼

5.4 ਸਮਾਜਿਕ ਭਲਾਈ ਜਰੂਰਤ

5.5 ਸਿੱਖ ਧਰਮ ਵਿਚ ਸਮਾਜਿਕ ਭਲਾਈ ਦੀ ਮਹਾਨਤਾ

5.6 ਸਮਾਜਿਕ ਭਲਾਈ: ਵਿਸ਼ਵ ਪੱਧਰੀ ਸੰਭਾਵਨਾਵਾਂ

5.7 ਸਿੱਟਾ

5.8 ਸਹਾਇਕ ਪੁਸਤਕ ਸੂਚੀ

5.9 ਅਭਿਆਸ ਲਈ ਪ੍ਰਸ਼ਨ

**<u>5.0 ਉਦੇਸ਼</u>** :

ਇਸ ਪਾਠ ਦਾ ਉਦੇਸ਼ ਵਿਦਿਆਰਥੀਆਂ ਨੂੰ ਸਮਾਜ ਵਿਚ ਭਲਾਈ ਦੇ ਸੰਕਲਪ ਦੀ ਮਹੱਤਤਾ ਦਰਸਾਉਂਦੇ ਹੋਏ, ਸਮਾਜ ਦੀ ਮੁੱਢਲੀ ਇਕਾਈ ਮਨੁੱਖ ਦੇ ਵਿਹਾਰ ਵਿਚ ਇਸ ਗੁਣ ਨਾਲ ਦੇ ਆਉਣ ਨਾਲ ਸਮਾਜ ਵਿਚ ਆਉਣ ਵਾਲੀਆਂ, ਤਬਦੀਲੀਆਂ ਬਾਰੇ ਜਾਣੂ ਕਰਵਾਇਆ ਜਾਵੇਗਾ। ਇਸ ਉਦੇਸ਼ ਲਈ ਸਿੱਖ ਧਰਮ ਅਨੁਸਾਰ ਸਮਾਜਿਕ ਭਲਾਈ ਲਈ ਕੀਤੇ ਗਏ ਯਤਨਾਂ ਦਾ ਖਾਸ ਵੇਰਵਾ ਦਿੱਤਾ ਗਿਆ ਹੈ।

**<u>5.1 ਜਾਣ ਪਛਾਣ</u>**

ਨੀਤੀ ਸ਼ਾਸਤਰ ਅਨੁਸਾਰ ਮਨੁੱਖੀ ਜੀਵਨ ਵਿਚ ਕਈ ਐਸੇ ਸਦਗੁਣ ਹਨ ਜੋ ਵਿਅਕਤੀ ਦੇ ਰੋਜ਼ਾਨਾ ਜੀਵਨ ਨਾਲ ਸੰਬੰਧਿਤ ਹਨ ਅਤੇ ਵਿਅਕਤੀ ਦੇ ਧਾਰਮਿਕ, ਸਮਾਜਿਕ, ਰਾਜਨੀਤਿਕ ਅਤੇ ਅਧਿਆਤਮਕ ਜੀਵਨ ਨੂੰ ਪ੍ਰਭਾਵਿਤ ਕਰਦੇ ਹਨ। ਇਹਨਾਂ ਗੁਣਾਂ ਦਾ ਧਾਰਨ ਕਰਨ ਨਾਲ ਵਿਅਕਤੀ ਸਮਾਜ ਵਿਚ ਸਨਮਾਨਯੋਗ ਸਥਾਨ ਹਾਸਿਲ ਕਰਦਾ ਹੈ। ਇਹਨਾਂ ਗੁਣਾਂ ਦਾ ਜੀਵਨ ਦੇ ਵਿਹਾਰ ਵਿਚ ਆਉਣਾ ਇਕ ਲੰਮੀ ਪ੍ਰਕ੍ਰਿਆ ਹੈ ਜਾਂ ਇੰਝ ਕਹਿ ਸਕਦੇ ਹਾਂ ਕਿ ਮਨੁੱਖ ਦੀ ਸਾਧਨਾ ਦਾ ਫਲ ਹੁੰਦਾ ਹੈ। ਮਨੁੱਖ ਦੁਆਰਾ ਲਿਆ ਗਿਆ ਹਰੇਕ ਫੈਸਲਾ ਅਤੇ ਉਸਦਾ ਕੀਤਾ ਹੋਇਆ ਹਰੇਕ ਕਾਰਜ ਉਸਦੇ ਜੀਵਨ ਵਿਚ ਇਕ ਅਮਿੱਟ ਛਾਪ ਛਡ ਜਾਂਦਾ ਹੈ ਜੋ ਕਿ ਲਗਾਤਾਰ ਅਭਿਆਸ ਵਿਚ ਆਉਂਦੇ ਰਹਿਣ ਲਾਲ ਉਸਦਾ ਸੁਭਾਅ ਜਾਂ ਚਰਿੱਤਰ ਬਣ ਜਾਂਦਾ ਹੈ। ਅਜਿਹੇ ਚਰਿੱਤਰਵਾਨ ਵਿਅਕਤੀਆਂ ਦਾ ਸਮਾਜ ਦੇ ਵਿਕਾਸ ਵਿਚ ਖਾਸ ਯੋਗਦਾਨਾ ਹੁੰਦਾ ਹੈ। ਸਮਾਜ ਵਿਚ ਮਨੁੱਖਾਂ ਦਾ ਜਿਹੋ ਜਿਹਾ ਵਰਤਾਰਾ ਹੋਵੇਗਾ ਉਹੋ ਜਿਹੇ ਹੀ ਪਰਿਵਰਤਨ ਸਮਾਜਿਕ ਵਤੀਰਿਆਂ ਵਿੱਚ ਆਉਣਗੇ। ਧਰਮ, ਭਾਰਤੀ ਸਮਾਜ ਦੇ ਵਰਤਾਰਿਆ ਦਾ ਮੁੱਢ ਤੋਂ ਹੀ ਆਧਾਰ ਰਿਹਾ ਹੈ। ਇਸ ਭੂ ਖੰਡ ਉਪਰ ਅਨੇਕਾਂ ਤਰ੍ਹਾਂ ਦੇ ਧਰਮਾਂ ਦਾ ਜਨਮ ਹੋਇਆ ਅਤੇ ਇਹਨਾਂ ਧਰਮਾਂ ਨੇ ਆਪਣੇ ਹਿਸਾਬ ਨਾਲ ਆਪਣੇ ਪੈਰੋਕਾਰਾਂ ਦੇ ਚਰਿੱਤਰ ਘੜਨ ਵਿੱਚ ਵਡਮੁੱਲਾ ਯੋਗਦਾਨ ਪਾਇਆ। ਜ਼ਿਆਦਾਤਰ ਭਾਰਤੀ ਧਰਮ ਰੱਬ ਦੇ ਵਿਸ਼ਵਾਸ ਉਪਰ ਆਧਾਰਿਤ ਹਨ ਅਤੇ ਜੀਵਨ ਦਾ ਸਭ ਤੋਂ ਸਰਵੋਤਮ ਨਿਸ਼ਾਨਾ ਰੱਬ ਦੀ ਪ੍ਰਾਪਤੀ ਮੰਨਦੇ ਹਲ। ਹਰੇਕ ਧਰਮ ਦੇ ਮੋਢੀ ਨੇ ਪ੍ਰਮਾਤਮਾ ਪ੍ਰਤੀ ਆਪਣੇ ਸਿਧਾਂਤ ਦਿੱਤੇ ਅਤੇ ਉਸਦੇ ਗੁਣ ਨਿਰਧਾਰਿਤ ਕਰਨ ਦਾ ਯਤਨ ਕੀਤਾ ਤਾਂ ਕਿ ਉਸ ਧਰਮ ਦੇ ਪੈਰੋਕਾਰ ਉਹਨਾਂ ਹੀ ਨਿਸ਼ਾਨਦੇਹੀਆ ਮੁਤਾਬਿਕ ਆਪਣੇ ਜੀਵਨ ਦੀ ਅੰਤਿਮ ਉਦੇਸ਼ ਪ੍ਰਾਪਤ ਕਰ ਸਕਣ। ਪਰਮਾਤਮਾ ਨੂੰ ਮਿਲਣ ਦੀ ਚਾਹ ਇਨਸਾਨ ਨੂੰ ਉਸ ਪਰਮਾਤਮਾ ਵਾਲੇ ਹੀ ਗੁਣ ਆਪਣੇ ਵਿਚ ਪੈਦਾ ਕਰਨ ਦੀ ਪ੍ਰੇਰਣਾ ਦਿੰਦੀ ਹੈ। ਇਸੇ ਸੰਦਰਭ ਵਿਚ ਜੇਕਰ ਸਿੱਖ ਧਰਮ ਦੀ ਗਲ ਕਰੀਏ ਤਾਂ ਇਸ ਧਰਮ ਦੇ ਮੋਢੀ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਆਪਣੇ ਸੰਦੇਸ਼ ਦੀ ਸ਼ੁਰੂਆਤ ‘ਰੱਬ ਦੀ ਏਕਾ’ ਦੇ ਨਾਅਰੇ ਨਾਲ ਕੀਤੀ ਅਤੇ ਇਹ ਸਪਸ਼ਟ ਕਰ ਦਿੱਤਾ ਪਰਮਾਤਮਾ ਕੇਵਲ ਇੱਕ ਹੈ ਅਤੇ ਉਹ ਸਭ ਪਾਸੇ, ਆਪਣੇ ਸਗਲੇ ਪਾਸਰਾਰੇ ਦੇ ਕਣ-ਕਣ ਵਿਚ ਮੌਜੂਦ ਹੈ। ਇਕ ਪਰਮਾਤਮਾ ਅਤੇ ਉਸਦੀ ਬਣਾਈ ਸ੍ਰਿਸ਼ਟੀ ਦੀ ਏਕਤਾ ਉਹਨਾਂ ਦਾ ਮੂਲ ਸਿਧਾਂਤ ਹੈ। ਗੁਰੂ ਜੀ ਨੇ ਪਰਮਾਤਮਾ ਦੇ ਇਸ ਸਰੂਪ ਦਾ ਵਰਨਣ ਆਪਣੇ ਆਸਪਾਸ ਦੇ ਸਮਾਜ ਦੀ ਮਾਨਸਿਕਤਾ ਨੂੰ ਕੇਵਲ ਇਕ ਧੁਰੇ ਨਾਲ ਜੋੜਨ ਦਾ ਉਪਰਾਲਾ ਸੀ; ਤਾਂ ਕਿ ਸਾਮਜ ਵਿਚ ਵੀ ਏਕਤਾ ਦਾ ਅਹਿਸਾਸ ਹੋਵੇ। ਪਾਠ ਦੇ ਅਗਲੇ ਹਿੱਸੇ ਵਿਚ ਅਸੀਂ

ਉਹਨਾਂ ਤੋਂ ਪਹਿਲਾਂ ਦੇ ਸਮਾਜ ਵਿਚ ਰੱਬ ਦੇ ਸਰੂਪ ਅਤੇ ਉਸ ਦੀ ਕਾਇਨਾਤ ਵਿਚ ਪਈਆਂ ਵੰਡੀਆਂ ਬਾਰੇ ਵਿਸਤਾਰ ਵਿਚ ਉਲੇਖ ਕਰਾਂਗੇ ਅਤੇ ਇਹ ਉਲੇਖ ਕਰਨ ਦਾ ਯਤਨ ਕਰਾਂਗੇ ਕਿ ਕਿਵੇਂ ਗੁਰੂ ਨਾਨਕ ਦੇਵ ਜੀ ਵਲੋਂ ਇਹ ਏਕਤਾ ਦਾ ਸਿਧਾਂਤ ਸਮਾਜ ਵਿਚ ਉਚਤਮ ਮੁੱਲਾਂ ਦਾ ਆਧਾਰ ਬਣਿਆ।

**5.2 ਸਿੱਖ ਧਰਮ ਦੇ ਆਗਮਨ ਤੋਂ ਪਹਿਲਾਂ ਦੀ ਸਥਿਤੀ :**

ਭਾਰਤ ਦੇ ਧਰਮਾਂ ਦੇ ਅਧਿਐਨ ਤੋਂ ਪਤਾ ਲਗਦਾ ਹੈ ਕਿ ਗੁਰੂ ਨਾਨਕ ਸਾਹਿਬ ਦੇ ਆਗਮਨ ਤੋਂ ਪਹਿਲਾਂ ਇਥੇ ਮਾਨਵ ਜਾਤੀ ਧਰਮ ਦੇ ਨਾਮ ਤੇ ਇਕ ਕਿਸਮ ਦੀ ਅਗਿਆਨਤਾ ਵਿੱਚ ਗ੍ਰਸਤ ਸੀ। ਕਿਸੇ ਵੀ ਦੂਜੇ ਧਰਮ ਨਾਲ ਜੁਲਮ, ਧੱਕਾਂ ਜਾਂ ਧਰੋਹ ਕਰਨਾ ਬਹੁਤ ਆਮ ਜਿਹਾ ਸਮਝਿਆ ਜਾਂਦਾ ਸੀ। ਅਸਲੀ ਧਰਮ ਦਇਆ, ਪਿਆਰ, ਸੰਤੋਖ, ਸਹਿਨਸ਼ੀਲਤਾ ਅਤੇ ਨਿਰਵੈਰਤਾ ਆਦਿ ਗੁਣਾਂ ਦਾ ਪ੍ਰਤੀਕ ਹੁੰਦਾ ਹੈ ਪ੍ਰੰਤੂ ਭਾਰਤ ਵਿਚ ਅਖੌਤੀ ਧਰਮਾਂ ਦੇ ਠੇਕੇਦਾਰਾਂ ਨੇ ਧਰਮ ਦੇ ਨਾਂਮ ਨੂੰ ਹੀ ਦਾਗਦਾਰ ਬਣਾਇਆ ਹੋਇਆ ਸੀ ਇਥੋਂ ਤਕ ਕਿ ਦੁਨੀਆ ਭਰ ਦੇ ਇਤਿਹਾਸ ਵਿਚ ਧਾਰਮਿਕ ਖੇਤਰਾਂ ਵਿਚ ਚਾਹੇ ਉਹ ਇਸਲਾਮ ਹੋਵੇ, ਈਸਾਈਅਤ ਹੋਵੇ, ਹਿੰਦੂਮਤ ਹੋਵੇ ਐਸੀਆਂ ਨਫ਼ਰਤ ਭਰੀਆਂ ਬੇਗਾਨੀਅਤ ਦੀਆਂ ਉਦਾਹਰਣਾਂ ਮਿਲਦੀਆਂ  ਹਨ ਕਿ ਧਰਮ ਦੇ ਨਾਮ ਤੋਂ ਇਨਸਾਨ ਘਬਰਾ ਜਾਵੇ। ਯਹੂਦੀ ਜਾਤ ਦਾ ਮੰਨਣਾ ਸੀ ਕਿ ਇਸਰਾਇਕੀ ਹੀ ਰੱਬ ਦੇ ਚੋਣਵੇਂ ਪੁੱਤਰ ਹਨ, ਬਾਕੂਬ ਦੇ ਪੁੱਤਰਾਂ ਨਾਲ ਹੀ ਰੱਬ ਦਾ ਇਕਰਾਰ ਹੈ। ਈਸਾਈਅਤ ਦਾ ਦਾਅਵਾ ਸੀ ਪਰਮੇਸ਼ਵਰ ਕੇਵਲ ਈਸੂ ਦੇ ਪੈਰੋਕਾਰਾਂ ਨੂੰ ਬਰਕਤਾਂ ਦੇਵੇਗਾ। ਇਸਲਾਮ ਵਿਚ ਕਲਮਾਂ ਨਾ ਪੜਨ ਵਾਲਿਆਂ ਨੂੰ ਅਪਵਿੱਤਰ ਸਮਝਿਆ ਜਾਂਦਾ ਸੀ ਅਤੇ ਹਿੰਦੂ ਦੇ ਕੰਨ ਅੱਲਾਹ ਦਾ ਨਾਮ ਸੁਣ ਕੇ ਦੋਸ਼ ਦੇ ਭਾਗੀ ਬਣ ਜਾਂਦੇ ਹਨ। ਇਸ ਤੋਂ ਇਲਾਵਾ ਹਰੇਕ ਧਾਰਮਿਕ ਫਿਰਕਾ ਅੰਦਰੂਨੀ ਪੱਧਰ ਤੇ ਵੀ ਵੰਡਿਆ ਹੋਇਆ ਸੀ। ਐਸੇ ਸਮੇਂ ਵਿਚ ਜਦੋਂ ਮਨੁਖੀ ਸਮਾਜਿਕ ਢਾਚੇ ਆਪਸੀ ਭੇਦ ਭਾਵਾਂ, ਵੰਡੀਆਂ, ਊਚ ਨੀਚ ਅਤੇ ਨਫ਼ਰਤਾਂ ਵਿਚ ਵੰਡਿਆ ਹੋਇਆ ਸੀ ਗੁਰੂ ਨਾਨਕ ਦੇਵ ਜੀ ਨੇ-

'ਸਭ ਮਹਿ ਜੋਤਿ ਜੋਤਿ ਹੈ ਸੋਇ; ਤਿਸ ਦੇ ਚਾਨਣ ਸਭ ਮਹਿ ਚਾਨਣ ਹੋਇ' ਦਾ ਬੁਲੰਦ ਨਾਅਰਾ ਦਿੱਤਾ ਜਿਸ ਨਾਲ ਵੱਖ-ਵੱਖ ਕਿਸਮ ਦੀਆਂ ਮਨੋ ਕਲਪਿਤ ਅਖੌਤੀ ਧਰਮਾਂ ਦੀਆਂ ਨਫ਼ਰਤਾਂ ਅਤੇ ਸਵਾਰਥ ਸਿੱਧੀਆਂ ਦਾ ਨਾਸ਼ ਹੋਇਆ। ਇਸ ਤੋਂ ਮੁਨਕਰ ਨਹੀਂ ਹੋ ਸਕਦੇ ਕਿ ਕਿਤੇ-ਕਿਤੇ ਭਾਰਤੀ ਧਾਰਮਿਕ ਇਤਿਹਾਸਕ ਸਰੋਤਾਂ ਵਿਚ  ਇਕ ਈਸ਼ਵਰ ਦੀ ਗਲ ਕੇਵਲ ਸਿਧਾਂਤਕ ਪੱਧਰ ਉਪਰ ਦਿਖਾਈ ਵੀ ਦੇਂਦੀ ਸੀ ਪਰੰਤੂ ਵਿਆਹ ਵਿਚ ਇਸ ਦਾ ਝਲਕਾਰਾ ਕਿਤੇ ਦਿਖਾਈ ਨਹੀਂ ਸੀ ਦਿੰਦਾ। ਜਿਵੇਂ ਕਿ ਈਸਾ ਨੇ ਵੀ ਇਕ ਪਰਮਾਤਮਾ ਦਾ ਪਿਤਾ ਸਰੂਪ ਜ਼ਾਹਿਰ ਕੀਤਾ ਅਤੇ ਕਿਹਾ ਕਿ ਮੈਂ ਉਸਦਾ ਪਾਪ ਰਹਿਤ ਪੁੱਤਰ ਹਾਂ। ਇਸ ਨਾਲ ਇਸ ਧਰਮ ਦੇ ਮੰਨਣ ਵਾਲਿਆਂ ਨੇ ਇਹ ਧਾਰਨਾ ਬਣਾ ਲਈ ਕਿ ਈਸਾਈ ਧਰਮ ਤੋਂ ਬਿਨਾਂ ਬਾਕੀ ਸਭ ਬੇਗਾਨੇ ਹਨ। ਇਸਲਾਮ ਨੇ ਵੀ ਹਜ਼ਰਤ ਮੁਹੰਮਦ ਸਾਹਿਬ ਦੇ ਦਰਸਾਏ ਰਸਤੇ ਤੋਂ ਬਿਨਾਂ ਚਲਣ ਵਾਲੇ ਨੂੰ  ਦੋਜਖ ਦੀ ਅੱਗ ਵਿਚ ਸੜ ਜਾਣ ਵਾਲਾ ਸਮਝਿਆ। ਸੋ ਐਸੇ ਸਮੇਂ ਵਿਚ ਗੁਰੂ ਨਾਨਕ

ਸਾਹਿਬ ਨੇ ਇਹਨਾਂ ਸਭ ਵਤੀਰਿਆਂ ਨੂੰ ਆਪਣੀਆਂ ਯਾਤਰਾਵਾਂ ਦੌਰਾਨ ਵਾਚਿਆ, ਪੜਚੋਲਿਆ ਅਤੇ ਇਹਨਾਂ ਵਖਰੇਵਿਆਂ ਦੇ ਕਾਰਣ ਸਮਾਜਿਕ ਪੱਧਰ ਤੇ ਹੋ ਰਹੇ ਇਨਸਾਨੀਅਤ ਦੇ ਸਰਵਉਚ ਆਤਮਿਕ ਗੁਣਾਂ ਦੇ ਖਾਤਮੇ ਨੂੰ ਰੋਕਣ ਲਈ ਉਪਰਾਲੇ ਕੀਤੇ।

5.3 **ਸਰਬ ਸਾਂਝੀਵਾਲਤਾ ਦਾ ਸੰਦੇਸ਼** :

ਭਾਰਤ ਦੇ ਧਰਮਾਂ ਦੇ ਇਤਿਹਾਸ ਦਾ ਅਧਿਐਨ ਕੀਤਿਆਂ ਇਕ ਗੁਣ ਸਪੱਸ਼ਟ ਸੀ ਕਿ ਧਾਰਮਿਕ ਪੱਧਰ ਤੇ ਪਾਈਆਂ ਹੋਈਆਂ ਵੰਡੀਆਂ ਸਮਾਜ ਵਿਚ ਸਪਸ਼ਟ ਦਿਖਾਈ ਦੇ ਰਹੀਆਂ ਸਨ। ਇਕ ਪਾਸੇ ਬੁੱਧ ਪਰਮ-ਹੀਨ ਯਾਨ ਅਤੇ ਮਹਾਯਾਨ, ਜੈਨ ਧਰਮ –ਸੁਵੇਤਾਂਬਰ ਅਤੇ ਦਿਸੰਬਰ ਇਸਲਾਮ ਵਿਚ ਸ਼ੀਆ ਅਤੇ ਸੁੰਨੀ ਜਦਕਿ ਹਿੰਦੂ ਧਰਮ – ਬ੍ਰਾਹਮਣ ਖੱਤਰੀ, ਵੈਸ਼ ਅਤੇ ਸ਼ੂਦਰ ਵਰਗਾ ਵਿਚ ਵੰਡੇ ਹੋਹੇ ਸਨ। ਸਮਾਜ ਵਿਚ ਇਕ ਤਰ੍ਹਾਂ ਦੀ ਖਿਚੋਤਾਣ ਦਾ ਮਾਹੌਲ ਸੀ ਹਰੇਕ ਵਰਗ ਦੂਜੇ ਨੂੰ ਦਬਾਉਣ ਵਿਚ ਲਗਾ ਹਿਇਆ ਸੀ ਅਜਿਹੇ ਸਮੇਂ ਸਮਾਜ ਦਾ ਬਹੁਪੱਖੀ ਵਿਕਾਸ ਸੋਚਣਾ ਅਸੰਭਵ ਕਾਰਜ ਸੀ ਐਸੇ ਸਮੇਂ ਵਿਚ ਸਿੱਖ ਗੁਰੂ ਸਾਹਿਬਾਨਾਂ ਨੇ ਇਥੋਂ ਦੇ ਪੁਰਾਤਨ ਜੀਵਨ ਅਤੇ ਚਿੰਤਨ ਵਿੱਚ ਭਾਰਤੀ ਤਬਦੀਲੀਆਂ ਕੀਤੀਆਂ ਤਾਂ ਕਿ ਸਮਾਜ ਵਿਚ ਪੱਕੀਆਂ ਕੀਤੀਆਂ ਹੋਈਆਂ ਦਰਜ਼ਾਬੰਦੀਆਂ ਨੂੰ ਸਮਾਪਿਤ ਕਰਨ ਦੇ ਸਾਰਥਕ ਯਤਨ ਕੀਤੇ। ਚਿੰਤਨ ਦੇ ਪੱਧਰ ਤੇ ਸਿੱਖ ਧਰਮ ਨੇ ਸਮਾਜ ਦੀ ਮਾਨਸਿਕਤਾ ਵਿਚ ਪਈਆ ਹਰੇਕ ਕਿਸਮ ਦੀਆਂ ਵਲਗਣਾਂ ਦੂਰ ਕੀਤਾ ਅਤੇ ਮਨੁੱਖਤਾ ਨੂੰ ਕੇਵਲ ਇਕ ਸਿਰਜਣਹਾਰ ਨਾਲ ਜੋੜਨ ਲਈ ਉਪਰਾਲੇ ਕੀਤੇ। ਇੱਥੋਂ ਤੱਕ ਕਿ ਸਿਰਜਣਹਾਰੇ ਦਾ ਸਰੂਪ ਕੇਵਲ ਮਾਨਵਜਾਤੀ ਤੱਕ ਸੀਮਿਤ ਨਾ ਦੇਖ ਕੇ ਸਮੁੱਚੀ ਕਾਇਨਾਤ ਵਿਚ ਇਸ ਦੇ ਦਰਸ਼ਨ ਕੀਤੇ ਅਤੇ ਪੈਰੋਕਾਰਾਂ ਨੂੰ ਵੀ ਇਸ ਹੋਂਦ ਨੂੰ ਮਹਿਸੂਸ ਕਰਨ ਲਈ ਪ੍ਰੇਰਨਾ ਦਿੱਤੀ। ਅਖੌਤੀ ਧਰਮ ਦੇ ਅਲੰਬਰਦਾਰ ਬਣੀ ਬੈਠੇ ਧਾਰਮਿਕ ਆਗੂਆਂ ਨੂੰ ਵੀ ਹਉਮੈ ਦਾ ਰਸਤਾ ਛਡ ਕੇ ਸਮਝ ਮੁਕਤੀ ਦਾ ਰਸਤਾ ਦਿਖਾਇਆ। ਆਪ ਨੇ ਸਮਝ ਧਾਰਿਮਕ ਗੁਣਾਂ ਤੋਂ ਸੱਖਣੇ ਸਮਾਜ ਨੂੰ ਹਰੇਕ ਤਰ੍ਹਾਂ ਦੀ ਰੂੜੀਵਾਦੀ ਅਤੇ ਵੰਡੀ ਹੋਈ ਮਾਨਸਿਕਤਾ ਤੋਂ ਉਪਰ ਉਠ ਕੇ ਸਰਬ  ਸਾਂਝੇ ਵਿਸ਼ਵਾਸ ਦੀ ਨੀਂਹ ਰੱਖੀ। ਇਸੇ ਸਰਵ ਸਾਂਝੇ ਭਾਈਚਾਰੇ ਨੂੰ ਸੰਗਤ ਰੂਪ ਵਿਚ ਇਕ ਜੁਟ ਕਰਨ ਦਾ ਵਿਹਾਰ ਅਪਣਾਇਆ। ਮੁਕਤ ਜੀਵਨ ਜੀਣ ਅਤੇ ਸਵੈਮਾਣ ਨੂੰ ਹਾਸਲ ਕਰਨ ਲਈ ਗੁਰੂ ਸਾਹਿਬਾਨਾਂ ਨੇ ਇਨਸਾਨੀਅਤ ਨੂੰ ਆਪਣੇ ਮੂਲ ਨਾਲ ਜੁੜਨ ਲਈ ਉਪਦੇਸ਼ ਕੀਤਾ-

ਮਨ ਤੂੰ ਜੋਤਿ ਸਰੂਪ ਹੈ ਅਪਣਾ ਮੂਲਿ ਪਛਾਣਿ॥

ਅਤੇ ਇਸ ਧੁਰੇ ਨਾਲ ਜੁੜਨ ਲਈ ਪਰਮਾਤਮਾ ਦਾ ਨਾਮ ਸਿਮਰਨ ਕਰਨਾ ਨਿਸ਼ਚਿਤ ਕੀਤਾ। ਇਕ ਨਾਮ ਨਾਲ ਲੀਨ ਹੋ ਕੇ ਦੁਨੀਆਂ ਦੇ ਹਰੇਕ ਧਾਰਮਿਕ ਚਿੰਤਨ ਨੂੰ ਇਕੋ ਸੂਤਰ ਵਿਚ ਪਰੋਇਆ ਜਾ ਸਕਦਾ ਹੈ। ਇਸ ਨਾਲ ਦਬੀਆਂ ਕੁਚਲੀਆਂ ਮਾਨਸਿਕਤਾਵਾਂ ਨੂੰ ਅੰਧ ਵਿਸ਼ਵਾਸਾਂ ਦੇ ਹਨੇਰੇ ਵਿਚੋਂ ਵੀ ਕੱਢਿਆ ਜਾ ਸਕਦਾ ਹੈ। ਹਰੇਕ ਮਨੁੱਖੀ ਦੇਹ ਅਸਲ ਧਰਮ ਨੂੰ ਧਾਰਨ ਕਰ ਕੇ ਦੁਨੀਆਂ ਨੂੰ ਧਰਮਸਾਲ (ਧਰਮਕਸਾਉਣ ਦਾ ਸਥਾਨ) ਦੇ ਰੂਪ ਵਿਚ ਦੇਖ ਸਕਦੀ

ਹੈ। ਗੁਰੂ ਸਾਹਿਬਾਨਾਂ ਵਲੋਂ ਦਿੱਤਾ ਗਿਆ ਸ਼ਬਦ ਗੁਰੂ ਦਾ ਸਿਧਾਂਤ ਮਨੁੱਖ ਨੂੰ ਉਸ ਦੀ ਹੋਂਦ ਦੇ ਸਰਵ ਵਿਆਪੀ ਸੱਚ ਨਾਲ ਜੋੜਦਾ ਹੈ। ਸੱਚ ਦੀ ਅਗਵਾਈ ਵਿਚ ਸਮਾਜਿਕ ਜੀਵ ਆਪਸੀ ਪ੍ਰੇਮ ਅਤੇ ਭਾਈਚਾਰੇ ਦੀਆਂ ਤੰਦਾਂ ਨਾਲ ਜੁੜ ਸਕਦੇ ਹਨ। ਇਸ ਤਰ੍ਹਾਂ ਪਰਮਾਤਮਾ ਦੇ ਪ੍ਰੇਮ ਵਿਚ ਲੀਨ ਕਾਇਨਾਤ ਦਾ ਇਕ ਨਵੇਕਲਾ ਆਦਰਸ਼ ਗੁਰੂ ਸਾਹਿਬਾਨਾਂ ਨੇ ਸਥਾਪਿਤ ਕੀਤਾ। ਇਕ ਨਾਮ ਨਾਲ ਜੁੜਿਆ ਹੋਇਆ ਮਨੁੱਖੀ ਭਾਈਚਾਰਾ ਦੁਨੀਆਂ ਦੇ ਕਿਸੇ ਵੀ ਡਰ, ਗੁਲਾਮੀ ਅਤੇ ਤਾਕਤ ਦੇ ਭੈ ਤੋਂ ਮੁਕਤ ਹੋ ਕੇ ਸਚ ਦੇ ਭਾਉ ਅਤੇ ਭਾਣੈ ਵਿਚ ਜੀਵਨ ਬਤੀਤ ਕਰ ਸਕਦਾ ਹੈ। ਜਿਸ ਨਾਲ ਸਮੁੱਚੀ ਕਾਇਨਾਤ ਰੱਬੀ ਰੰਗ ਵਿਚ ਰੰਗੀ ਹੋਈ ਇਕ ਦੂਜੇ ਨਾਲ ਅਧਿਆਤਮਕ ਸਾਂਝਾ ਮਹਿਸੂਸ ਕਰਦੀ ਹੈ ਅਤੇ ਇਕ ਦੂਜੇ ਦੇ ਦੁਖ ਸੁੱਖ ਖੁਸ਼ੀਆਂ ਖੇੜੇ, ਦਰਦਾ ਤਕਲੀਫਾਂ ਦੀ ਸਾਂਝ ਬਣਾਉਂਦੀ ਹੈ। ਇਹਨਾਂ ਸਾਂਝਾ ਵਿਚੋਂ ਹੀ ਇੱਕ ਦੂਜੇ ਦੀ ਭਲਾਈ ਕਰਨ ਦੇ ਖਿਆਲ ਮਨੁੱਖਤਾ ਅੰਦਰ ਸਿਰਜੇ ਜਾ ਸਕਦੇ ਹਨ ਨਹੀਂ ਤਾਂ ਆਪਸੀ ਵੰਡੀਆਂ ਵਖਰੇਵੇਂ ਇਕ ਦੂਜੇ ਦਾ ਨੁਕਸਾਨ ਤਾਂ ਲੋਚ ਸਕਦੀਆਂ ਹਨ ਪਰੰਤੂ ਭਲਾਈ ਕਦੀ ਨਹੀਂ।

ਸਾਂਝੀਵਾਲਤਾ ਦੇ ਉਦੇਸ਼ਾਂ ਦਾ ਜ਼ਿਕਰ ਕਰਦੇ ਹੋਏ ਉਘੇ ਸਿੱਖ ਚਿੰਤਕ ਡਾ. ਅਵਤਾਰ ਸਿੰਘ ਇਹਨਾਂ ਸਿਧਾਂਤਾ ਨੂੰ ਦੋ ਹਿੱਸਿਆ ਵਿਚ ਵੰਡ ਕੇ ਦੇਖਦੇ ਹਨ-

ਨਾਕਾਰਾਤਮਕ ਪੱਖ ਅਤੇ 2. ਸਕਾਰਾਤਮਕ ਪੱਖ

ਨਾਕਾਰਾਤਮਕ ਪੱਖਾਂ ਅਨੁਸਾਰ ਮਨੁੱਖ ਨੇ ਆਪਣੇ ਮਨ ਨੂੰ ਦੂਜਿਆਂ ਦੀ ਨਿੰਦਾ ਕਰਨ ਤੋਂ ਰੋ ਕੇ ਅਤੇ ਆਪਸੀ ਵੈਰ ਵਿਰੋਧ ਦੀ ਭਾਵਨਾ ਦਾ ਤਿਆਗ ਕਰਨਾ ਹੈ ਕਿਉਂਕਿ ਕਿਸੇ ਦੀ ਨਿੰਦਾ ਕਰਨੀ ਗੁਰਮਤਿ ਅਨੁਸਾਰ ਆਤਮਕ ਗੁਣਾਂ ਦਾ ਨਾਮ ਕਰਕੇ ਗਿਰਾਵਟ ਵੱਲ ਜਾਣ ਦਾ ਨਾਮ ਹੈ। ਇਸ ਨਾਲ ਵਿਅਕਤੀ ਆਪ ਵੀ ਭਟਕ ਜਾਂਦਾ ਹੈ ਅਤੇ ਆਪਣੇ ਆਲੇ ਦੁਆਲੇ ਦੇ ਵਾਤਾਵਰਣ ਨੂੰ ਵੀ ਖਰਾਬ ਕਰ ਲੈਂਦਾ ਹੈ। ਜਿਸ ਨਾਲ ਸਮਾਜਿਕ ਭਾਈਚਾਰੇ ਵਿਚ ਵੈਰ ਵਿਰੋਧ ਦਾ ਵਾਧਾ ਹੋਣ ਦੇ ਨਾਲ ਹੀ ਸਮਾਜਿਕ ਉਚੀਆਂ ਨੈਤਿਕ ਕਦਰਾਂ ਕੀਮਤਾਂ ਵਿਚ ਵੀ ਨਿਘਾਰ ਆਉਂਦਾ ਹੈ। ਆਪਸ ਵਿਚ ਸੁੱਕ, ਅਨੈਤਿਕਤਾ ਅਤੇ ਬੇਗਾਨਗੀ ਵੱਧ ਜਾਂਦੀ ਹੈ ਜੋ ਕਿ ਮਾਨਵਤਾ ਦੀ ਏਕਤਾ ਲਈ ਖਤਰਾ ਹੈ। ਨਿੰਦਾ ਅਤੇ ਈਰਖਾ ਕਰਨ ਨਾਲ ਮਨੁਖ ਅੰਦਰ ਕ੍ਰੋਧ, ਹੰਕਾਰ, ਲੋਭ ਆਦਿ ਵਿਕਾਰ ਵੀ ਸਹਿਜੇ ਹੀ ਉਤਪੰਨ ਹੋ ਜਾਂਦੇ ਹਨ। ਜੋ ਕਿ ਭਾਈਚਾਰਕ ਸਾਂਝ ਲਈ ਬਹੁਤ ਵੱਡਾ ਖਤਰਾ ਹਨ।

ਇਸਦੇ ਉਲਟ ਸਾਕਾਰਾਤਮਕ ਪੱਖਾਂ ਵਿੱਚ ਪਰਉਪਕਾਰ, ਸੇਵਾ ਅਤੇ ਭਲਾਈ ਆਦਿ ਦੀਆਂ ਕੀਮਤਾਂ ਅਤੇ ਗੁਣ ਵਿਕਸਿਤ ਹੁੰਦੇ ਹਨ।

ਮਨੁੱਖ ਇਸ ਧਰਤੀ ਉਪਰ ਸਭ ਤੋਂ ਵਿਕਸਿਤ ਪ੍ਰਾਣੀ ਮੰਨਿਆ ਗਿਆ ਹੈ ਇਸ ਲਈ ਇਸ ਦੀ ਸਭ ਸਥੂਲ ਅਤੇ ਸੂਖਮ ਜੀਵਾਂ ਉਪਰ ਸਿਰਦਾਰੀ ਹੈ ਇਸੇ ਸਿਰਦਾਰੀ ਦੇ ਚਲਦੇ ਕਈ ਵਾਰ ਮਨੁੱਖ ਆਪਣੇ ....ਤੋਂ ਭਟਕਦੇ ਉਚਤਾ ਦੀ ਹਉਮੈ ਵਿਚ ਆਪਣੇ ਅਧਿਕਾਰ ਦੂਜਿਆਂ ਨਾਲੋਂ ਵੱਧ ਸਮੰਦ ਲੈਂਦਾ ਹਾਂ ਅਤੇ ਲੋਕ ਭਲਾਈ ਅਤੇ ਪਰਉਪਕਾਰ ਵਰਗੀਆਂ ਨੈਤਿਕ ਜਿੰਮੇਵਾਰੀਆਂ ਤੋਂ ਦੂਰ ਹੋ ਜਾਂਦਾ ਹੈ। ਜਦਕਿ ਪਰਉਪਕਾਰ ਤੋਂ ਹੀ ਅੱਗੇ ਦਇਆ,

ਸੰਤੋਖ, ਧੀਰਜ, ਨਿਆਂ ਅਤੇ ਨਿਮਰਤਾ ਆਦਿ ਗੁਣਾਂ ਦੇ ਜਨਮ ਲੈਣਾ ਅਤੇ ਵਿਕਸਿਤ ਹੋਣਾ ਹੁੰਦਾ ਹੈ। ਸੋ ਜੇਕਰ ਪਰਉਪਕਾਰ ਅਤੇ ਸੇਵਾ ਵਰਗੇ ਗੁਣ ਮਨੁਖ ਅਪਣਾ ਲਵੇ ਤਾਂ ਸਹਿਜੇ ਹੀ ਸਾਂਝੀਵਾਲਤਾ ਦੇ ਮਾਰਗ ਉਪਰ ਚਲਣ ਦਾ ਰਸਤਾ ਖੁਲ ਜਾਵੇਗਾ ਅਤੇ ਗੁਰੂ ਸਾਹਿਬਾਨਾਂ ਨੇ ਇਹਨਾਂ ਸਾਕਾਰਤਮਕ ਪੱਖਾਂ ਨੂੰ ਹੀ ਉਜਾਗਰ ਕਰਨ ਦੇ ਉਪਰਾਲੇ ਕੀਤੇ ਤਾਂ ਕਿ ਮਾਨਵਤਾ ਦੇ ਅੰਤਕ ਉਚ ਮੁੱਲਾਂ ਦਾ ਵਿਕਾਸ ਹੋ ਸਕੇ ਅਤੇ ਮਨੁੱਖ ਸਰਬ ਸਾਂਝੀਵਾਲਤਾ ਦਾ ਰਸਤਾ ਅਪਣਾ ਸਕੇ।

**<u>5.4 ਸਮਾਜਿਕ ਭਲਾਈ ਦੀ ਜਰੂਰਤ</u>**

ਦੂਜਿਆਂ ਉਤੇ ਪਰਉਪਕਾਰ ਕਰਨਾ, ਭਲਾਈ ਦੇ ਕੇਮ ਕਰਨੇ ਅਤੇ ਸਰਬੱਤ ਦਾ ਭਲਾ ਮੰਗਣਾ ਸਿੱਖੀ ਦੇ ਆਦਰਸ਼ਕ ਮਨੁੱਖ ਦੇ ਗੁਣ ਹਨ। ਇਹਨਾਂ ਗੁਣਾਂ ਦੇ ਸਹਾਰੇ ਹੀ ਮਨੁਖ ਆਪਣੀ ਅਸਲ ਮੰਜ਼ਿਲ ਤੱਕ ਪਹੁੰਚ ਸਕਦਾ ਹੈ। ਜਿਵੇਂ ਕਿ ਅਸੀਂ ਅੱਜ ਦੇ ਵਿਕਸਿਤ ਸਮਾਜਾਂ ਵਿਚ ਵੇਖ ਰਹੇ ਹਾਂ ਮਨੁੱਖ ਦਾ ਇਤਨਾ ਵਿਕਾਸ ਹੋ ਜਾਣ ਦੇ ਬਾਵਜੂਦ ਵੀ ਸ਼ਾਂਤੀ ਅਤੇ ਸੰਤੁਸ਼ਟਤਾ ਨਹੀਂ ਹੈ। ਸੰਤੁਸ਼ਟ ਅਤੇ ਸਾਤ ਹੋ ਜਾਣ ਦਾ ਮਤਲਬ ਨਿਕੰਮਾਪਣ ਨਹੀਂ ਹੈ ਸਗੋਂ ਵਿਕਾਸ ਭਰਪੂਰਤਾ ਦੇ ਨਾਲ-ਨਾਲ ਆਪਣੇ ਸਹਿ ਜੀਵੀਆਂ ਪ੍ਰਤੀ ਭਰੱਪਣ ਦੀ ਭਾਵਨਾ ਦੀ ਅਨੁਭੂਤੀ ਹੈ ਜਿਸ ਨਾਲ ਉਸ ਪ੍ਰਮਾਤਮਾ ਪ੍ਰਤੀ ਧੰਨਵਾਦੀ ਹੋਇਆ ਜਾ ਸਕੇ ਜਿਸ ਨੇ ਮਨੁੱਖ ਨੂੰ ਅਦੁਤੀਆਂ ਸ਼ਕਤੀਆਂ ਦਿੱਤੀਆਂ ਹਨ। ਸਰਵਪੱਖੀ ਸ਼ਾਂਤੀ ਲਈ ਹਉਮੈ ਵਰਗੀਆਂ ਭਾਵਨਾਵਾਂ ਦਾ ਖਾਤਮਾ ਜਰੂਰੀ ਹੈ। ਹਊਮੈ ਮਨੁੱਖ ਦੇ ਵਤੀਰੇ ਨੂੰ ਸਵੈ-ਕੇਂਦਰਿਤ ਕਰਕੇ ਕੇਵਲ ਵਿਅਕਤੀਗਤ ਵਿਕਾਸ ਅਤੇ ਵਿਗਾਸ ਦੀ ਪ੍ਰੇਰਣਾ ਦੇਂਦੀ ਹੈ। ਜਦਕਿ ਇਸ ਤੋਂ ਪਾਰ ਜਾ ਕੇ ਨਿਮਰਤਾ, ਹਲੀਮੀ ਅਤੇ ਸੇਵਾ ਵਰਗੀਆਂ ਲੋਕ ਭਲਾਈ ਦੀਆਂ ਕੀਮਤਾਂ ਜਾਗ੍ਰਿਤ ਹੁੰਦੀਆਂ ਹਨ ਜਿਸ ਦੀ ਸਮਾਜ ਦੇ ਸਮੁੱਚੇ ਵਿਕਾਸ ਲਈ ਜਰੂਰਤ ਹੈ। ਇਹ ਭਾਵਨਾਵਾਂ ਸਮੁੱਚੀ ਲੋਕਾਈ ਦੇ ਆਪਣੇ ਕਲਾਵੇ ਵਿਚ ਲੈਣ ਦੇ ਉਪਰਾਲੇ ਵਲ ਪ੍ਰੇਰਦੀਆਂ ਹਨ ਅਤੇ ਮਨੁੱਖ ਨੂੰ ਇਸ ਵਿਸ਼ਵਾਸ ਵਲ ਅਗਰਸਰ ਕਰਦੀਆਂ ਹਨ ਕਿ ਉਸ ਨੇ ਆਪਣੇ ਆਪ ਲਈ ਹੀ ਨਹੀਂ ਬਲਕਿ ਸੰਸਾਰ ਦਾ ਹੋ ਕੇ ਜੀਣਾ ਹੈ ਅਤੇ ਸੰਸਾਰ ਨੂੰ ਆਪਣੀ ਲੁੱਟ-ਖਸੁੱਟ ਦਾ ਨਿਸ਼ਾਨਾ ਨਹੀਂ ਬਣਾਉਣਾ।

ਇਹ ਸਹੀ ਹੈ ਕਿ ਪ੍ਰਾਚੀਨ ਸਮੇਂ ਵਿਚ ਮਨੁੱਖ ਲਈ ਇਕੱਲੇ ਵਿਚਰਨਾ ਕੁਝ ਹੱਦ ਤੱਕ ਸੰਭਵ ਸੀ ਪਰੰਤੂ ਸਮੇਂ ਦੇ ਬੀਤਣ ਨਾਲ ਮਨੁਖ ਨੂੰ ਸਮੂਹਿਕ ਮਦਦ ਦੀ ਲੋੜ ਦਾ ਅਹਿਸਾਸ ਹੋਇਆ ਅਤੇ ਪਰਸਪਰ ਭਾਈਚਾਰੇ ਦੀ ਭਾਵਨਾ ਅਤੇ ਇਕ ਦੂਜੇ ਦੀ ਦੇਖਭਾਲ ਨੇ ਉਸਨੂੰ ਕਈ ਸਮੱਸਿਆਵਾਂ ਤੋਂ ਮੁਕਤ ਵੀ ਕੀਤਾ। ਅਜਿਹੀਆਂ ਹੀ ਸਮੱਸਿਆਵਾਂ ਅਜੋਕੇ ਵਿਸ਼ਵ ਦੇ ਦਰਪੇਸ਼ ਵੀ ਮੂੰਹ ਅੱਡੀ ਖੜੀਆਂ ਹਨ ਜਿਹਨਾਂ ਦੇ ਹੱਲ ਜੇਕਰ ਸਮੂਹਿਕ ਸਾਝਾਂ ਦੇ ਆਧਾਰ ਉਪਰ ਕੀਤੇ ਜਾਣਗੇ ਤਾਂ ਹੀ ਵਿਸ਼ਵ ਸ਼ਾਂਤੀ ਅਤੇ ਵਿਕਾਸ ਦੀਆਂ ਸਹੀ ਲੀਹਾਂ ਉਪਰ ਚਲ ਸਕਦਾ ਹੈ। ਅਜੋਕੇ ਸੰਸਾਰ ਵਿਚ ਧਾਰਮਿਕ, ਆਰਥਿਕ ਅਤੇ ਰਾਜਨੀਤਿਕ ਟਕਰਾਅ ਪੈਦਾ ਹੋ ਰਹੇ ਹਨ। ਸਿੱਖ ਧਰਮ ਵਿਚ, ਨਵੇਂ ਸਾਕਾਰਾਤਮਕ ਢੰਗ ਨਾਲ ਵਿਚਾਰਧਾਰਾਕ ਸਾਂਝਾ ਬਣਾਉਣ ਦੀ ਸਮਰਥਾ ਹੈ ਜਿਸ ਉਪਰ ਨਿਰਭਰਤਾ ਅਸਲ ਧਰਮ ਦੇ ਸਿਧਾਂਤਾਂ ਨੂੰ ਵਿਹਾਰ ਵਿਚ ਲਿਆਉਣ ਨਾਲ ਸਾਰਥਕ ਨਤੀਜੇ ਨਿਕਲ ਸਕਦੇ ਹਨ।

ਆਧੁਨਿਕ ਚਿੰਤਨ ਵਿਚ ਇਕ ਪਾਸੇ ਤਾਂ ਧਰਮ ਨੂੰ ਵਿਅਕਤੀ ਦਾ ਨਿਜੀ ਮਸਲਾ ਸਮਝਿਆ ਜਾਂਦਾ ਹੈ ਅਤੇ ਇਸਦੀ ਮਹੱਤਤ ਦੀ ਸਮੂਹਿਕ ਰੂਪ ਵਿਚ ਘੱਟ ਸਾਬਿਤ ਕੀਤੀ ਜਾਂਦੀ ਹੈ ਅਤੇ ਦੂਜੇ ਪਾਸੇ ਧਰਮ ਦੇ ਨਾਮ ਉਪਰ ਆਧੁਨਿਕ ਤਾਕਤਾਂ ਇਕ ਦੂਜੇ ਉਪਰ ਹਮਲੇ ਵੀ ਕਰਦੀਆਂ ਹਨ। ਧਰਮ ਇਕ ਸੰਵੇਦਨਸ਼ੀਲ ਭਾਵਨਾ ਹੈ, ਜੋ ਕਿ ਮੁੱਢ ਤੋਂ ਮਨੁਖ ਅੰਦਰ ਮੌਜੂਦ ਹੈ, ਇਸੇ ਸੰਵੇਦਨਸ਼ੀਲਤਾ ਨੂੰ ਰਾਜਨੀਤਿਕ ਪੱਧਰ ਦੇ ਵਰਤਣ ਦਾ ਘਿਨੌਣਾ ਖੇਲ ਚਲ ਰਿਹਾ ਹੈ। ਸੰਸਾਰ ਵਿਚ ਲਗਭਗ ਸਾਰੀਆਂ ਵੰਡੀਆਂ ਦਾ ਆਧਾਰ ਧਰਮ ਦੇ ਬਣਾਇਆ ਜਾ ਰਿਹਾ ਹੈ ਜਦਕਿ ਇਕ ਨੁਕਤਾ ਧਿਆਨ ਦੇਣਯੋਗ ਹੈ ਕਿ ਦੁਨੀਆਂ ਦਾ ਹਰੇਕ ਧਰਮ ਤਾਂ ਪ੍ਰੇਮ ਅਤੇ ਸ਼ਾਤੀ ਦਾ ਸੰਦੇਸ਼ ਦੇ ਰਿਹਾ ਹੈ ਪਰੰਤੂ ਹੁਣ ਤੱਕ ਮਨੁਖਤਾ ਦੇ ਇਤਿਹਾਸ ਨੂੰ ਦੇਖਿਆ ਇਸ ਦਾ ਉਲਟ ਦ੍ਰਿਸ਼ ਨਜ਼ਰੀ ਪੈ ਰਿਹਾ ਹੈ, ਹਰੇਕ ਵੱਡੀ ਜੰਗ ਧਰਮ ਦੇ ਨਾਮ ਤੇ ਹੋਈ ਦਿਖਾਈ ਦਿੰਦੀ ਹੈ। ਧਰਮ ਨੂੰ ਮਨੁਖਤਾ ਨੂੰ ਜੋੜਨ ਲਈ ਸ਼ੁਰੂ ਹੋਇਆ ਸੀ ਪਰੰਤੂ ਇਹ ਤਾਂ ਕੇਵਲ ਆਪਣੇ ਸੀਮਿਤ ਧਾਰਮਿਕ ਭਾਈਚਾਰੇ ਤੱਕ ਸੀਮਿਤ ਕਰ ਦਿੱਤਾ ਗਿਆ ਹੈ। ਧਰਮ ਦੇ ਅਸਲ ਅਰਥ ਲੋਕਾਈ ਨੂੰ ਸਮਝਣ ਹੀ ਨਹੀਂ ਦਿੱਤੇ ਗਏ, ਪੈਗੰਬਰਾਂ ਦੀਆਂ ਦਿੱਤੀਆਂ ਗਈਆਂ ਸਿੱਖਿਆਵਾਂ ਨੂੰ ਧਰਮਾਂ ਦੇ ਅਖੌਤੀ ਠੇਕੇਦਾਰਾਂ ਨੇ ਨਿਜੀ ਸੁਆਰਥਾਂ ਦੀ ਪੂਰਤੀ ਲਈ ਇਸਤੇਮਾਲ ਕਰਨਾ ਸ਼ੁਰੂ ਕਰ ਦਿਤਾ ਹੈ। ਅਤੇ ਇਸੇ ਕਾਰਨ ਧਰਮ ਦਾ ਨਾਮ ਬਦਨਾਮ ਹੋ ਗਿਆ। ਅਸਲ ਧਰਮ ਵਿਚ ਸਰਬੱਤ ਨੂੰ ਨਾਲ ਲੈ ਕੇ ਚਲਣ ਵਾਲੀ ਵਿਲੱਖਣ ਸਮਰਥਾ ਹੈ ਜਿਥੇ ਕੋਈ ਬੇਗਾਨਗੀ ਦਾ ਅਹਿਸਾਸ ਨਹੀਂ ਅਤੇ ਨਾ ਹੀ ਕੋਈ ਬਾਹਰੀ ਭੇਖਾਂ ਦੇ ਆਧਾਰਿਤ ਵਖਰੇਵਿਆਂ ਦੀ ਗੁਜਾਇਸ਼ ਹੈ। ਸੋ ਜੇਕਰ ਮਨੁਖਤਾ ਅਸਲ ਧਰਮ ਦੇ ਰਸਤੇ ਨੂੰ ਪਛਾਣ ਲਵੇ ਅਤੇ ਉਸ ਉਪਰ ਚਲ ਕੇ ਆਪਸੀ ਭਲਾਈ ਲਈ ਸੰਵੇਦਨਾਵਾ ਪ੍ਰਫੁਲਿਤ ਕਰੇ ਤਾਂ ਇਹ ਦੁਨੀਆਂ ਸਵਰਗ ਰੂਪੀ ਸਥਾਨ ਬਣ ਸਕਦੀ ਹੈ।

**5.5 ਸਿੱਖ ਧਰਮ ਵਿਚ ਸਮਾਜਿਕ ਭਲਾਈ ਦੀ ਮਹਾਨਤਾ :**

ਸਮਾਜਾਂ ਵਿਚਲੀਆਂ ਦੂਰੀਆਂ ਦੀ ਸਮੱਸਿਆਵਾਂ ਨੂੰ ਸੁਲਝਾਉਣ ਲਈ ਜਦੋਂ ਵੀ ਕਿਸੇ ਵਿਚਾਰਧਾਰਾ ਨੂੰ ਵਿਚਾਰ ਅਧੀਨ ਲਿਆਂਦਾ ਜਾਵੇ ਤਾਂ ਦੋ ਨੁਕਤੇ ਬੇਹਦ ਮਹੱਤਵਪੂਰਣ ਹਨ ਜੋ ...ਮੰਗਦੇ ਹਨ- ਪਹਿਲਾ ਕਿ ਉਸ ਵਿਚਾਰਧਾਰਾ ਦਾ ਆਧਾਰ ਕੀ ਹੈ? ਅਤੇ ਦੂਜਾ ਕਿ ਉਹ ਵਿਚਾਰਧਾਰਾ ਸੁਚਾਰੂ ਰੂਪ ਵਿਚ ਕਿਵੇਂ ਵਿਚਰਦੀ ਹੈ? ਜਿਸ ਤਰ੍ਹਾਂ ਪਹਿਲਾਂ ਵਰਨਣ ਕੀਤਾ ਗਿਆ ਹੈ ਕਿ ਦੁਨੀਆਂ ਵਿਚ ਆਪਸੀ ਪੱਧਰ ਦੇ ਹੋ ਰਹੀਆਂ ਸਮੱਸਿਆਵਾਂ ਦਾ ਕਾਰਨ ਆਪਸੀ ਵੰਡੀਆਂ ਹਨ। ਤਾਂ ਇਹਨਾਂ ਨੂੰ ਕਿਵੇਂ ਦੂਰ ਕੀਤਾ ਜਾਵੇ ਇਸ ਵਲ ਧਿਆਨ ਦੇਣ ਦੀ ਜ਼ਰੂਰਤ ਹੈ। ਜਿਸ ਵੀ ਵਿਚਾਰਧਾਰਾ ਨੂੰ ਕੇਂਦਰ ਵਿਚ ਲਿਆ ਕੇ ਸਮੱਸਿਆਵਾਂ ਦੇ ਹਲ ਲਭਣੇ ਹੋਣ ਉਸਦਾ ਆਧਾਰ ਜਾਨਣਾ ਜ਼ਰੂਰੀ ਹੈ। ਇਸ ਸੰਦਰਭ ਵਿਚ ਸਿੱਖ ਧਰਮ ਦੀ ਗਲ ਕਰੀਏ ਤਾਂ ਇਸ ਧਰਮ ਦਾ ਆਧਾਰ ਹੈ-ਇਕ ਈਸ਼ਵਰ ਵਿਚ ਵਿਸ਼ਵਾਸ। ਜਿਸ ਅਨੁਸਾਰ ਉਹ ਪੈਦਾ ਕਰਨ ਵਾਲਾ ਇਕ ਹੇ- ਅਤੇ ਉਸਦੀ ਪੈਦਾ ਕੀਤੀ ਹੋਈ ਸ੍ਰਿਸ਼ਟੀ ਵੀ ਇਕ ਹੈ। ਉਥੇ ਵੀ ਕੋਈ ਦੂਜਾ ਨਹੀਂ। ਇਹ ਇਕ ਰੱਬ ਦਾ ਸੰਦੇਸ਼ ਅਤੇ ਸੰਕਲਪ ਬਿਲਕੁਲ ਵਿਲੱਖਣ ਅਤੇ ਨਿਆਰਾ ਹੈ। ਆਪਣੇ ਤੋਂ ਪਹਿਲਾਂ ਸਥਾਪਿਤ ਧਾਰਮਿਕ ਮਾਨਤਾਵਾਂ ਵਾਂਗ ਨਹੀਂ, ਕਿਉਂਕਿ ਰੱਬ ਦੀ ਹੋਂਦ ਦਾ ਇਹ ਸੰਕਲਪ ਇਕਹਿਰਾ ਨਹੀਂ ਬਲਕਿ ਬਹੁਪੱਖੀ ਹੈ ਅਤੇ

ਕਿਰਿਆਸ਼ੀਲ ਸੁਭਾਅ ਦਾ ਹੈ। ਭਾਵ ਕਿ ਪਰਮਾਤਮਾ ਇਕ ਹੈ ਪਰ ਇਕਹਰਾ ਨਹੀਂ, ਬਲਕਿ ਉਸਦੇ ਅਨੇਕਾਂ ਰੂਪ ਹਨ ਅਤੇ ਉਹ ਹੀ ਇਹਨਾਂ ਅਨੇਕਾਂ ਰੂਪਾਂ ਦਾ ਸਿਰਜਕ ਵੀ ਹੈ। ਅਨੇਕਾਂ ਰੂਪਾਂ ਦਾ ਸਿਰਜਕ ਹੋਣ ਕਾਰਣ ਉਹ ਸਭ ਰੂਪਾਂ ਦਾ ਰੱਖਿਅਕ ਵੀ ਹੈ। ਇਸ ਧਰਮ ਦੀ ਇਸ ਖਾਸ ਵਿਲੱਖਣਤਾ ਨੂੰ ਸਮਝਣ ਨਾਲ ਸੰਸਾਰਭਰ ਦੀਆਂ ਕਈ ਸਮੱਸਿਆਵਾਂ ਖ਼ਤਮ ਹੋ ਸਕਦੀਆਂ ਹਨ।

ਸਿੱਖ ਧਰਮ ਵਿਚ ਪਰਮਾਤਮਾ ਦੇ ਸਿਧਾਂਤ ਦਾ ਬਹੁਪੱਖੀ ਹੋਣ ਕਾਰਨ ਇਹ ਵਿਸ਼ਵਭਰ ਦੇ ਹਰੇਕ ਵਿਸ਼ਵਾਸ ਇਕ ਸੱਚ ਦੀ ਸਿਰਜਣਾ ਮੰਨਦਾ ਹੈ ਅਤੇ ਇਹੀ ਕਾਰਣ ਹੈ ਕਿ ਇਹ ਵਿਚਾਰਧਾਰਾ ਦੂਜਿਆਂ ਨੂੰ ਆਪਣੇ ਹੇਠ ਦਬਾਉਣ, ਸੀਵਾ ਦਿਖਾਉਣ ਜਾਂ ਆਪਣੇ ਵਿਚ ਸ਼ਾਮਿਲ ਕਰਕੇ ਖ਼ਤਮ ਕਰ ਦੇਣ ਵਿਚ ਵਿਸ਼ਵਾਸ ਨਹੀਂ ਰੱਖਦੀ ਬਲਕਿ ਇਸ ਦੇ ਛੱਤਰ ਛਾਇਆ ਹੇਠ ਹਰੇਕ ਵਿਸ਼ਵਾਸ ਸੁਰੱਖਿਅਤ ਮਹਿਸੂਸ ਕਰ ਸਕਦਾ ਹੈ। ਸਭ ਦੀ ਹੋਂਦ ਦਾ ਆਧਾਰ ਸੱਚ ਹੇ ਜੋ ਕਿ ਸਦੀਵੀ ਅਤੇ ਅਟਲ ਹੈ ਤਾਂ ਇਹਨਾਂ ਨੂੰ ਮੰਨਣ ਵਾਲਿਆਂ ਵਿਚ ਭਿੰਨਤਾਵਾਂ ਦਾ ਕੋਈ ਅਰਥ ਨਹੀਂ ਰਹਿ ਜਾਂਦਾ। ਇਸੇ ਵਿਸ਼ਵਾਸ ਦੇ ਆਧਾਰ ਤੇ ਵਿਹਾਰਕ ਰੂਪ ਵਿਚ ਵੀ ਇਹ ਸਿਧਾਂਤ ਕੰਮ ਕਰਦਾ ਹੈ। ਇਸ ਫਲਸਫੇ ਦੇ ਪੈਰੋਕਾਰ ਸਭ ਨੂੰ ਸੱਚ ਦੇ ਮਾਰਗ ਦੇ ਪਾਂਧੀ ਮੰਨਦੇ ਹਨ ਅਤੇ ਸੱਚੇ ਆਚਰਨ ਦੇ ਆਧਾਰ ਉਪਰ ਹਰੇਕ ਵਿਅਕਤੀ ਪਰਮਾਤਮਾ ਦੀ ਕਿਰਪਾ ਦਾ ਪਾਤਰ ਬਣਨ ਦੇ ਯੋਗ ਹੈ। ਇਸ ਸੋਚ ਨਾਲ ਵਿਅਕਤੀ ਦੀ ਸਭ ਤੋਂ ਵੱਡੀ ਦੁਸ਼ਮਣ ਹਉਮੈ ਦਾ ਨਾਸ਼ ਹੁੰਦਾ ਹੇ ਅਤੇ ਆਪਸੀ ਵੈਰ ਵਿਰੋਧਾਂ ਦੇ ਕਾਰਣ ਪੈਦਾ ਹੋਣ ਵਾਲੀ ਅਗਿਆਨਤਾ ਦਾ ਖਾਤਮਾ ਹੁੰਦਾ ਹੈ। ਗੁਰੂ ਨਾਨਕ ਦੇਵ ਜੀ ਦਾ ਕਥਨ ਹੈ ਕਿ ਦੁਨੀਆਂ ਉਪਰ ਕੋਈ ਵੀ ਬੁਰਾ ਜਾ ਵਖਰਾ ਨਹੀਂ ਹੈ।

ਹਮ ਨਹੀ ਚੰਗੇ ਬੁਰਾ ਨਹੀ ਕੋਈ॥ ਪ੍ਰਵਵਤਿ ਨਾਨਕ ਤਾਰੇ ਸੋਇ॥

ਗੁਰਬਾਣੀ ਨੇ ਇਹ ਤਾਕੀਦ ਕੀਤੀ ਹੇ ਕਿ ਵਖਰੇਵਿਆਂ ਆਧਾਰਿਤ ਹਉਮੈ ਸਾਡੀ ਸ਼ਕਤੀ ਨਹੀਂ ਬਲਕਿ ਸਾਡੀ ਕਮੀ ਹੈ ਅਤੇ ਸਭ ਤੋਂ ਸ਼ਕਤੀਸ਼ਾਲੀ ਇਕ ਪਰਮਾਤਮਾ ਹੀ ਹੈ ਜੋ ਸਭ ਦਾ ਸਾਂਝਾ ਹੈ। ਮਨੁੱਖ ਤਾਂ ਇਸ ਝੂਠੀ ਸ਼ਾਨ ਵਿਚ ਫਸ ਕੇ ਅਮਲੀ ਰੂਹਾਨੀਅਤ ਤੋਂ ਸੱਖਣਾ ਰਹਿ ਜਾਂਦਾ ਹੈ। ਅਜਿਹੇ ਨਿਜਵਾਦੀ ਸੋਚ ਵਾਲੇ ਮਨੁਖ ਦੂਜਿਆਂ ਨੂੰ ਦਬਾਉਣ ਜਾਂ ਕਬਜਾ ਕਰਨ ਵਿਚ ਰੁਚਿਤ ਰਹਿੰਦੇ ਹਨ ਜਦੋਂ ਕਿ ਅਸਲ ਧਰਮੀ ਮਨੁੱਖ ਦੂਜਿਆਂ ਦੀ ਭਲਾਈ ਦੇ ਰੂਪ ਵਿਚ ਸਭਨਾ ਵਿਚਲੀ ਪ੍ਰਕਾਸ਼ਮਾਨ ਜੋਤ ਦੀ ਸੇਵਾ ਟਹਿਲ ਕਰਦੇ ਹਨ।

ਸਭਨਾਂ ਵਿਚਲੀ ਪ੍ਰਕਾਸ਼ਮਾਨ ਜੋਤ ਨਾਲ ਪ੍ਰੀਤ ਪਾਉਂਦੇ ਹੋਏ ਮਨੁਖ ਦਇਆ, ਸੰਤੋਖ, ਜਤ ਅਤੇ ਸਤ ਗੁਣਾਂ ਦਾ ਧਾਰਨੀ ਸੁਤੇ ਸਿਧ ਹੀ ਬਣ ਜਾਂਦਾ ਹੈ। ਅਜਿਹਾ ਗੁਰਮੁਖ ਹੀ ਸਰਬਕਾਲੀ ਸੱਚ ਨਾਲ ਜੁੜ ਸਕਦਾ ਹੈ ਜਿਸ ਵਿਚ ਨਿੱਜ ਤੋਂ ਪਾਰ ਜਾ ਕੇ ਪਰ ਦੇ ਰਾਹੀਂ ਅਸਲੀ ਅਧਿਆਤਮਕ ਰਸਤਾ ਲਭ ਲਿਆ ਜਾਂਦਾ ਹੈ। ਅਜਿਹੇ ਵਿਅਕਤੀ ਦੀਆਂ ਸਮਾਜ ਕੌਮੀਅਤ ਵਿਚ ਵਿਸ਼ਵ ਪੱਧਰੀ ਹੋਣ ਦੀਆਂ ਅਨੇਕ ਸੰਭਾਵਨਾਵਾਂ ਹੁੰਦੀਆਂ ਹਨ ਜੋ ਨਿਜਵਾਦ ਤੋਂ ਉਪਰ ਵਿਸ਼ਾਲ ਦ੍ਰਿਸ਼ਟੀਕੋਣ ਦਾ ਧਾਰਨੀ ਹੋਵੇ।

5.6 **ਸਮਾਜਿਕ ਭਲਾਈ ਲਈ ਵਿਸ਼ਵਪੱਧਰੀ ਸੰਭਾਵਨਾਵਾ**

ਧਰਮਾਂ ਦੇ ਵਿਹਾਰ ਤੋਂ ਇਕ ਗਲ ਦਾ ਅੰਦਾਜ਼ਾਂ ਸਵੈ ਸਿੱਧ ਹੀ ਲਗ ਜਾਂਦਾ ਹੈ ਕਿ ਹਰੇਕ ਧਰਮ ਦੇ ਮੰਨਣ ਵਾਲੇ ਆਪਣੇ ਧਰਮ ਨੂੰ ਮੰਨਣ ਵਾਲਿਆਂ ਦਾ ਹੀ ਭਲਾ ਮੰਗਦੇ ਆਏ ਹਨ। ਇਸਲਾਮ ਨੇ ਮੋਮਨਾਂ ਦਾ ਭਲਾ ਅਤੇ ਕਾਫਰਾਂ ਦਾ ਖਾਤਮਾ ਕਰਨਾ ਹੀ ਧਾਰਮਿਕ ਫਰਜ਼ ਗਿਣਿਆ ਹੈ। ਈਸਾਈ ਧਰਮ ਅਨੁਸਾਰ ਈਸਾ ਜੀ ਕੇਵਲ ਉਹਨਾਂ ਦੇ ਪਾਪ ਕਟਣ ਦੀ ਸਿਫਾਰਿਸ਼ ਕਰਦੇ ਹਨ ਜੋ ਉਹਨਾਂ ਨੂੰ ਰੱਬ ਦਾ ਪੁੱਤਰ ਮੰਨਣ ਅਤੇ ਈਸਾਈਅਤ ਦੇ ਤ੍ਰੀਏਕਤਾ ਦੇ ਸਿਧਾਂਤ ਉਪਰ ਅਮਲ ਕਰਨ। ਹਿੰਦੂ ਧਰਮ ਵਿਚ ਵੀ ਵਰਵ ਵੰਡ ਦੁਆਰਾ ਪਾਈਆਂ ਗਈਆਂ ਭਿੰਨਤਾਵਾਂ ਇਸੇ ਕਿਸਮ ਦਾ ਉਪਦੇਸ਼ ਦੇਂਦੀਆਂ ਹਨ। ਗੁਰੂ ਨਾਨਕ ਦੇਵ ਜੀ ਦਾ ਗਾਡੀ ਰਾਹ ਇਹ ਸਿਧਾਂਤ ਦੇ ਰਿਹਾ ਹੈ ਕਿ ਉਸ ਅਕਾਲ ਪੁਰਖ ਨੂੰ ਚਾਹੇ ਕਿਸੇ ਨਾਮ ਨਾਲ ਪੁਕਾਰ ਲਵੋ ਪਰ ਉਹ ਦਰਅਸਲ ਇਕ ਹੀ ਹੈ। ਕੇਵਲ ਅਖੌਤੀ ਧਾਰਮਿਕ ਲੋਕਾਂ ਦੀ ਹਠ ਧਰਮੀ ਲੇ ਪਰਮਾਤਮਾ ਦੀ ਸਰਬ ਪਿਆਰਦੀ ਬੋਲੀ ਨੂੰ ਵਿਸਾਰ ਦਿੱਤਾ ਹੈ ਅਤੇ ਸਿੱਟੇ ਵਜੋਂ ਬੋਲੀਆਂ ਆਪਸ ਵਿਚ ਟਕਰਾਉਣ ਲੱਗ ਪਈਆਂ ਹਨ ਜਿਸ ਨਾਲ ਸੁਆਰਥ 'ਧਰਮ' ਬਣ ਗਿਆ ਹੈ। ਅਸਲ ਧਰਮ ਕਿਤੇ ਵੀ ਜ਼ੁਲਮ, ਜਾਂ ਨਫਰਤ ਕਰਨ ਦੀ ਆਗਿਆ ਨਹੀਂ ਦੇਂਦਾ ਗੁਰੂ ਨਾਨਕ ਦੇਵ ਜੀ ਦਾ ਸੰਦੇਸ਼ ਐਸਾ ਹੈ ਜਿਸਨੇ ਸਭ ਨੂੰ ਗਲੇ ਲਗਾ ਕੇ 'ਨਿਤਾਵਿਆਂ ਦਾ ਭਾਵ' 'ਨਿਓਟਿਆਂ ਦੀ ਓਟ' ਅਤੇ 'ਨਿਆਸਰਿਆਂ ਦਾ ਆਸਰਾ' ਬਣਨ ਦਾ ਬੀੜਾ ਚੁੱਕਿਆ ਹੈ। ਬਲਕਿ ਇਸ ਧਰਮ ਦੇ ਪਾਂਧੀਆਂ ਨੇ ਹਰੇਕ ਧਰਮ ਅਤੇ ਧਰਮ ਅਸਥਾਨ ਅਤੇ ਕੌਮੀਅਤਾਂ ਦਾ ਮੱਧ ਕਾਲ ਤੋਂ ਹੀ ਰਖਵਾਲੀ ਦਾ ਯਤਨ ਆਰੰਭ ਕੀਤਾ ਹੈ। ਦੁਨੀਆਂ ਦੇ ਇਤਿਹਾਸ ਵਿਚ ਇਹ ਇਕੱਲਾ ਧਰਮ ਹੈ ਜਿਸ ਨੇ ਦੂਜਿਆਂ ਦੇ ਧਰਮਾਂ ਦੀ ਰਾਖੀ ਦੀ ਖਾਤਰ ਕੁਰਬਾਨੀਆਂ ਦਿੱਤੀਆਂ, ਜੰਗ ਦੇ ਮੈਦਾਨ ਵਿਚ ਦੁਸ਼ਮਣਾਂ ਦੀ ਟਹਿਲ ਸੇਵਾ ਕੀਤੀ। ਸਿੱਖ ਸਮਾਜ ਵਿਚ ਸਮਾਜਿਕ ਭਲਾਈ ਨੂੰ ਪਰਮਾਤਮਾ ਦੀ ਸੇਵਾ ਦਾ ਨਾਮ ਦਿੱਤਾ ਗਿਆ ਹੈ-ਸਿੱਖ ਤਨ, ਮਨ, ਧਨ ਅਤੇ ਸੁਰਤੀ ਨਾਲ ਸੇਵਾ ਅਤੇ ਭਲਾਈ ਦੇ ਕੰਮ ਕਰਦੇ ਹਨ ਇਹ ਸੇਵਾ ਨਿਸੁਆਰਥ ਭਾਵਨਾ ਨਾਲ ਕੀਤੀ ਜਾਂਦੀ ਹੈ ਜੋ ਕਿ ਅੱਗੋਂ ਆਤਮਿਕ ਗੁਣਾਂ ਦਾ ਸੰਚਾਰ ਕਰਦੀ ਅਤੇ ਔਗੁਣਾਂ ਨੂੰ ਦੂਰ ਕਰਦੀ ਹੈ। ਕਾਮ, ਕਰੋਧ, ਲੋਭ, ਮੋਹ, ਹੰਕਾਰ ਮਨੁੱਖ ਦੇ ਪੰਜ ਔਗੁਣ ਹਨ ਜਿਹਨਾਂ ਨੂੰ ਸੱਚ, ਧਰਮ , ਦਇਆ, ਧੀਰਜ ਅਤੇ ਸੰਜਮ ਰੂਪੀ ਆਤਮਿਕ ਗੁਣਾਂ ਵਿਚ ਤਬਦੀਲ ਕਰਨਾ ਸਿਖੀ ਦਾ ਉਦੇਸ਼ ਹੈ। ਗੁਰੂ ਨਾਨਕ ਅਨੁਸਾਰ ਜੋ ਇਹ ਸਭ ਗੁਣ ਅਤੇ ਅਮਲ ਹਨ ਇਹੀ ਪਰਮਾਤਮਾ ਦੀ ਪ੍ਰਾਪਤੀ ਲਈ ਇਕਮਾਤਰ ਵਸੀਲਾ ਹਨ। ਜਿਸ ਵਿਅਕਤੀ ਅੰਦਰ ਇਹਨਾਂ ਗੁਣਾਂ ਦੀ ਘਾਟ ਹੈ, ਉਹ ਚਾਹੇ ਕਿਸੇ ਵੀ ਧਾਰਮਿਕ ਰਾਹ ਦਾ ਪਾਂਧੀ ਹੋਵੇ, ਆਪਣੀ ਮੰਜਿਲ ਤੇ ਨਹੀਂ ਪਹੁੰਚ ਸਕਦਾ। ਪਰਮਾਤਮਾ ਇਕ ਜੋਤ ਸਰੂਪ ਹੈ ਅਤੇ ਉਸਦਾ ਚਾਨਣ ਕਾਇਨਾਤ ਦੇ ਹਰੇਕ ਰੂਪ ਵਿਚ ਹੈ ਕਾਇਨਾਤ ਦੇ ਕਿਸੇ ਜੀਵ ਪ੍ਰਤੀ ਨਫਰਤ ਜਾਂ ਭੇਦ ਭਾਵ ਦਿਖਾਉਣਾ ਉਸ ਪ੍ਰਭੂ ਤੱਕ ਪਹੁੰਚਣ ਦੇ ਰਸਤੇ ਦੀਆਂ ਅਟਕਲਾਂ ਹਨ। ਜੋ ਵਿਅਕਤੀ ਉਸ ਇਕ ਪਿਤਾ ਦੀ ਬਣਾਈ ਹੋਈ ਸ੍ਰਿਸ਼ਟੀ ਨਾਲ ਈਰਖਾ, ਤਿਰੋਪ, ਨਫਰਤ ਕਰੇ, ਉਹ ਚਾਹੇ ਕਿੰਨੀਆਂ ਸਮਾਧੀਆਂ ਲਗਾਵੇ, ਤੀਰਥਾਂ ਤੇ ਜਾਵੇ, ਤਪ ਕਰੇ, ਮੰਦਰਾਂ ਮਸਜਿਦਾਂ ਗਿਰਜਿਆਂ ਗੁਰਦੁਆਰਿਆਂ ਦੀਆਂ ਦਹਿਲੀਰਾਂ ਉਪਰ ਨੱਕ ਰਗੜੇ ਉਹ ਪ੍ਰਭੂ ਦੀ ਕਦਰ ਦਾ ਪਾਤਰ ਨਹੀਂ ਬਣ ਸਕਦਾ। ਸੇਵਾ ਅਤੇ ਸਿਮਰਨ ਗੁਰੂ ਨਾਨਕ ਦੇ ਘਰ ਦੀਆਂ ਖਾਸ ਬਖਸ਼ਿਸ਼ਾਂ ਹਨ ਬੇਸ਼ੱਕ ਸਿਮਰਨ ਰਾਹੀਂ ਸਿੱਖ ਦਾ ਸਿਧਾ ਸੰਬੰਧ ਪਰਮਾਤਮਾ ਨਾਲ ਹੁੰਦਾ ਹੈ ਜਦਕਿ ਸੇਵਾ ਰਾਹੀਂ ਉਹ ਖਾਲਕ ਅਤੇ ਉਸਦੀ ਖਲਕਤ ਦੋਹਾਂ ਨਾਲ ਜੁੜਦਾ

ਹੈ। ਗੁਰੂ ਨਾਨਕ ਦੇ ਸਿੱਖ ਲਈ ਕਿਸੇ ਲਈ ਭਲਾਈ ਕਰਨਾ, ਮਦਦ ਕਰਨਾ ਉਸਦੀ ਸੇਵਾ ਕਰਨੀ ਕੋਈ ਬਾਹਰੋਂ ਥੋਪਿਆ ਹੋਇਆ ਕਰਮ ਵਿਧਾਨ ਨਹੀਂ ਬਲਕਿ ਸਿੱਖ ਦੇ ਵਿਅਕਤੀਤਵ ਵਿਚੋਂ ਉਜਾਗਰ ਹੋਇਆ ਖਲਕਤ ਵਿਚੋਂ ਖਾਲਕ ਨੂੰ ਵੇਖਣ ਦਾ ਚਾਅ ਹੈ। ਇਹ ਕਰਮ ਕਰਦੇ ਹੋਏ ਇਕ ਹਉਮੈ ਤੋਂ ਉਪਰ ਉਠ ਕੇ ਹੁਕਮ ਅਤੇ ਭਾਣੇ ਵਿਚ ਰਹਿੰਦਾ ਹੋਇਆ, ਵਿਲੱਖਣ ਅਡੋਲਤਾ, ਦ੍ਰਿੜਤਾ ਅਤੇ ਸਿਣਕ ਦਾ ਧਾਰਨੀ ਬਣ ਜਾਂਦਾ ਹੈ।

ਸਭਨਾਂ ਲਈ ਪਿਆਰ ਭਰੀ ਇਸੇ ਭਾਵਨਾ ਦੇ ਅੰਤਰਗਤ ਸਿੱਖ ਸ਼ਰਧਾਲੂ ਅਰਦਾਸ ਵਿੱਚ ਰੋਜ਼ਾਨਾ ਦੂਜਿਆਂ ਪ੍ਰਤੀ ਭਰੱਪਣ ਅਤੇ ਆਪਣੇਪਨ ਦੀ ਦਾਤ ਮੰਗਦਾ ਹੋਇਆ ਸਰਬੱਤ ਦੇ ਭਲੇ ਦੀ ਅਰਦਾਸ ਕਰਦਾ ਹੈ। ਇਸ ਦਾਤ ਦੇਵ ਮੰਗਣ ਦਾ ਮਤਲਬ ਹੈ ਆਪਣੇ ਪਰਾਏ, ਮਿੱਤਰ ਅਤੇ ਦੁਸ਼ਮਣ, ਅਮੀਰ ਅਤੇ ਗਰੀਬ, ਵਾਕਫ ਨਾ ਵਾਕਫ਼, ਮਨੁੱਖ ਮਾਤਰ ਅਤੇ ਸਮੁੱਚੀ ਕਾਇਨਾਤ ਵਿਚ ਵਸਦੇ ਹਰੇਕ ਜੀਵ ਜੰਤੂ ਦੀ ਸੁੱਖ ਅਤੇ ਭਲਾਈ ਦੀ ਕਾਮਨਾ ਕਰਣਾ ਅਤੇ ਇਹ ਕਾਮਨਾ ਧੁਰ ਅੰਦਰੋਂ ਪੂਰੀ ਦਿਆਨਤਦਾਰੀ ਨਾਲ ਕੀਤੀ ਜਾਂਦੀ ਹੈ ਇਹ ਵਿਅਕਤੀਗਤ ਮਨੁੱਖੀ ਭਲਾਈ ਨੇ ਸਾਰੀ ਮਨੁੱਖਤਾ ਨਾਲ ਜੋੜਨ ਦਾ ਉਪਰਾਲਾ ਹੈ ਕਿਉਂਕਿ ਮਨੁੱਖ ਦੀ ਭਲਾਈ ਹੀ ਸਾਰੇ ਜਗਤ ਦੀ ਭਲਾਈ ਹੈ। ਸੋ ਸਰਬੱਤ ਦਾ ਭਲਾ ਮੰਗਣਾ ਸਮੁੱਚੀ ਕਾਇਨਾਤ ਵਿਚ ਸਮਾਨਤਾ ਦਾ ਸੂਚਕ ਹੈ।

ਸਰਬੱਤ ਦੀ ਭਲਾਈ ਮੰਗਣਾ ਸਿੱਖੀ ਦਾ ਆਧਾਰ ਮੂਲਕ ਅਸੂਲ ਹੈ। ਸਿੱਖ ਧਰਮ ਦੀ ਦੇਗ ਸਭ ਲਈ ਸਾਂਝੀ ਹੈ ਤਾਂ ਕਿ ਦੁਨੀਆ ਵਿਚ ਕੋਈ ਭੁੱਖਾ ਨਾ ਰਹਿ ਸਕੇ, ਤੇਗ ਸਾਂਝੀ ਹੈ ਤਾਂ ਕਿ ਕੋਈ ਜਾਲਿਮ ਕਿਸੇ ਨਿਰਦੋਸ਼ ਉਪਰ ਜੁਲਮ ਨਾ ਕਰ ਸਕੇ। ਸਰਬੱਤ ਦਾ ਭਲਾ ਕਰਨਾ, ਸੇਵਾ ਕਰਨੀ, ਸਰਬੱਤ ਦੀ ਰਾਖੀ ਕਰਨੀ, ਕੰਮ ਆਉਣਾ, ਸਰਬੱਤ ਲਈ ਸ਼ੁੱਭ ਇਛੁੱਕ ਹੋਣਾ , ਸਰਬੱਤ ਦੀ ਦੇਖਭਾਲ ਕਰਨੀ, ਲੋੜ ਪੈਣ ਤੇ ਝੂਠ ਦੇ ਵਿਰੋਧ ਵਿਚ ਖੜੋਣਾ, ਜੁਲਮ ਵਿਰੁੱਧ ਲੜਨਾ, ਸਿੱਖੀ ਦਾ ਵਿਰਸਾ ਹੈ। ਇਸ ਤਰ੍ਹਾਂ ਦੀਆਂ ਭਾਵਨਾਵਾਂ ਨਾਲ ਸਮਾਜਿਕ ਜੀਵਨ ਜੀਣਾ ਕੁਦਰਤ ਦੇ ਨਿਯਮਾਂ ਦੇ ਅਨੁਸਾਰ ਹੋਣ ਦਾ ਦੂਜਾ ਰੂਪ ਹੈ। ਸਮੁੱਚੀ ਕਾਇਨਾਤ ਨੂੰ ਧਿਆਨ ਨਾਲ ਦੇਖਿਆ ਜਾਵੇ ਤਾਂ ਹਰੇਕ ਨਿੱਕੀ ਤੋਂ ਨਿਕੀ ਅਤੇ ਵੱਡੀ ਤੋਂ ਵੱਡੀ ਚੀਜ਼ ਕਿਸੇ ਨਾ ਕਿਸੇ ਰੂਪ ਵਿਚ ਕਾਦਰ ਦੇ ਨਿਯਮਾਂ ਅਨੁਸਾਰ ਚਲਦੀ ਨਜਰ ਆਉਂਦੀ ਹੈ। ਫੁਲ ਖਿੜ ਕੇ ਸਭਨਾਂ ਨੂੰ ਮਹਿਕ ਅਤੇ ਖੁਸ਼ੀ ਵੰਡਦਾ ਹੈ, ਇਸੇ ਤਰ੍ਹਾਂ ਸੂਖਮ ਰੂਪ ਵਿਚ ਜਮੀਨ ਅੰਦਰ ਵਸਦੇ ਜਰਮ ਵੀ ਜਮੀਨ ਲਈ ਭਲਾਈ ਦੇ ਕੰਮਾਂ ਵਿਚ ਰੁੱਝੇ ਹੋਏ ਲਗਦੇ ਹਨ। ਨਿਰਾ ਆਪਣੇ ਆਪ ਲਈ ਜੀਉਣਾ ਨਿਰਾਰਥਕ ਜਿਹਾ ਲੱਗਦਾ ਹੈ ਅਤੇ ਇਹ ਕੁਦਰਤ ਦੇ ਨੇਮਾਂ ਦੇ ਵੀ ਖਿਲਾਫ ਹੁੰਦਾ ਹੇ। ਦੂਜਿਆਂ ਦੇ ਮੁਖ ਲਈ ਆਪਣਾ ਕੁਝ ਤਿਆਗਣਾ ਉਚਤਮ ਆਤਮਿਕ ਗੁਣ ਹੈ ਜਦੋਂ ਮਨੁੱਖ ਅੰਦਰ ਬੇਸਬਰੀ ਦਾ ਜਾਂ ਸੰਤੋਖ, ਅਭਿਮਾਨ ਦੇ ਥਾਂ ਨਿਮਰਤਾ ਅਤੇ ਬਦਲੇ ਦੀ ਥਾਂ ਪਿਆਰ ਦੀ ਭਾਵਨਾ ਜਾਗ ਪਵੇ ਸਮਝੋ ਕਿ ਮਨੁੱਖਤਾ ਕੁਦਰਤ ਦੇ ਅਨੁਸਾਰੀ ਚਲ ਪਿਆ ਹੈ ਅਤੇ ਕਾਦਰ ਦਾ ਅਨੁਭਵੀ ਬਣ ਰਿਹਾ ਹੈ।

ਅਜੋਕੇ ਵਿਸ਼ਵ ਵਿਚ ਪਦਾਰਥਕ ਲੋੜ ਪੂਰੀਆਂ ਕਰਨ ਦੀ ਦੌੜ ਲਗੀ ਹੋਈ ਹੈ ਜਿਸ ਨਾਲ ਸਭ ਪਾਸੇ ਅਸ਼ਾਂਤੀ ਅਤੇ ਅਸੁਰਿੱਖਤਾ ਦਿਸ ਰਹੀ ਹੈ। ਸਰੀਰ ਦੀ ਸੁਖਾਂ ਦੀ ਥਾਂ ਜੇਕਰ ਮਨ ਦੀ ਸੁਤੰਲਤਾ ਉਪਰ ਕੰਮ ਕੀਤਾ ਜਾਵੇ ਤਾਂ ਦੁਨੀਆਂ ਦੀਆਂ ਲਗਭਗ ਸਭ ਸਮੱਸਿਆਵਾਂ ਦਾ ਨਾਸ਼ ਸੰਭਵ ਹੈ। ਗੁਰਮਤਿ ਵਿਚ ਇਹ ਸਮਰਥਾ ਹੈ ਕਿ ਉਹ

ਇਕ ਸੰਤੁਲਿਤ ਸਹਿਜ ਮਾਰਗ ਦੇ ਸਕਦੀ ਹੈ। ਇਸ ਮਾਰਗ ਉਪਰ ਪ੍ਰਵਿਰਤੀ ਅਤੇ ਨਿਰਵਿਰਤੀ ਦਾ ਸਮਤੋਲ ਹੈ, ਅੰਦਰਲੀ ਅਤੇ ਬਾਹਰਲੀ ਇਕਸੁਰਤਾ ਕਾਇਮ ਰੱਖਣ ਦੀ ਵਿਗਿਆਨਕ ਜੁਗਤ ਹੈ, 'ਅੰਜਨਿ ਮਾਹਿ ਨਿਰੰਜਕ' ਹੋ ਕੇ ਵਿਚਰਨ ਦੀ ਜੀਵਨ ਜਾਂਚ ਹੈ। ਬੇਸ਼ਕ ਇਹ ਮਾਰਗ ਬੇਹਦ ਕਠਿਨ ਹੈ। ਧਾਰਮਿਕ ਅਡੰਬਰਾਂ ਦਾ ਦਿਖਾਵਾ ਕਰਨਾ ਐਖਾ ਹੈ ਪਰੰਤੂ ਗੁਰਮਤਿ ਅਨੁਸਾਰੀ ਹੋ ਕੇ ਜੀਵਨ ਜੀਣਾ ਬੇਹਦ ਕਠਿਨ ਹੈ। ਗੁਰਮੁਖ ਜਦੋਂ 'ਸਭ ਮਹਿ ਰਵਿ ਰਹਿਆ ਪ੍ਰਭ ਏਕੈ ਪੇਖਿ ਪੇਖਿ ਨਾਨਕ ਬਿਗਸਾਈ' ਦੇ ਕਥਨ ਅਨੁਸਾਰ ਸੰਸਾਰ ਵਿਚ ਵਿਚਰਦਾ ਹੈ ਤਾਂ ਉਹ ਇਕ ਅਲਗ ਕਿਸਮ ਦੇ ਵਿਸਮਾਦ ਵਿਚ ਹੁੰਦਾ ਹੈ ਅਤੇ ਸਭਨਾਂ ਪ੍ਰਤੀ ਪ੍ਰੇਮ ਦੀਆਂ ਵਿਸਮਾਦੀ ਲਹਿਰਾਂ ਵਿਚ ਜੀਵਨ ਦਾ ਆਨੰਦ ਮਾਣ ਰਿਹਾ ਹੁੰਦਾ ਹੈ। ਸਰਬ ਪਿਆਰ ਦੀਆਂ ਸਾਂਝੀਆਂ ਭਾਵਨਾਵਾਂ ਵਿੱਚ ਹੀ ਉਹ ਦੂਜਿਆਂ ਦੀ ਭਲਾਈ ਦੇ ਕਾਰਜ ਕਰਦਾ ਹੈ। ਐਸੀਆਂ ਭਾਵਨਾਵਾਂ ਸਦਕਾ ਹੀ ਅਸੀਂ ਸਿੱਖ ਸਮਾਜ ਨੂੰ ਲੋੜਵੰਦਾਂ ਲਈ ਮੈਡੀਕਲ ਕੈਂਪ ਲਗਾਉਂਦੇ, ਭੁਖਿਆਂ ਤੇ ਜਰੂਰਤਮੰਦਾਂ ਲਈ ਲੰਗਰ ਲਗਾਉਂਦੇ, ਭੀੜ ਅਤੇ ਬਿਪਤਾ ਵਿਚ ਫਸੇ ਲੋਕਾਂ ਦੀ ਮੱਦਦ ਕਰਦੇ ਸਹਿਜ ਸੁਭਾਅ ਹੀ ਦੇਖਦੇ ਹਾਂ। ਕਈ ਵਾਰ ਦੁਨੀਆਂ ਉਪਰ ਦੂਰੋ ਜਾਂ ਬਾਹਰੋਂ ਦੇਖਣ ਵਾਲੇ ਸਮਾਜ ਬਹੁਤ ਹੈਰਾਨ ਹੋ ਜਾਂਦੇ ਹਨ ਕਿ ਗੁਰੂ ਨਾਨਕ ਦੇ ਘਰ ਦੇ ਸਿੱਖ ਇਹ ਭਾਵਨਾਵਾਂ ਕਿਥੋਂ ਲਿਆਉਂਦੇ ਹਨ ਕਿ ਦੁਨੀਆਂ ਦੇ ਕਿਸੇ ਕੋਨੇ ਵਿਚ ਕਿਸੇ ਵੀ ਤਰ੍ਹਾਂ ਦੀ ਜਰੂਰਤ ਪਏ ਤਾਂ ਹਰ ਜਗ੍ਹਾ ਉਪਰ ਸਮਾਜਿਕ ਭਲਾਈ ਲਈ ਇਹ ਕੌਮ ਸੱਭ ਤੋਂ ਅੱਗੇ ਹੁੰਦੀ ਹੈ। ਅੱਜਕੱਲ ਤਾਂ ਆਪਣੇ ਇਸ ਭਲਾਈ ਦੇ ਜਜਸ਼ੇ ਲਈ ਸਿੱਖ ਕੌਮ ਪੂਰੇ ਵਿਸ਼ਵ ਵਿਚ ਜਾਣੀ ਜਾਂਦੀ ਹੈ। ਸਿੱਖ ਸਮਾਜ ਦਾ ਇਹ ਸੁਭਾਅ ਗੁਰੂ ਸਾਹਿਬਾਨਾਂ ਦੀ ਨਿਰੰਤਰ ਕੋਸ਼ਿਸ਼ ਦਾ ਨਤੀਜਾ ਹੈ, ਇਸ ਦੇ ਪਿਛੇ ਬਹੁਤ ਮਜ਼ਬੂਤ ਸਿਧਾਂਤ ਅਤੇ ਵਿਲੱਖਣ ਵਿਹਾਰਕ ਜਾਂਚ ਹੇ। ਜੋ ਲਗਾਤਾਰ ਗੁਰੂ ਕਾਲ ਦੌਰਾਨ ਆਪਣੇ ਪੈਰੋਕਾਰਾਂ ਵਿਚ ਦ੍ਰਿੜ ਕਰਵਾਈ ਗਈ ਅਤੇ ਸਮੇਂ ਸਮੇਂ ਪਰਖੀ ਵੀ ਗਈ। ਸਿੱਖ ਇਤਿਹਾਸ ਸਵਾਹ ਹੈ ਕਿ ਸਿੱਖ ਸਮਾਜ ਨੇ ਸਮਾਜਿਕ ਏਕਤਾ ਅਤੇ ਸਮਾਜਿਕ ਭਲਾਈ ਲਈ ਕਿਤਨੀਆਂ ਘਾਲਣਾ ਕੀਤੀਆਂ ਹਨ ਅਤੇ ਹਰੇਕ ਪਰਖ ਵਿਚ ਕਾਮਯਾਬ ਹੋਏ। ਇਹ ਬਹੁਤ ਫਖਰ ਵਾਲੀ ਗੱਲ ਹੈ ਕਿ ਸੰਸਾਰ ਦੇ ਧਰਮਾਂ ਵਿੱਚ ਕੇਵਲ ਸਿੱਖ ਧਰਮ ਅਜਿਹਾ ਹੈ ਜਿਸ ਦੇ ਪੈਰੋਕਾਰ ਘੱਟੋ ਘੱਟ ਤਿੰਨ ਵਾਰ ਰੋਜ਼ਾਨਾ ਸਾਰੀ ਮਨੁੱਖਤਾ ਦਾ ਭਲਾ ਮੰਨਦੇ ਹਨ ਇਸ ਧਰਮ ਵਿਚ ਸਰਬੱਤ ਦਾ ਭਲਾ ਮੰਗਣ ਦਾ ਸਿਧਾਂਤ ਇਕ ਅਜਿਹਾ ਸਦੀਵੀ ਚਾਨਣ ਮੁਕਾਰਾ ਹੇ ਜਿਹੜਾ ਜੁਗਾਂ ਤੱਕ ਸਾਰੀ ਲੋਕਾਈ ਲਈ ਪਥ ਪ੍ਰਦਰਸ਼ਕ ਬਣ ਸਕਦਾ ਹੈ।

## <u>5.7 ਸਿੱਟਾ</u>

ਉਪਰੋਕਤ ਦਿਤੀ ਚਰਚਾ ਤੋਂ ਇਹ ਸਿਟਾ ਨਿਕਲਦਾ ਹੈ ਕਿ ਸਿਖੀ ਦਾ ਸਰਬੱਤ ਦਾ ਭਲਾ ਮੰਗਣਾ ਦੁਨੀਆਂ ਦੇ ਧਰਮਾਂ ਦੇ ਇਤਿਹਾਸ ਵਿਚ ਸਭ ਤੋਂ ਵਿਲੱਖਣ ਹੈ। ਸਭਨਾਂ ਦੀ ਭਲਾਈ ਲੋਚਣਾ ਪਰਮਾਤਮਾ ਦੀ ਟਹਿਲ ਕਰਨ ਸਪਾਕ ਸਮਝਿਆ ਗਿਆ ਹੈ। ਸੋ ਜਿਥੇ ਅਜ ਇਕ ਪਾਸੇ ਸਮੁੱਚਾ ਵਿਸ਼ਵ ਈਰਖਾ, ਦਵੇਸ਼ ਅਤੇ ਆਪਸੀ ਵੈਰ ਵਿਰੋਧ ਦੀਆਂ ਭਾਵਨਾਵਾਂ ਅਧੀਕ ਖਿਚੋਤਾਵ ਕਰ ਰਿਹਾ ਹੈ ਉਥੇ ਗੁਰੂ ਨਾਨਕ ਦੇ ਘਰ ਵਿਚ ਮਿਲਣ ਵਾਲਾ ਸਭ ਦਾ ਭਲਾ ਮੰਗਣ ਵਾਲਾ ਸਿਧਾਂਤ ਇਤਨਾ ਮਹਾਨ ਸਿੱਧ ਹੋ ਸਕਦਾ ਹੈ ਕਿ ਜਿਸ ਨਾਲ ਸਮੁੱਚੇ ਵਿਸ਼ਵ ਦੀਆਂ ਸਮੱਸਿਆਵਾਂ ਖ਼ਤਮ ਹੋ ਸਕਦੀਆਂ ਹਨ ਇਕ ਦੂਜੇ ਦੇ ਭਲਾ ਕਰਦੇ ਹੋਏ ਵਿਸ਼ਵ ਦੇ ਸਾਰੇ ਸਮਾਜ, ਰੱਬੀ ਏਕਤਾ ਦਾ ਮੁੱਜਸਮਾ ਬਣ ਸਕਦੇ ਹਨ

ਅਤੇ ਇਹ ਧਰਤੀ ਮਾਨਵਤਾ ਲਈ ਸਵਰਗ ਤੋਂ ਵੀ ਵਧ ਰਮਣੀਕ ਸਥਾਨ ਬਣ ਸਕਦਾ ਹੈ। ਸੋ ਆਸ ਕਰੀਏ ਕਿ ਗੁਰਮਤਿ ਦੇ ਸਹੀ ਉਪਦੇਸ਼ਾਂ ਨੂੰ ਸਮਝ ਕੇ ਮਾਨਵਤਾ ਸਮਾਜਿਕ ਭਲਾਈ ਦੇ ਮੂਲ ਆਦਰਸ਼ਾਂ ਨੂੰ ਸਮਝੇ ਅਤੇ ਇਸ ਵਿਸ਼ਵ ਨੂੰ ਆਪਣੇ-ਆਪਣੇ ਢੰਗ ਨਾਲ ਆਤਮਿਕ ਗੁਣਾਂ ਦੇ ਸਹਾਰੇ ਹੋਰ ਖੂਬਸੂਰਤ ਬਣਾਉਣ ਦਾ ਯਤਨ ਕਰੇ।

**5.8 ਸਹਾਇਕ ਪੁਸਤਕਾਂ :**


Dr. Jodh Singh, The Religio-Yogic Philosophy of Guru Nanak, B. Chattar Singh Jiwan Singh, Amritsar

ਡਾ. ਵਜ਼ੀਰ ਸਿੰਘ, ਨੈਤਿਕ ਨਿਯਮ, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ

ਪ੍ਰਿੰਸੀਪਲ ਧਰਮਾਨੰਤ ਸਿੰਘ, ਸਿੱਖ ਮਤ ਦਰਪਣ, Singh Brothers

ਵਿਸਮਾਦੁ ਨਾਦ, 'ਸ੍ਰੀ ਗੁਰੂ ਗਰੰਥ ਸਾਹਿਬ ਦੀ ਮਨੁੱਖਤਾ ਨੂੰ ਦੇਣ' (ED), International Institute of Gurmat Studies, Jawaddi Kalan, Ludhiana


**5.9 ਅਭਿਆਸ ਲਈ ਪ੍ਰਸ਼ਨ :**

1) ਸਮਾਜਿਕ ਭਲਾਈ ਤੋਂ ਕੀ ਸਮਝਦੇ ਹੋ ? ਵਿਸ਼ਵ ਨੂੰ ਇਸਦੀ ਕੀ ਜਰੂਰਤ ਹੈ?
2) ਸਿੱਖ ਧਰਮ ਦਾ ਸਰਬੱਤ ਦਾ ਭਲਾ ਮੰਗਣ ਦਾ ਸਿਧਾਂਤ ਕੀ ਹੈ? ਵਰਨਣ ਕਰੋ?
3) ਵਿਸ਼ਵ ਵਿਕਾਸ ਵਿਚ ਨਿੱਜਦੇ ਭਲੇ ਅਤੇ ਸਰਬ ਦੇ ਭਲੇ ਨਾਲ ਕੀ ਭੇਦ ਆ ਸਕਦੇ ਹਨ?
4) ਸਿੱਖ ਧਰਮ ਦਾ ਵਿਹਾਰਕ ਪੱਖ ਆਪਣੇ ਸ਼ਬਦਾਂ ਵਿਚ ਲਿਖੋ।

## PROGRAMME: CERTIFICATE COURSE ON VALUE AND LEARNING OF SIKHISM

### COURSE: EQUALITY AND WELFARE

### SEMESTER-I

---

### UNIT VI - ENVIRONMENTAL AWARENESS

---

6.0 ਉਦੇਸ਼

6.1 ਜਾਣ-ਪਛਾਣ

6.2 ਵਾਤਾਵਰਣ ਦੀਆਂ ਸਮੱਸਿਆਵਾਂ

6.3 ਧਰਮ ਅਤੇ ਵਾਤਾਵਰਣ ਵਿਗਿਆਨ

6.4 ਧਰਮ ਅਤੇ ਵਾਤਾਵਰਣ ਚੇਤਨਾ

6.5 ਸਿੱਖ ਧਰਮ ਅਤੇ ਵਾਤਾਵਰਣ ਦੀ ਜਾਗਰੂਕਤਾ

6.6 ਵਾਤਾਵਰਣ ਜਾਗਰੂਕਤਾ ਦੇ ਯਤਨ

6.7 ਸਾਰ

6.8 ਵਿਸਤਾਰ ਵਿੱਚ ਪੜ੍ਹਣਯੋਗ ਪੁਸਤਕਾਂ

6.9 ਅਭਿਆਸ ਲਈ ਪ੍ਰਸ਼ਨ

## 6.0 ਉਦੇਸ਼

- ਵਾਤਾਵਰਣ ਅਤੇ ਇਸਦੀਆਂ ਸਮੱਸਿਆਵਾਂ ਸੰਬੰਧੀ ਜਾਣਨਾ।
- ਵਾਤਾਵਰਣ ਅਤੇ ਧਰਮ ਦੇ ਸੰਬੰਧਾਂ ਨੂੰ ਸਮਝਣਾ।
- ਸਿੱਖ-ਧਰਮ ਦੁਆਰਾ ਵਾਤਾਵਰਣ ਜਾਗਰੂਕਤਾ ਦੇ ਕਾਰਜ ਸਮਝਣੇ।

## 6.1 ਜਾਣ-ਪਛਾਣ

ਵਾਤਾਵਰਣ, ਇਸਦੀ ਮਹੱਤਤਾ ਅਤੇ ਸਮੱਸਿਆ ਅਜੋਕੇ ਸਮੇਂ ਵਿੱਚ ਸੰਸਾਰ ਭਰ ਦੀਆਂ ਵਡੀਆਂ ਲੋੜਾਂ ਵਿੱਚੋਂ ਇਕ ਹੈ। ਵਾਤਾਵਰਣ ਦੀ ਲੋੜ ਅਤੇ ਮਹੱਤਤਾ ਭਾਵੇ ਸਦੀਆਂ ਤੋਂ ਰਹੀਆਂ ਹੈ ਅਤੇ ਮਨੁੱਖ ਆਪਣੇ ਆਲੇ-ਦੁਆਲੇ ਦੇ ਵਾਤਾਵਰਣ ਤੋਂ ਚੇਤੰਨ ਵੀ ਰਹੇ ਹਨ ਪਰ ਉਦਯੋਗਿਕ, ਵਿਗਿਆਨਕ ਅਤੇ ਤਕਨਾਲੋਜੀ ਦੀ ਤਰਕੀ ਅਤੇ ਆਧੁਨਿਕ ਵਿਕਾਸ ਰਾਹੀਂ ਜਿਹੜੀਆਂ ਸਮੱਸਿਆਵਾਂ ਪੈਦਾ ਹੋ ਚੁੱਕੀਆਂ ਹਨ ਅਤੇ ਹੋ ਰਹੀਆਂ ਹਨ, ਨੂੰ ਸਮਝਣਾ ਅਤੇ ਸਮਝਾਉਣਾ ਬਹੁਤ ਜਰੂਰੀ ਹੈ ਨਹੀਂ ਤਾਂ ਮਨੁੱਖਤਾ ਦਾ ਭਵਿੱਖ ਸਰਲ ਨਹੀਂ ਹੈ। ਵਾਤਾਵਰਣ ਨਾਲ ਸੰਬੰਧਤ ਸਮੱਸਿਆਵਾਂ ਦਾ ਫੈਲਾਅ ਮਨੁੱਖ ਦੇ ਰੋਜ਼ਾਨਾ ਜੀਵਨ ਦੀਆਂ ਲੋੜਾਂ ਤਕ ਫੈਲ ਗਿਆ ਹੈ। ਹਵਾ, ਪਾਣੀ, ਮਿੱਟੀ ਗੰਧਲਾ ਗਏ ਹਨ। ਕੁਦਰਤੀ ਸ੍ਰੋਤ ਜਾਂ ਤਾਂ ਖਤਮ ਹੁੰਦੇ ਜਾ ਰਹੇ ਹਨ ਅਤੇ ਜਾਂ ਦੂਸ਼ਿਤ ਹੁੰਦੇ ਜਾ ਰਹੇ ਹਨ। ਇਨ੍ਹਾਂ ਸਮੱਸਿਆਵਾਂ ਨੂੰ ਧਿਆਨ ਵਿੱਚ ਰਖਦਿਆਂ ਵਿਸ਼ਵ ਭਰ ਦੇ ਕਈ ਦੇਸ਼ਾਂ ਨੇ ਰਲ ਕੇ ਅੰਤਰਰਾਸ਼ਟਰੀ ਪੱਧਰ 'ਤੇ ਅਤੇ ਆਪੋ-ਆਪਣੇ ਦੇਸ਼ਾਂ ਵਿੱਚ ਰਾਸ਼ਟਰੀ ਪੱਧਰ 'ਤੇ ਕਈ ਤਰ੍ਹਾਂ ਦੇ ਫੈਸਲੇ ਅਤੇ ਸੰਧੀਆਂ ਕੀਤੀਆਂ ਹਨ, ਜਿਸ ਵਿੱਚ ਵਾਤਾਵਰਣ ਸੰਬੰਧੀ ਜਾਗਰੂਕਤਾ ਫੈਲਾਉਣ ਸੰਬਧੀ ਕਾਰਜਾਂ ਅਤੇ ਸਮਾਰੋਹਾਂ ਨੂੰ ਵਿਧੀਵਤ ਕੀਤਾ ਗਿਆ ਹੈ।

## 6.2 ਵਾਤਾਵਰਣ ਦੀਆਂ ਸਮੱਸਿਆਵਾਂ

ਵਾਤਾਵਰਣ ਦੀਆਂ ਸਮੱਸਿਆਵਾਂ ਦੇ ਕਈ ਕਾਰਨ ਮੰਨੇ ਜਾਂਦੇ ਹਨ ਪਰ ਜਿਆਦਾਤਰ ਕਾਰਣਾਂ ਵਿੱਚੋਂ ਆਧੁਨਿਕ ਮਨੁੱਖ ਦੀ ਜੀਵਨ-ਸ਼ੈਲੀ ਇਕ ਪ੍ਰਮੁੱਖ ਕਾਰਣ ਹੈ। ਪ੍ਰਾਚੀਨ ਮਨੁੱਖ ਸਭਿਅਕ ਵੀ ਸੀ ਅਤੇ ਵਾਤਾਵਰਣ ਸੰਬੰਧੀ ਉਸਦਾ ਵਤੀਰਾ ਅਤੇ ਵਿਵਹਾਰ ਦੈਵੀ ਰੂਪ ਵਿੱਚ ਸੀ, ਜਿਸ ਕਰਕੇ ਉਸਨੇ ਰੁਖਾਂ, ਜੰਗਲਾਂ, ਨਦੀਆਂ, ਪਹਾੜਾਂ, ਦਰਿਆਵਾਂ ਅਤੇ ਕੁਦਰਤ ਦੇ ਹਰ ਤਰਹਾਂ ਦੇ ਸੋਮਿਆਂ ਨੂੰ ਆਪਣੇ ਦੈਵੀ-ਵਿਸ਼ਵਾਸ਼ ਨਾਲ ਆਤਮਸਾਤ ਕਰਕੇ ਕੁਦਰਤ ਨੂੰ ਪੂਜਣਯੋਗ ਆਦਰਸ਼ ਦੇ ਤੌਰ 'ਤੇ ਸਥਾਪਤ ਕੀਤਾ ਪਰ ਆਧੁਨਿਕ ਜੀਵਨ ਸ਼ੈਲੀ, ਜਿਸ ਵਿੱਚ ਮਨੁੱਖ ਪਦਾਰਥ ਦੇ ਉਦਯੋਗਿਕ, ਤਕਨੀਕੀ ਅਤੇ ਵਿਗਿਆਨਕ ਪਾਸਾਰਾਂ ਰਾਹੀਂ ਕੁਦਰਤੀ ਖ਼ਜ਼ਾਨਿਆਂ ਨੂੰ ਵਧੇਰੇ ਵਰਤਣ ਦੇ ਸਮਰੱਥ ਹੋ ਗਿਆ ਅਤੇ ਹੌਲੀ-ਹੌਲੀ ਉਸਦੀ ਚੇਤਨਾ ਮਲੀਨ ਹੋ ਗਈ ਅਤੇ ਉਸਨੇ ਆਉਣ ਵਾਲੀਆਂ ਪੀੜ੍ਹੀਆਂ ਜਾਂ ਭਵਿਖ ਦੀ ਮਨੁੱਖਤਾ ਬਾਰੇ ਨਾ ਸੋਚ ਕੇ ਆਪਣੇ ਜੀਵਨ ਨੂੰ ਸਵਾਰਥਮਈ ਕਰ ਲਿਆ। ਵਿਗਿਆਨ ਅਤੇ ਤਕਨਾਲੋਜੀ ਨੇ ਮਨੁੱਖੀ ਜੀਵਨ ਲਈ ਵਡੀਆਂ ਸਹੂਲਤਾਂ ਪੈਦਾ ਕੀਤੀਆਂ ਹਨ ਪਰ ਆਧੁਨਿਕ ਜੀਵਨ ਸ਼ੈਲੀ ਵਿੱਚ ਵਿਕਾਸ ਦੀਆਂ ਵਿਧੀਆਂ, ਉਦਯੋਗੀਕਰਨ ਅਤੇ ਜੀਵਨ ਦੀ ਸਹੂਲਤ ਲਈ ਪੈਦਾ ਕੀਤੇ ਉਪਕਰਣਾਂ ਅਤੇ ਵਾਹਨਾਂ ਦੇ ਪ੍ਰਦੂਸ਼ਣ ਆਦਿ ਨੇ ਮਨੁੱਖੀ ਜੀਵਨ ਲਈ ਗੰਭੀਰ ਸੰਕਟ ਪੈਦਾ ਕਰ ਦਿਤੇ। ਇਸਹਨਾਂ ਵਿੱਚੋਂ ਵਾਤਾਵਰਣ ਸੰਬੰਧੀ ਕੁਝ ਪ੍ਰਮੁੱਖ ਸਮੱਸਿਆਵਾਂ ਹੇਠ ਲਿਖੀਆਂ ਹਨ:

- **ਉਦਯੋਗਿਕ ਰਹਿੰਦ-ਖੂੰਦ**

  ਪਿਛਲੀਆਂ ਦੋ ਸਦੀਆਂ ਵਿੱਚ ਉਦਯੋਗ ਦੇ ਖੇਤਰ ਵਿੱਚ ਲਗਾਤਾਰ ਅਤੇ ਤੇਜ਼ੀ ਨਾਲ ਹੋਏ ਵਾਧੇ ਨੇ ਪੂਰੀ ਦੁਨੀਆਂ ਵਿੱਚ ਮਸ਼ੀਨੀਕਰਣ ਕਰ ਦਿਤਾ ਹੈ। ਉਦਯੋਗਾਂ ਅਤੇ ਫੈਕਟਰੀਆਂ ਵਿੱਚੋਂ ਨਿਕਲ ਰਹੇ ਗੰਧਲੇ ਪਾਣੀ, ਜਿਸ ਵਿੱਚ ਕਈ ਤਰ੍ਹਾਂ ਦੇ ਰਸਾਇਣ ਮਿਲੇ ਹੁੰਦੇ ਹਨ, ਨੂੰ ਸਾਂਭਣ ਲਈ ਕਿਸੇ ਵੀ ਸਥਾਨ 'ਤੇ ਇਸ ਸੰਬੰਧੀ ਬਣਾਏ ਕਾਨੂੰਨਾਂ ਦੀ ਪਾਲਣਾ ਕੀਤੀ ਨਹੀਂ ਜਾਂਦੀ। ਉਦਯੋਗਾਂ ਦੇ ਇਸ ਗੰਧਲੇ ਪਾਣੀ ਨੂੰ ਉਦਯੋਗਪਤੀਆਂ ਵਲੋਂ ਗ਼ੈਰ-ਕਾਨੂੰਨੀ ਅਤੇ ਅਨੈਤਿਕ ਤਰੀਕੇ ਨਾਲ ਜਨ-ਵਸੋਂ ਵਾਲੇ ਖੇਤਰਾਂ ਵਿੱਚ, ਨੇੜੇ-ਤੇੜੇ ਦੀਆਂ ਨਦੀਆਂ-ਨਾਲਿਆਂ ਜਾਂ ਕਈ ਤਰੀਕਿਆਂ ਨਾਲ ਖਪਤ

ਕੀਤਾ ਜਾਂਦਾ ਹੈ, ਜਿਸ ਕਰਕੇ ਉਸ ਖੇਤਰ ਦੀ ਜ਼ਮੀਨ ਅਤੇ ਗ਼ਮੀਨ ਅੰਦਰਲੇ ਪਾਣੀ ਅਤੇ ਉਸ ਇਲਾਕੇ ਦੇ ਲੋਕਾਂ 'ਤੇ ਸਰੀਰਕ ਅਤੇ ਮਾਨਸਿੱਖ ਤੌਰ 'ਤੇ ਅਸਰ ਪੈਂਦਾ ਹੈ।

- **ਰਬੜ/ਪਲਾਸਟਿਕ**

  ਰਬੜ ਅਤੇ ਪਲਾਸਟਿਕ ਤੋਂ ਬਣੀਆਂ ਵਸਤਾਂ ਨਦੀਆਂ, ਨਾਲਿਆਂ, ਦਰਿਆਵਾਂ ਅਤੇ ਹੋਰ ਜਲ-ਸ੍ਰੋਤਾਂ ਲਈ ਕੈਂਸਰ ਦੀ ਬੀਮਾਰੀ ਵਾਂਗ ਹਨ। ਪਲਾਸਟਿਕ ਦੀ ਅੰਨ੍ਹੇ-ਵਾਹ ਉਪਜ ਦੀ ਧਰਤੀ ਨੂੰ ਗੰਧਲਾਂ ਕਰਨ ਵਿੱਚ ਸਭ ਤੋਂ ਵਡੀ ਭੂਮਿਕਾ ਹੈ। ਪਲਾਸਟਿਕ ਨੂੰ ਜਲਦੀ ਅਤੇ ਆਸਾਨ ਵਿਧੀਆਂ ਰਾਹੀਂ ਨਸ਼ਟ ਨਹੀਂ ਕੀਤਾ ਜਾ ਸਕਦਾ, ਜਿਸ ਕਰਕੇ ਇਸਦੇ ਕੂੜੇ ਨੂੰ ਦੁਬਾਰਾ ਵਰਤੋਂ ਵਿੱਚ ਲਿਆਉਣਾ ਵੀ ਔਖਾ ਹੈ।

- **ਜੰਗਲਾਂ ਦੀ ਕਟਾਈ**

  ਪੂਰੀ ਦੁਨੀਆਂ ਵਿੱਚ ਜੰਗਲਾਂ ਦੀ ਲਗਾਤਾਰ ਕਟਾਈ ਨੇ ਵਾਤਾਵਰਣ ਵਿੱਚ ਅਸਥਿਰਤਾ ਪੈਦਾ ਕਰ ਦਿਤੇ ਹੈ, ਜਿਸ ਕਰਕੇ ਸੋਕਾ, ਜਿਆਦਾ ਮੀਂਹ, ਤੂਫ਼ਾਨ, ਝੱਖੜ, ਸੁਨਾਮੀਆਂ, ਗਲੇਸ਼ੀਅਰਾਂ ਦਾ ਪਿਘਲਣਾ, ਤਾਪਮਾਨ ਦਾ ਬਹੁਤ ਜਿਆਦਾ ਆਦਿ ਕਈ ਸਮੱਸਿਆਵਾਂ ਉਤਪੰਨ ਹੋ ਗਈ ਹਨ। ਰੁੱਖਾਂ ਦੀ ਕਟਾਈ ਦੇ ਮੁਕਾਬਲੇ ਰੁਖ਼ ਲਗਾਉਣ ਅਤੇ ਉਸਦੀ ਪਾਲਣਾ ਦੇ ਅਨੁਪਾਤ ਵਿੱਚ ਬਹੁਤ ਵੱਡਾ ਅੰਤਰ ਹੈ।

- **ਵਧਦੀ ਜਨਸੰਖਿਆ**

  ਮਨੁੱਖੀ ਜਨਸੰਖਿਆ ਦੇ ਵਧਣ ਕਾਰਣ ਮਨੁੱਖੀ ਲੋੜਾਂ ਲਗਤਾਤਾਰ ਵਧ ਰਹੀਆਂ ਹਨ ਅਤੇ ਇਹ ਲੋੜਾਂ ਮਨੁੱਖ ਦੇ ਘਟੋ-ਘਟ ਜੀਣ ਦੇ ਨਾਲ ਸੰਬੰਧਤ ਹਨ, ਜਿਨ੍ਹਾਂ ਦੀ ਪੂਰਤੀ ਲਈ ਹਰ ਖੇਤਰ ਤੋਂ ਲੈ ਕੇ ਵਿਸ਼ਵ-ਪੱਧਰ ਤਕ ਵਖ ਤਰ੍ਹਾਂ ਦੇ ਕਾਰਜ ਕੀਤੇ ਜਾਂਦੇ ਹਨ। ਹਰ ਇਕ ਖੇਤਰ ਦੀ ਜਨਸੰਖਿਆ ਨੂੰ ਲੈ ਕੇ ਆਪਣੀ ਸਮੱਸਿਆ ਹੈ ਅਤੇ ਉਸਦੇ ਹਲ ਲਈ ਲਗਾਤਾਰ ਉਪਰਾਲੇ ਨਾ ਕਰ ਪਾਉਣਾ ਹੀ ਸਮੱਸਿਆ ਦਾ ਕਾਰਣ ਬਣਦਾ ਜਾ ਰਿਹਾ ਹੈ। ਮਨੁੱਖੀ ਜੀਵਨ ਦੇ ਰਹਿਣ-ਸਹਿਣ ਨਾਲ ਸੰਬੰਧਤ ਲੋੜਾਂ ਦਾ ਠੀਕ ਅਧਿਐਨ ਨਾ ਹੋਣ ਕਰਕੇ ਉਹਨਾਂ ਸੰਬੰਧੀ ਰਾਸ਼ਟਰੀ ਅਤੇ ਅੰਤਰਰਾਸ਼ਟਰੀ ਉਲੀਕੇ ਪ੍ਰੋਗਰਾਮ ਜਿਆਦਾਤਰ ਫੇਲ ਹੋ ਜਾਂਦੇ ਹਨ। ਇਸ ਲਈ ਸਾਂਝੇ ਤੌਰ 'ਤੇ ਇਸ ਤਰ੍ਹਾਂ ਦੀਆਂ ਯੋਜਨਾਵਾਂ ਦੀ ਘਾਟ ਹੈ, ਜੋ ਇਹਨਾਂ ਸਮੱਸਿਆਵਾਂ ਨਾਲ ਸੰਬੰਧਤ ਵਿਵਹਾਰਕ ਤੌਰ 'ਤੇ ਠੀਕ ਤਰ੍ਹਾਂ ਕਾਰਜ ਕਰ ਸਕੇ।

- **ਉਦਯੋਗਿਕ, ਵਾਹਨ ਅਤੇ ਸ਼ੋਰ ਪ੍ਰਦੂਸ਼ਣ**

  ਉਦਯੋਗਾਂ ਅਤੇ ਵਾਹਨਾਂ ਰਾਹੀਂ ਪੈਦਾ ਹੋਣ ਵਾਲਾ ਧੂੰਆਂ ਅਤੇ ਸ਼ੋਰ ਵਾਤਾਵਰਣ ਦੀ ਸਮੱਸਿਆ ਵਿੱਚ ਵਡੇ ਕਾਰਣ ਹਨ, ਜਿਸ ਕਰਕੇ ਹਵਾ ਗੰਧਲੀ ਹੋ ਗਈ ਹੈ। ਅਜਿਹਾ ਹੋਣ ਕਰਕੇ ਕਈ ਤਰ੍ਹਾਂ ਦੀਆਂ ਬੀਮਾਰੀਆਂ ਅਤੇ ਸਮਾਜਕ ਸਮੱਸਿਆਵਾਂ ਪੈਦਾ ਹੋ ਗਈਆਂ ਹਨ। ਦਿਨੋ-ਦਿਨ ਵਾਹਨਾਂ ਅਤੇ ਮਸ਼ੀਨਾਂ ਦੀ ਗਿਣਤੀ ਵਧ ਰਹੀਆਂ ਹੈ ਅਤੇ ਦਿਨ-ਰਾਤ ਦੇ ਲਗਾਤਾਰ ਕਾਰਜ ਤੇ ਸ਼ੋਰ ਦੇ ਪੈਦਾ ਹੋਣ ਕਰਕੇ ਉਸ ਇਲਾਕੇ ਦੇ ਲੋਕਾਂ ਨੂੰ ਵਖੋ-ਵਖਰੀਆਂ ਬੀਮਾਰੀਆਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ।

ਇਹਨਾਂ ਸਮੱਸਿਆਵਾਂ ਤੋਂ ਇਲਾਵਾ ਰਸਾਇਣ ਦੀ ਖੇਤੀ ਵਿੱਚ ਬੇਲੋੜੀ ਵਰਤੋਂ, ਦਵਾਈਆਂ, ਹਸਪਤਾਲਾਂ ਦਾ ਕੂੜਾ, ਬਿਜਲਈ ਯੰਤਰ ਆਦਿ ਅਜਿਹੀਆਂ ਸਮੱਸਿਆਵਾਂ ਹਨ, ਜਿਨ੍ਹਾਂ ਦੀ ਵਰਤੋਂ ਅਤੇ ਸੰਭਾਲ ਵਿੱਚ ਲਗਾਤਾਰ ਵਿਸ਼ਵ ਭਰ ਵਿੱਚ ਵਰਤੀ ਗਈ ਅਣਗਹਿਲੀ ਕਰਕੇ ਕਈ ਤਰ੍ਹਾਂ ਦੀਆਂ ਸਮੱਸਿਆਵਾਂ ਪੈਦਾ

ਹੋਈਆਂ ਹਨ। ਕੁਦਰਤੀ ਸੋਮਿਆਂ ਦਾ ਘਟਣਾ, ਜਾਤੀ-ਪ੍ਰਜਾਤੀਆਂ ਦਾ ਖ਼ਤਮ ਹੋਣਾ, ਮੌਸਮਾਂ ਵਿੱਚ ਬਦਲਾਓ, ਵੱਧ ਖਪਤਕਾਰੀ ਅਤੇ ਜਨਸੰਖਿਆ ਪ੍ਰਮੁੱਖ ਮੁਸ਼ਕਿਲਾਂ ਹਨ। ਮਨੁੱਖ ਦੀਆਂ ਕੁਦਰਤ ਪ੍ਰਤੀ ਕਦਰਾਂ ਕੀਮਤਾਂ, ਉਸਦਾ ਰਵੱਈਆ ਅਤੇ ਫੈਸਲੇ ਧਰਤੀ ਦੇ ਵੱਖੋ-ਵੱਖਰੇ ਜੀਵਨ-ਪ੍ਰਬੰਧ ਵਾਸਤੇ ਬਹੁਤ ਮਹੱਤਵਪੂਰਨ ਹਨ। ਕੁਦਰਤ ਅਤੇ ਮਨੁੱਖ ਦਾ ਆਪਸੀ ਰਿਸ਼ਤਾ ਧਰਤੀ ਦੀ ਹੋਂਦ ਵਾਸਤੇ ਅਹਿਮ ਹੈ। ਇਹ ਰਿਸ਼ਤੇ ਕੇਵਲ ਵਿਗਿਆਨ ਜਾਂ ਤਕਨੀਕ ਹੀ ਨਹੀਂ ਤੈਅ ਕਰਦੀ ਬਲਕਿ ਹੋਰ ਗਿਆਨ ਦੇ ਵਰਤਾਰੇ ਜਿਸਦੇ ਵਿੱਚ ਸਮਾਜ ਵਿਗਿਆਨ, ਧਰਮ, ਨੈਤਿਕ ਵਿਧੀ ਵਿਧਾਨ, ਅਧਿਆਤਮਕਤਾ ਆਦਿ ਵੀ ਸ਼ਾਮਲ ਹਨ।

## 6.3 ਧਰਮ ਅਤੇ ਵਾਤਾਵਰਣ ਵਿਗਿਆਨ

ਧਰਮ ਅਤੇ ਵਾਤਾਵਰਣ ਵਿਗਿਆਨ ਦਾ ਵਿਸ਼ਾ ਬਹੁਤ ਮਹੱਤਵਪੂਰਨ ਰੋਲ ਨਿਭਾ ਰਿਹਾ ਹੈ ਕਿਉਂਕਿ ਧਰਮ ਮਨੁੱਖ ਦਾ ਮੂਲ਼ ਆਧਾਰ ਹੈ, ਜਿਸਨੇ ਮਨੁੱਖ ਦੇ ਆਦਿ ਸਮੇਂ ਤੋਂ ਲੈ ਕੇ ਉਸਨੂੰ ਕੁਦਰਤੀ ਤੌਰ 'ਤੇ ਜੀਉਣਾ ਸਿੱਖਾਇਆ। ਧਰਮ 'ਚੋ ਪੈਦਾ ਹੋਏ ਨੈਤਿਕ-ਸ਼ਾਸਤਰ ਨੇ ਮਨੁੱਖੀ ਭਾਵਨਾਵਾਂ ਨੂੰ ਜ਼ਬਤ ਦਿਤਾ ਭਾਵ ਇਕ ਮਰਿਯਾਦਾ ਦਿਤੀ ਤਾਂਕਿ ਉਹ ਲੋਭੀ ਹੋ ਕੇ ਮਨੁੱਖਤਾ ਦਾ ਘਾਣ ਨਾ ਕਰੇ। ਧਰਮ ਨੂੰ ਕਈ ਤਰ੍ਹਾਂ ਨਾਲ ਪਰਿਭਾਸ਼ਿਤ ਕੀਤਾ ਜਾ ਸਕਦਾ ਹੈ, ਜਿਵੇਂ ਕਿ ਧਰਮ ਮਨੁੱਖ ਨੂੰ ਦਿਖਦੀ ਸੱਚਾਈ ਨੂੰ ਸਮਝਣ ਅਤੇ ਉਸਦੀ ਸੀਮਤਾਈ ਦਾ ਗਿਆਨ ਪੈਦਾ ਕਰਦੇ ਹਨ। ਧਰਮ-ਅਧਿਐਨ ਵਿੱਚ ਕਹਾਣੀਆਂ, ਬਿੰਬ, ਰੀਤੀ-ਰਿਵਾਜ਼, ਮਿੱਥ ਆਦਿ ਦਾ ਅਧਿਐਨ ਕੀਤਾ ਜਾਂਦਾ ਹੈ। ਧਰਮ ਸਭਿਅਤਾ ਅਤੇ ਮਨੁੱਖੀ ਸਮੁਦਾਇਆਂ ਨੂੰ ਜੋੜਨ ਅਤੇ ਸੰਸਥਾਗਤ ਰੂਪ ਦੇਣ ਦਾ ਵੀ ਕੰਮ ਕਰਦਾ। ਇਸ ਤੋਂ ਇਲਾਵਾ ਧਰਮ ਮਨੁੱਖ ਅਤੇ ਕੁਦਰਤ ਦੇ ਆਪਸੀ ਸੰਬੰਧਾਂ ਦੀ ਨਿਸ਼ਾਨਦੇਹੀ ਕਰਦਾ ਹੈ ਅਤੇ ਮਨੁੱਖ ਨੂੰ ਕੁਦਰਤ ਦੀ ਅਸੀਮਤਾ ਨਾਲ ਰੂਬਰੂ ਕਰਵਾਉਂਦਾ ਹੈ। ਮਨੁੱਖੀ ਕਦਰਾਂ ਕੀਮਤਾਂ ਦੇ ਫੈਲਾਓ ਵਿੱਚ ਧਰਮੀ ਦੀ ਅਹਿਮ ਭੂਮਿਕਾ ਨੂੰ ਕਬੂਲਦੇ ਹਨ। ਅਤੇ ਧਰਮ ਦੇ ਫਲਸਫੇ ਅਤੇ ਨੈਤਿਕ ਕਦਰਾਂ-ਕੀਮਤਾਂ ਨਾਲ ਗੂੜ੍ਹੀ ਸਾਂਝ ਦੇ ਮੱਦੇਨਜ਼ਰ ਧਾਰਮਿਕ ਦ੍ਰਿਸ਼ਟੀ ਨੂੰ ਵਾਤਾਵਰਣ ਚੇਤਨਾ ਅਤੇ ਸਾਂਭ ਸੰਭਾਲ ਲਈ ਸਾਇੰਸ ਅਤੇ ਤਕਨੀਕ ਦੀ ਤਰੱਕੀ ਬਾਅਦ ਵਿਗਿਆਨੀਆਂ ਇਹ ਗੱਲ ਸਮਝ ਆ ਗਈ ਹੈ ਕਿ ਵਾਤਾਵਰਣ ਚੇਤਨਾ ਅਤੇ ਸਾਂਭ ਸੰਭਾਲ ਵਿੱਚ ਧਰਮ ਦੀ ਅਹਿਮ ਭੂਮਿਕਾ ਹੈ। ਧਾਰਮਿਕ ਗ੍ਰੰਥਾਂ ਵਿੱਚ ਦਿੱਤੀਆਂ ਕਦਰਾਂ ਕੀਮਤਾਂ ਲੋਕ ਮਾਨਸਿੱਖਤਾ ਦੀ ਜੜ੍ਹ ਜਿਥੋਂ ਮਨੁੱਖ ਆਪਣੀ ਜੀਵਨ ਜਾਂਚ ਸਿੱਖਦਾ ਹੈ। ਲੋਕ ਮਾਨਸਿੱਖਤਾ ਦੀ ਧਰਾਤਲ ਤਕ ਪਹੁੰਚਣ ਲਈ ਧਰਮ ਹੀ ਸਰਵ ਸਮਰੱਥ ਹੈ। ਵਾਤਾਵਰਣ ਦੀ ਚੇਤਨਾ ਸੰਬੰਧੀ ਧਰਮ ਦੀ ਲੋੜ ਨੂੰ ਮੁਖ ਰਖਦਿਆਂ ਦੋ ਮਹਤਵਪੂਰਣ ਦਸਤਾਵੇਜ਼ਾਂ ਦਾ ਜ਼ਿਕਰ ਮਿਲਦਾ ਹੈ:

1. Preserving the earth: An appeal for joint commitment in Science and Religion. 1990)
2. World Scientists warning to humanity. (1992)

ਇਹਨਾਂ ਦਸਤਾਵੇਜ਼ਾਂ ਨੇ ਧਰਮ ਦੇ ਮਹਤਵ ਨੂੰ ਸਵੀਕਾਰਦੇ ਹੋਏ ਵਿਗਿਆਨ ਦੇ ਜਗਤ ਨੂੰ ਦੁਨੀਆਂ ਦੇ ਧਰਮਾਂ ਨਾਲ ਮਿਲ ਕੇ ਕੰਮ ਕਰਨ 'ਤੇ ਜੋਰ ਦਿਤਾ। ਇਸ ਤੋਂ ਇਲਾਵਾ ਵੈਟੀਕਨ (1986), ਪਾਰਲੀਆਮੈਂਟ ਆਫ਼ ਵਰਲਡ ਰਿਲੀਜਨ (1993) ਅਤੇ Global Forum of Spiritual and Parliamentary Leaders ਨੇ ਵਾਤਾਵਰਣ-ਸੰਭਾਲ ਅਤੇ ਇਸ ਸੰਬੰਧੀ ਚੇਤਨਾ ਲਈ ਆਕਸਫੋਰਡ (1988), ਮਾਸਕੋ (1990), ਰੀਓ (1992), ਕੋਇਟੋ (1993) ਵਿੱਚ ਧਰਮ ਅਤੇ ਵਾਤਾਵਰਣ ਦੇ ਸੰਬੰਧ ਵਿੱਚ ਵਿਸ਼ਵ ਧਾਰਮਿਕ ਆਗੂਆਂ ਦੇ ਇਕੱਠ ਕੀਤੇ। ਸੰਯੁਕਤ ਰਾਸ਼ਟਰ ਵੀ ਲਗਤਾਰ ਇਸ ਵਿਸ਼ੇ ਸੰਬੰਧੀ ਸੰਵੇਦਨਸ਼ੀਲ ਰਿਹਾ ਹੈ। ਅਗਸਤ 2000 ਵਿੱਚ ਸੰਯੁਕਤ ਰਾਸ਼ਟਰ ਵਿੱਚ ਵਿਸ਼ਵ ਦੇ ਧਰਮ-ਆਗੂਆਂ ਨਾਲ ਵਾਤਾਵਰਣ ਪ੍ਰਮੁੱਖ ਮੁਦਾ ਸੀ।

## 6.4 ਧਰਮ ਅਤੇ ਵਾਤਾਵਰਣ ਚੇਤਨਾ

ਧਰਮ ਮੂਲ ਰੂਪ ਵਾਤਾਵਰਣ ਪ੍ਰਤੀ ਬਹੁਤ ਹੀ ਉਸਾਰੂ ਅਤੇ ਜਾਗਰੂਕਤਾ ਭਰਪੂਰ ਹੈ। ਵੈਦਿਕ ਧਰਮ ਤੇ ਹਿੰਦੂ ਪਵਿੱਤਰ ਗ੍ਰੰਥਾਂ ਜਿਵੇਂ ਵੇਦਾਂ, ਉਪਨਿਸ਼ਦਾਂ, ਪੁਰਣਾਂ ਵਿੱਚ ਵਾਤਾਵਰਣ ਦੇ ਸਾਂਭ ਸੰਭਾਲ ਸਬੰਧੀ ਹਵਾਲੇ ਪ੍ਰਾਪਤ ਹੁੰਦੇ ਹਨ। ਵੈਦਿਕ ਰਿਸ਼ੀ ਰੱਬ ਅਤੇ ਪ੍ਰਕਿਰਤੀ ਨੂੰ ਇਕੋ ਸਮਝਦੇ ਸਨ। ਇਹ ਕੁਦਰਤੀ ਵਸਤੂਆਂ ਨੂੰ ਬ੍ਰਹਮ ਦਾ ਪਾਸਾਰਾ ਮੰਨ ਕੇ ਪੂਜਦੇ ਸਨ। ਉਹ ਵਾਤਾਵਰਣ ਨੂੰ ਨਿਰਾਕਾਰ ਬ੍ਰਹਮ ਦਾ ਸਾਕਾਰ ਰੂਪ ਮੰਨਦੇ ਸਨ। ਉਹ ਕੁਦਰਤੀ ਸੁਗਾਤਾਂ ਦਾ ਮਾਨਵੀਕਰਣ ਕਰਕੇ ਉਨ੍ਹਾਂ ਨੂੰ ਦੇਵੀ-ਦੇਵਤਿਆਂ ਦੇ ਰੂਪ ਵਿੱਚ ਸਥਾਪਿਤ ਕਰਕੇ ਪੂਜਦੇ ਸਨ। ਕੁਦਰਤੀ ਤੱਤ ਜਿਵੇਂ ਕਿ ਅੱਗ, ਹਵਾ, ਪਾਣੀ (ਜਲ), ਆਕਾਸ਼ ਆਦਿ ਦੇਵਤੇ ਸਨ। ਧਰਤੀ ਨੂੰ ਮਾਤਾ ਅਤੇ ਦੇਵੀ ਵਜੋਂ ਸਤਕਾਰਿਆ ਜਾਂਦਾ ਸੀ। ਇਸਦੇ ਨਾਲ ਕੁਦਰਤੀ ਜੀਵ ਜੰਤੂਆਂ ਦੀ ਵੀ ਪੂਜਾ ਕੀਤੀ ਜਾਂਦੀ ਸੀ। ਬਨਸਪਤੀ ਨੂੰ ਵੀ ਦੇਵਵੀ ਦੇਵਤਿਆਂ ਨਾਲ ਜੋੜ ਕੇ ਪੂਜਿਆ ਜਾਂਦਾ ਸੀ, ਜਿਵੇਂ ਤੁਲਸੀ ਦਾ ਸੰਬੰਧੀ ਲਕਸ਼ਮੀ, ਵਿਸ਼ਨੂੰ ਅਤੇ ਪਿਤਰ ਪੂਜਾ ਨਾਲ ਜੋੜਿਆ ਗਿਆ, ਅਸ਼ੋਕ ਦੇ ਰੁੱਖ ਨੂੰ ਮਹਾਤਮਾ ਬੁੱਧ ਅਤੇ ਇੰਦਰ ਨਾਲ, ਨਿੰਮ ਨੂੰ ਸੀਤਲਾ ਤੇ ਮਨਸਾ ਦੇਵੀ ਨਾਲ, ਪਿੱਪਲ ਨੂੰ ਵਿਸ਼ਨੂੰ ਤੇ ਸ੍ਰੀ ਕ੍ਰਿਸ਼ਨ ਨਾਲ ਆਦਿ ਬਹੁਤ ਸਾਰੀਆਂ ਉਦਾਹਰਣਾਂ ਮਿਲਦੀਆਂ ਹਨ। ਹਿੰਦੂ ਧਰਮ ਵਿੱਚ ਰੁੱਖ ਲਗਾਉਣਾ ਫਰਜ਼ ਹੈ। ਮਤਸਯ ਪੁਰਾਣ ਵਿੱਚ ਲਿਖਿਆ ਹੈ, 'ਜੇ ਕੋਈ ਰੁੱਖ ਲਗਾਏਗਾ ਤਾਂ ਉਹ ਸਿੱਧਾ ਸਵਰਗ ਨੂੰ ਜਾਵੇਗਾ।' ਇਸ ਤਰ੍ਹਾਂ ਬੁੱਧ ਧਰਮ ਵਿੱਚ ਵਾਤਾਵਰਣ ਚੇਤਨਾ ਪੂਰਨ ਤੌਰ 'ਤੇ ਮੌਜੂਦ ਹੈ। ਬੁੱਧ ਧਰਮ ਵਿੱਚ ਜੀਵ ਹੱਤਿਆ ਅਤੇ ਮਾਸ ਖਾਣ ਦੀ ਮਨਾਹੀ ਹੈ। ਬੁੱਧ ਧਰਮ ਵਿੱਚ ਅਹਿੰਸਾ ਦਾ ਸੰਕਲਪ/ਸਿਧਾਂਤ ਇਸ ਗੱਲ ਦਾ ਪ੍ਰਮਾਣਿਕ ਸੂਤਰ ਹੈ ਕਿਸੇ ਵੀ ਜੀਵ ਨੂੰ ਨੁਕਸਾਨ ਨਾ ਪਹੁੰਚਾਇਆ ਜਾਏ। ਨਾ ਪਸ਼ੂ, ਪੰਛੀ, ਜਾਨਵਰ, ਰੁੱਖ, ਬਨਸਪਤੀ। ਜੈਨ ਧਰਮ ਭਾਰਤ ਦਾ ਸਭ ਤੋਂ ਪੁਰਾਤਨ ਮਤਿ ਹੈ, ਜੋ ਪ੍ਰਾਕਿਰਤਕ ਅਨੁਭਵ ਨੂੰ ਆਪਣਾ ਮੂਲ਼ ਆਧਾਰ ਮੰਨਦਾ ਹੈ। ਜੈਨ ਧਰਮ ਵਿੱਚ ਤਾਂ ਹਵਾ ਵਿੱਚਲੇ ਜੀਵਾਂ ਜਾਂ ਕੀਟਾਣੂਆਂ ਨੂੰ ਵੀ ਅਨੁਭਵ ਕੀਤਾ ਗਿਆ ਹੈ, ਜਿਸ ਕਰਕੇ ਜੈਨੀ ਆਪਣਾ ਮੂੰਹ ਢਕ ਕੇ ਰਖਦੇ ਹਨ। ਸਾਮੀ ਧਰਮ ਪਰੰਪਰਾ (ਯਹੂਦੀ, ਈਸਾਈ ਅਤੇ ਇਸਲਾਮ) ਵਿੱਚ ਵੀ ਕੁਝ ਵਖਰੇਵਿਆਂ ਨਾਲ ਕੁਦਰਤ ਦੀ ਮਹੱਤਤਾ ਬਾਰੇ ਜ਼ਿਕਰ ਮਿਲਦਾ ਹੈ। ਰੁਖਾਂ, ਜੰਗਲਾਂ, ਪਾਣੀ, ਹਵਾ ਅਤੇ ਧਰਤੀ ਦੀ ਸ਼ੁਧਤਾ ਲਈ ਧਰਮ-ਆਗੂਆਂ ਨੇ ਕਈ ਯਤਨ ਕੀਤੇ ਹਨ। ਇਸਲਾਮ ਵਿੱਚ ਬਹਿਸ਼ਤ (ਸਵਰਗ) ਦਾ ਤਸੱਵਰ ਕੀਤਾ ਗਿਆ ਹੈ, ਜਿਸ ਵਿੱਚ ਸੁੰਦਰ ਚਸ਼ਮਿਆਂ ਅਤੇ ਬਾਗ਼ਾਂ ਦਾ ਵਰਨਣ ਹੈ। ਇਸ ਅਨੁਭਵ ਨੂੰ ਇਸਲਾਮ ਦੇ ਪੈਰੋਕਾਰਾਂ ਨੇ ਧਰਤੀ 'ਤੇ ਉਤਾਰਿਆ ਹੈ। ਦੁਨੀਆਂ ਵਿੱਚ ਸਭ ਤੋਂ ਸੁੰਦਰ ਬਾਗ਼ ਮੁਸਲਮਾਨਾਂ ਦੁਆਰਾ ਬਣਾਏ ਗਏ ਹਨ। ਧਰਮ ਵਿੱਚ ਕੁਦਰਤ ਨੂੰ ਸਮਝਣ ਅਤੇ ਮਨੁੱਖ ਅਤੇ ਕੁਦਰਤ ਦੇ ਆਪਸੀ ਰਿਸ਼ਤੇ ਬਾਰੇ ਅਨੇਕਾਂ ਮਹੱਤਵਪੂਰਨ ਸੂਤਰ ਪ੍ਰਾਪਤ ਹੁੰਦੇ, ਜੋ ਸਿੱਖ ਧਰਮ ਦੀ ਕੁਦਰਤ ਪ੍ਰਤੀ ਦਾਰਸ਼ਨਿਕ ਸਮਝ ਨੂੰ ਉਜਾਗਰ ਕਰਦੇ ਹਨ। ਇੱਥੇ ਇਹ ਗੱਲ ਮਹੱਤਵਪੂਰਨ ਹੈ, ਅਨੇਕਾਂ ਵਿਗਿਆਨੀਆਂ ਨੇ ਵੀ ਗੁਰਬਾਣੀ ਵਿੱਚੋਂ ਵਾਤਾਵਰਣ ਪ੍ਰਤੀ ਸੂਤਰ ਪ੍ਰਾਪਤ ਕਰ ਵਾਤਾਵਰਨ ਚੇਤਨਾ ਅਤੇ ਸਾਂਭ ਸੰਭਾਲ ਵੱਖੋ-ਵਖਰੀਆਂ ਯੋਜਨਾਵਾਂ ਨੂੰ ਅਮਲੀ ਰੂਪ ਦਿਤਾ ਹੈ।

## 6.5 ਸਿੱਖ ਧਰਮ ਅਤੇ ਵਾਤਾਵਰਣ ਦੀ ਜਾਗਰੂਕਤਾ

ਸਿੱਖੀ ਵਿੱਚ ਕੁਦਰਤ ਅਤੇ ਆਕਲਪੁਰਖ ਦੀ ਅਭੇਦਤਾ ਨੂੰ ਮੰਨਿਆ ਗਿਆ ਹੈ, ਜਿਸ ਅਨੁਸਾਰ ਵਾਹਿਗੁਰੂ ਕਣ-ਕਣ ਵਿੱਚ ਰਮਿਆ ਹੋਇਆ ਹੈ। ਸਿੱਖ-ਅਨੁਭਵ ਵਿੱਚ ਇਹ ਜਗਤ ਸੱਚਾ ਹੈ ਅਤੇ ਇਸ ਵਿੱਚ ਜੋ ਸਥਾਪਤ ਹੈ, ਉਹ ਸੱਚ ਦਾ ਹੀ ਵਰਤਾਰਾ ਹੈ। ਬਾਣੀ ਵਿੱਚ ਸਪਸ਼ਟ ਰੂਪ ਵਿੱਚ ਸ਼ਾਮਿਲ ਹੈ ਜੋ ਕੁਝ ਵੀ ਬ੍ਰਹਿਮੰਡ ਵਿੱਚ ਹੈ ਸਭ ਕੁਝ ਬ੍ਰਹਮ ਤੋਂ ਹੀ ਪੈਦਾ ਹੋਇਆ ਹੈ ਅਤੇ ਪਰਮਾਤਮਾ ਇਸ ਵਿੱਚ ਆਪ ਪੁਰਖੁ ਹੋ ਕੇ ਸਮਾਇਆ ਹੋਇਆ ਹੈ। ਇਸ ਕਰਕੇ ਗੁਰੂ ਸਾਹਿਬ ਨੇ ਉਸ ਨੂੰ 'ਕਰਤਾ ਪੁਰਖ' ਆਖਿਆ ਹੈ, ਜਿਸਨੇ ਪੰਜ ਤੱਤਾਂ ਨੂੰ ਪੈਦਾ ਕੀਤਾ ਹੈ। ਅਕਾਲੁ ਪੁਰਖ ਨੇ ਆਪਣੇ ਆਪ ਤੋਂ ਪਵਣੁ ਪੈਦਾ ਕੀਤੀ ਫਿਰ ਅਕਾਲ ਪੁਰਖੁ ਨੇ ਪਵਣ ਤੋਂ ਪਾਣੀ ਪੈਦਾ ਕੀਤਾ ਅਤੇ ਫਿਰ ਪਾਣੀ ਤੋਂ ਤਿੰਨ ਭਵਨ ਭਾਵ ਸਮੁੱਚੀ ਰਚਨਾ ਕੀਤੀ। ਮਨੁੱਖ ਸਰੀਰ ਦੀ ਬਣਤਰ ਵੀ ਪੰਜ ਤੱਤਾਂ ਤੋਂ ਹੀ ਬਣੀ ਹੈ ਜਿਸ ਵਿੱਚ ਹਵਾ, ਪਾਣੀ, ਅੱਗ, ਧਰਤੀ ਅਤੇ ਅਕਾਸ਼।

ਸਿੱਖ-ਸਿਧਾਂਤਾਂ ਵਿੱਚ ਵਾਤਾਵਰਣ ਨੂੰ 'ਕੁਦਰਤ' ਦੇ ਸੰਕਲਪ ਰਾਹੀਂ ਸਮਝਿਆ ਜਾ ਸਕਦਾ ਹੈ। ਗੁਰਬਾਣੀ ਵਿੱਚ ਪ੍ਰਕਿਰਤੀ ਦੀ ਥਾਂ ਅਰਬੀ ਭਾਸ਼ਾ ਦਾ ਸ਼ਬਦ 'ਕੁਦਰਤ' ਵਰਤਿਆ ਹੈ ਜਿਸਦਾ ਅਰਥ ਮਾਲਕ ਦੀਆਂ ਸ਼ਕਤੀਆਂ ਅਤੇ ਅਧਿਕਾਰਾਂ ਦੇ ਅਧੀਨ ਹੋਣ ਵਾਲੀ ਹੈ। ਕੁਦਰਤ ਕਾਦਰ ਦੀ ਰਚਨਾ ਹੈ, ਇਵੇਂ ਕੁਦਰਤ ਵਾਹਿਗੁਰੂ ਦੀ ਉਹ ਖੇਡ ਹੈ ਜਿਸ ਵਿੱਚੋਂ ਸਾਰੀ ਕਾਇਨਾਤ ਹੋਂਦ ਵਿੱਚ ਆਈ ਹੈ। ਮਨੁੱਖ ਨੂੰ ਪ੍ਰਾਣੀ ਮੰਡਲ ਦਾ ਸਰਵੋਤਮ ਜੀਵ ਮੰਨਿਆ ਹੈ ਅਤੇ ਉਸ ਉਪਰ ਸੁਹਾਵਣੇ, ਪਵਿੱਤਰ ਅਤੇ ਜੀਵਨ ਪ੍ਰਦਾਨ ਕਰਨ ਵਾਲੇ ਵਾਤਾਵਰਣ ਦੀ ਬਖਸ਼ਿਸ਼ ਕੀਤੀ ਹੈ। ਇਹ ਇਸ ਬਖਸ਼ਿਸ਼ ਦਾ ਹੀ ਪਸਾਰਾ ਹੈ ਧਰਤੀ ਉਪਰ ਬਨਸਪਤੀ ਹੈ, ਜੀਵ ਜੰਤੂ ਹਨ, ਹਰਿਆਵਲ ਹੈ।ਧਰਤੀ ਤੇ ਸਿਰਤਾਜ ਪ੍ਰਾਣੀ ਮਨੁੱਖ ਹੈ ਪਰੰਤੂ ਇਸ ਦਾ ਇਹ ਮਤਲਬ ਨਹੀਂ ਕਿ ਮਨੁੱਖ ਸਾਰੀ ਰਚਨਾ ਅਤੇ ਬ੍ਰਹਿਮੰਡ ਨੂੰ ਆਪਣੇ ਅਧੀਨ ਕਰੇ। ਮਨੁੱਖ ਨੂੰ ਬ੍ਰਹਿਮੰਡ ਵਿੱਚ ਆਪਣੇ ਸਥਾਨ ਨੂੰ ਪਛਾਣਦੇ ਹੋਏ ਪ੍ਰਭੂ ਦੀ ਬਣਾਈ ਇਸ ਰਚਨਾ ਦਾ ਸਤਿਕਾਰ ਕਰੇ। ਮਨੁੱਖ ਦਾ ਕੁਦਰਤ ਨਾਲ ਭੌਤਿਕ ਅਤੇ ਅਧਿਆਤਮਕ ਸੰਬੰਧ ਹੈ। ਮਨੁੱਖ ਨੂੰ ਕੁਦਰਤ ਦੇ ਦੇਣਦਾਰ ਰਹਿਣਾ ਚਾਹੀਦਾ ਹੈ ਨਾਂ ਕਿ ਉਸਨੂੰ ਹਾਨੀ ਪਹੁੰਚਾਉਣੀ ਚਾਹੀਦੀ ਹੈ। ਕੁਦਰਤ ਦੀ ਰਚਨਾ/ਸਾਜਣਾ ਪਰਮਾਤਮਾ ਨੇ ਕੀਤੀ ਅਤੇ ਪਰਮਾਤਮਾ ਆਪ ਇਸ ਕੁਦਰਤ ਵਿੱਚ ਬਿਰਾਜਮਾਨ ਹੋ ਕੇ ਆਪਣੀ ਸਿਰਜਣਾ ਨੂੰ ਨਿਹਾਰਦਾ ਹੈ:

ਆਪੀਨੈ੍ ਆਪੁ ਸਾਜਿਓ ਆਪੀਨੈ੍ ਰਚਿਓ ਨਾਉ॥
ਦੁਯੀ ਕੁਦਰਤਿ ਸਾਜੀਐ ਕਰਿ ਆਸਣੁ ਡਿਠੋ ਚਾਉ॥
ਦਾਤਾ ਕਰਤਾ ਆਪਿ ਤੂੰ ਤੁਸਿ ਦੇਵਹਿ ਕਰਹਿ ਪਸਾਉ॥
ਤੂੰ ਜਾਣੋਈ ਸਭਸੈ ਦੇ ਲੈਸਹਿ ਜਿੰਦੁ ਕਵਾਉ॥
ਕਰਿ ਆਸਣੁ ਡਿਠੋ ਚਾਉ॥

ਇਹ ਬਹੁਤ ਮਹਤਵਪੂਰਣ ਇਸ਼ਾਰਾ ਹੈ ਕਿ ਪ੍ਰਮਾਤਮਾ ਨੇ ਆਪਣੇ ਆਪ ਨੂੰ ਸਾਜਣ ਉਪਰੰਤ ਸਭ ਤੋਂ ਪਹਿਲਾਂ ਕੁਦਰਤ ਦੀ ਸਾਜਨਾ ਕੀਤੀ। ਕੁਦਰਤ ਮਨੁੱਖੀ ਅਨੁਭਵ ਦੇ ਅਨੰਤ ਗੁਣਾਂ ਦੀ ਵਾਹਕ ਹੈ, ਜਿਸ ਰਾਹੀਂ ਮਨੁੱਖ ਆਪਣੀਆਂ ਵਿਅਕਤੀਗਤ ਲੋੜਾਂ ਤੋਂ ਲੈ ਕੇ ਸਿਰਜਣਾਤਮਕ ਮੰਡਲਾਂ ਦਾ ਯਾਤਰਾ ਕਰਦਾ ਹੋਇਆ ਵਿਸਮਾਦ ਦੇ ਮੰਡਲਾਂ ਦਾ ਭੇਤੀ ਅਤੇ ਅਨੁਭਵੀ ਹੋ ਜਾਂਦਾ ਹੈ। ਕੁਦਰਤ ਦੀ ਵਿਰਾਟਤਾ ਸੰਬੰਧੀ ਗੁਰਬਾਣੀ ਵਿੱਚ ਦਰਜ਼ ਹੈ ਕਿ:

ਕੁਦਰਤਿ ਦਿਸੈ ਕੁਦਰਤਿ ਸੁਣੀਐ ਕੁਦਰਤਿ ਭਉ ਸੁਖ ਸਾਰੁ॥
ਕੁਦਰਤਿ ਪਾਤਾਲੀ ਆਕਾਸੀ ਕੁਦਰਤਿ ਸਰਬ ਆਕਾਰੁ॥
ਕੁਦਰਤਿ ਵੇਦ ਪੁਰਾਣ ਕਤੇਬਾ ਕੁਦਰਤਿ ਸਰਬ ਵੀਚਾਰ॥
ਕੁਦਰਤਿ ਖਾਣਾ ਪੀਣਾ ਪੈਨ੍ਣੁ ਕੁਦਰਤਿ ਸਰਬ ਪਿਆਰੁ॥
ਕੁਦਰਤਿ ਜਾਤੀ ਜਿਨਸੀ ਰੰਗੀ ਕੁਦਰਤਿ ਜੀਅ ਜਹਾਨ॥
ਕੁਦਰਤਿ ਨੇਕੀਆ ਕੁਦਰਤਿ ਬਦੀਆ ਕੁਦਰਤਿ ਮਾਨੁ ਅਭਿਮਾਨੁ॥
ਕੁਦਰਤਿ ਪਉਣੁ ਪਾਣੀ ਬੈਸੰਤਰੁ ਕੁਦਰਤਿ ਧਰਤੀ ਖਾਕੁ॥
ਸਭ ਤੇਰੀ ਕੁਦਰਤਿ ਤੂੰ ਕਾਦਿਰੁ ਕਰਤਾ ਪਾਕੀ ਨਾਈ ਪਾਕੁ॥
ਨਾਨਕ ਹੁਕਮੈ ਅੰਦਰਿ ਵੇਖੈ ਵਰਤੈ ਤਾਕੋ ਤਾਕੁ॥

ਕਾਦਰ ਕੁਦਰਤ ਤੋਂ ਦੂਰ ਨਹੀਂ ਜਾਂ ਕੁਦਰਤ ਕਾਦਰ ਉਸਦੀ ਦਯਾ ਤੇ ਨਿਰਭਰ ਨਹੀਂ ਹੈ। ਕਾਦਰ ਕੁਦਰਤ ਵਿੱਚ ਬਿਰਾਜਮਾਨ ਹੈ। ਇਸ ਤਰ੍ਹਾਂ ਕਾਦਰ ਅਤੇ ਕੁਦਰਤ ਦਾ ਇਕ ਨਿਰੰਤਰ ਰਿਸ਼ਤਾ ਹੈ। ਇਸ ਕਰਕੇ ਸਿੱਖ-ਅਨੁਭਵ ਵਿੱਚ ਕੁਦਰਤ ਵਾਹਿਗੁਰੂ ਦੇ ਵਾਸੇ ਵਾਲੀ ਹੈ, ਜਿਸ ਦੀ ਸਾਂਭ-ਸੰਭਾਲ ਵਿੱਚ ਮਨੁੱਖਤਾ ਦਾ ਵਿਗਾਸ ਹੈ।

## 6.6 ਵਾਤਾਵਰਣ ਜਾਗਰੂਕਤਾ ਦੇ ਯਤਨ

ਮਨੁੱਖ ਦੀਆਂ ਲਾਲਚੀ ਪ੍ਰਵਿਰਤੀਆਂ ਕਰਕੇ ਧਰਤੀ ਦੇ ਸੰਤੁਲਨ ਨੂੰ ਭੰਗ ਕੀਤਾ ਹੈ ਜਿਸਦਾ ਸਿੱਟਾ ਅੱਜ ਅਸੀਂ ਮੌਸਮਾਂ ਦੇ ਬਦਲਾਅ, ਪ੍ਰਜਾਤੀਆਂ ਦੇ ਖ਼ਤਮ ਹੋਣ ਅਤੇ ਹਵਾ ਪਾਣੀ ਦੇ ਦੂਸ਼ਿਤ ਹੋਣ ਦੇ ਰੂਪ ਵਿੱਚ ਵੇਖ ਸਕਦੇ ਹਾਂ। ਮਨੁੱਖ ਦੇ ਇਸ ਹਾਨੀਕਾਰਕ ਦਖ਼ਲ ਕਰਕੇ ਪੈਦਾ ਹੋ ਚੁਕੇ ਵਿਗਾੜ ਲਈ ਜ਼ਰੂਰੀ ਹੈ ਕਿ ਮਨੁੱਖ ਅਤੇ ਪ੍ਰਕਿਰਤੀ ਵਿੱਚ ਸਮਤੋਲ ਹੋਵੇ। ਪ੍ਰਾਕ੍ਰਿਤਕ ਸੁਗਾਤਾਂ ਰਾਹੀਂ ਪ੍ਰਭੂ ਪ੍ਰਾਪਤੀ ਦਾ ਮਾਰਗ ਸਹਿਜਮਈ ਹੁੰਦਾ ਹੈ। ਜੇ ਪ੍ਰਾਕ੍ਰਿਤਕ ਸੋਮੇ ਹੀ ਨਹੀਂ ਹੋਣਗੇ ਤਾਂ ਮਨੁੱਖਤਾ  ਦਾ ਭਵਿਖ ਕਿਸ ਤਰ੍ਹਾਂ ਸੰਭਵ ਹੈ। ਗੁਰਬਾਣੀ ਵਿੱਚ ਕੁਦਰਤੀ ਸੋਮਿਆਂ ਦੀ ਸਾਂਭ ਸੰਭਾਲ ਲਈ ਮਨੁੱਖ ਨੂੰ ਪ੍ਰੇਰਿਤ ਕੀਤਾ ਗਿਆ ਹੈ। ਜੀਵ ਜੰਤੂਆਂ ਪ੍ਰਤੀ ਦਇਆ ਦੀ ਭਾਵਨਾ ਰੱਖਣਾ ਅਤੇ ਕੁਦਰਤੀ ਸੋਮੇ ਜਿਵੇਂ ਕਿ ਜਲ, ਹਵਾ ਦੀ ਸ਼ੁੱਧਤਾ ’ਤੇ ਜ਼ੋਰ ਦਿੱਤਾ ਗਿਆ ਹੈ। ਗੁਰਬਾਣੀ ਵਿੱਚ ਕੁਦਰਤੀ ਸੋਮਿਆਂ ਜਾਂ ਕੁਦਰਤ/ਬਨਸਪਤੀ ਦੀ ਗੁਣਗਾਇਨ ਹੈ ਜੋ ਕਿ ਮਨੁੱਖ ਨੂੰ ਇਨ੍ਹਾਂ ਦੀ ਮਹੱਤਤਾ ਅਤੇ ਸੋਹਣੀ ਜ਼ਿੰਦਗੀ ਜਿਉਣ ਲਈ ਇਨ੍ਹਾਂ ਦਾ ਸਤਿਕਾਰ ਅਤੇ ਸਾਂਭ ਸੰਭਾਲ ਵਲ ਪ੍ਰੇਰਿਤ ਕਰਦਾ ਹੈ। ਵਾਤਾਵਰਣ ਦੀ ਚੇਤਨਾ ਸੰਬੰਧੀ ਗੁਰੂ ਸਾਹਿਬਾਨ ਅਤੇ ਸਿੱਖਾਂ ਦੁਆਰਾ ਕੀਤੇ ਹੇਠ ਲਿਖੇ ਕਾਰਜਾਂ ਨੂੰ ਵੇਖਿਆ ਜਾ ਸਕਦਾ ਹੈ:

- ਗੁਰੂ ਸਾਹਿਬਾਨ ਵਲੋਂ ਜਲ ਦੇ ਸੋਮਿਆਂ ਦੀ ਸਾਂਭ ਸੰਭਾਲ ਹਿਤ ਸਰੋਵਰਾਂ, ਬਾਉਲੀਆਂ ਅਤੇ ਖੂਹ ਵੱਡੀ ਗਿਣਤੀ ਖੁਦਵਾਏ ਗਏ। ਗੁਰੂ ਅਮਰਦਾਸ ਜੀ ਨੇ ਗੋਇੰਦਵਾਲ ਸਾਹਿਬ ਵਿਖੇ ਬਾਉਲੀ ਦੀ ਉਸਾਰੀ, ਸ਼੍ਰੀ ਅੰਮ੍ਰਿਤਸਰ ਵਿਖੇ ਗੁਰੂ ਰਾਮਦਾਸ ਜੀ ਵਲੋਂ ਪੰਜ ਸਰੋਵਰ, ਗੁਰੂ ਅਰਜਨ ਦੇਵ ਜੀ ਵਲੋਂ ਤਰਨਤਾਰਨ ਵਿਖੇ ਸਰੋਵਰ ਅਤੇ ਸ੍ਰੀ ਅੰਮ੍ਰਿਤਸਰ ਦੇ ਆਸ-ਪਾਸ ਦੇ ਇਲਾਕਿਆਂ ਵਿੱਚ ਇਕ-ਹਰਟੇ ਤੋਂ ਲੈ ਕੇ ਛੇ-ਹਰਟਿਆਂ ਦੇ ਖੂਹ, ਗੁਰੂ ਹਰਗੋਬਿੰਦ, ਗੁਰੂ ਹਰਿ ਰਾਇ, ਗੁਰੂ ਤੇਗ਼ ਬਹਾਦਰ ਅਤੇ ਗੁਰੂ ਗੋਬਿੰਦ ਸਿੰਘ ਜੀ ਵਲੋਂ ਅਣਗਿਣਤ ਸਥਾਨਾਂ ‘ਤੇ ਖ਼ੂਹਾਂ ਅਤੇ ਤ੍ਰਿਬੈਣੀਆਂ ਦਾ ਨਿਰਮਾਣ ਕਰਵਾਇਆ ਗਿਆ।
- ਗੁਰੂ ਹਰਿ ਰਾਇ ਸਾਹਿਬ ਦਾ ਜੀਵਨ ਰਾਹੀਂ ਸਾਨੂੰ ਉਹਨਾਂ ਦੁਆਰਾ ਵਖ-ਵਖ ਸਥਾਨਾਂ ਤੇ ਬਾਗ਼ਾਂ ਨੂੰ ਲਗਵਾਉਣ ਅਤੇ ਚਕਿਤਸਾ ਸੰਬੰਧੀ ਸੈਂਕੜਿਆਂ ਦੀ ਗਿਣਤੀ ਵਿੱਚ ਸਥਾਨ ਬਣਾਉਣ ਬਾਰੇ ਪਤਾ ਲਗਦਾ ਹੈ।
- ਸਿੱਖ-ਸੰਪਰਦਾਵਾਂ ਉਦਾਸੀ, ਨਿਰਮਲੇ, ਸੇਵਾਪੰਥੀ ਆਦਿ ਨੇ ਜਿਥੇ ਵੀ ਆਪਣੇ ਟਿਕਾਣੇ, ਆਸ਼ਰਮ ਜਾਂ ਕੁਟੀਆਂ ਬਣਵਾਈਆਂ, ਉਨ੍ਹਾਂ ਸਭ ਵਿੱਚ ਵਿੱਚ ਕੁਦਰਤ ਨੂੰ ਸਾਂਭਣ ਅਤੇ ਚੌਗਿਰਦੇ ਨੂੰ ਸਾਜਣ ਦੇ ਵਿਸ਼ੇਸ਼ ਪ੍ਰਬੰਧ ਕੀਤੇ। ਉਦਾਸੀ ਨੇ ਏਸ਼ੀਆਂ ਦੇ ਕਈ ਦੇਸ਼ਾਂ ਤਕ ਬੋਹੜ ਦੇ ਦਰਖਤ ਲਗਾਏ।
- ਗੁਰੂ-ਸਾਹਿਬਾਨ ਦੇ ਨਾਲ ਸੰਬੰਧਤ ਸਥਾਨਾਂ ਦੇ ਨਾਮ ਵੀ ਦਰੱਖਤਾਂ ਅਤੇ ਫੁੱਲ ਵਾਲੇ ਰੁੱਖਾਂ ਦੇ ਨਾਂ ’ਤੇ ਮਿਲਦੇ ਹਨ, ਜਿਵੇਂ ਕਿ ਨਿੰਮ ਸਾਹਿਬ, ਟਾਹਲੀ ਸਾਹਿਬ, ਅੰਬ ਸਾਹਿਬ, ਰੀਠਾ ਸਾਹਿਬ, ਬੇਰ ਸਾਹਿਬ, ਦਾਤਣ ਸਾਹਿਬ, ਜੰਡ ਸਾਹਿਬ।
- ਬਹੁਤ ਸਾਰੀਆਂ ਸਿੱਖ-ਸੰਸਥਾਵਾਂ ਵਾਤਾਵਰਣ ਦੀ ਸੰਭਾਲ ਲਈ ਯਤਨ ਕਰ ਰਹੀਆਂ ਹਨ, ਜਿਨ੍ਹਾਂ ਵਿੱਚੋਂ ਕੁਝ ਪ੍ਰਮੁੱਖ  ਹੇਠ ਲਿਖੀਆਂ ਹਨ:
    - ਆਲ ਇੰਡੀਆ ਪਿੰਗਲਵਾੜਾ ਚੈਰੀਟੇਬਲ ਸੁਸਾਇਟੀ, ਅੰਮ੍ਰਿਤਸਰ
    
      ਇਸ ਸੰਸਥਾ ਦੇ ਬਾਨੀ ਭਗਤ ਪੂਰਨ ਸਿੰਘ ਜੀ ਸਨ, ਜਿਨਾਂ ਨੇ ਆਪਣੀ ਸਾਰੀ ਉਮਰ ਮਨੁੱਖਤਾ  ਦੇ ਭਲੇ ਲਈ ਲਗਾਈ ਅਤੇ ਪੰਜਾਬ ਵਿੱਚ ਵਾਤਾਵਰਣ ਦਰਪੇਸ਼ ਮੁਦਿਆਂ ਸੰਬੰਧੀ ਕਿਤਾਬਚੇ ਵੰਡੇ। ਅਜ ਇਸ ਸੰਸਥਾਂ ਵਿੱਚ ਅਪਾਹਜਾਂ ਅਤੇ ਰੋਗੀਆਂ ਨੂੰ ਸਾਂਭਣ ਤੋਂ ਇਲਾਵਾ ਕੁਦਰਤੀ ਖੇਤੀ ਅਤੇ ਵਾਤਾਵਾਰਣ ਦੀ ਸੰਭਾਲ ਲਈ ਕਈ ਤਰ੍ਹਾਂ ਦੀਆਂ ਯੋਜਨਾਵਾਂ ਨੂੰ ਸਿਰੇ ਚਾੜ੍ਹਿਆ ਜਾ ਰਿਹਾ ਹੈ।

    - ੧ੴ ਚੈਰੀਟੇਬਲ ਟਰਸਟ, ਸੀਚੇਵਾਲ

ਸੰਤ ਬਲਬੀਰ ਸਿੰਘ ਸੀਚੇਵਾਲ ਨੇ ਇਹ ਟਰਸਟ ਮੁਖ ਰੂਪ ਵਿੱਚ ਵਾਤਾਵਰਣ ਦੀਆਂ ਸਮੱਸਿਆਵਾਂ ਨੂੰ ਧਿਆਨ ਵਿੱਚ ਰਖ ਕੇ ਬਣਾਇਆ। ਇਹਨਾਂ ਦੀ ਸੇਵਾ ਕਰਕੇ ਵੇਈਂ ਨਦੀ, ਜੋ ਕਿ ਉਦਯੋਗਿਕ ਗੰਧਲੇ ਪਾਣੀ ਕਰਕੇ ਦੂਸ਼ਿਤ ਹੋ ਗਈ ਸੀ, ਉਹ ਸਾਫ਼ ਹੋ ਗਈ। ਇਸ ਤੋਂ ਇਲਾਵਾ ਇਸ ਟਰਸਟ ਵਲੋਂ ਪਿੰਡਾਂ ਅਤੇ ਸ਼ਹਿਰਾਂ ਵਿੱਚ ਵਾਤਾਵਰਣ ਸੰਬੰਧੀ ਜਾਗਰੂਕਤਾ ਫੈਲਾਉਣ ਲਈ ਅਨੇਕਾਂ ਤਰ੍ਹਾਂ ਦੇ ਕਾਰਜ ਕੀਤੇ ਜਾਂਦੇ ਹਨ।

- ਕਾਰ ਸੇਵਾ, ਖਡੂਰ ਸਾਹਿਬ

  ਗੁਰੂ ਅੰਗਦ ਦੇਵ ਜੀ ਦੇ ਸਥਾਨ, ਖਡੂਰ ਸਾਹਿਬ ਵਿਖੇ ਕਾਰ ਸੇਵਾ ਵਾਲੇ ਬਾਬਾ ਸੇਵਾ ਸਿੰਘ ਨੇ ਲਖਾਂ ਦੀ ਗਿਣਤੀ ਵਿੱਚ ਟ੍ਰਖ ਲਗਵਾਏ ਹਨ ਅਤੇ ਉਹਨਾਂ ਦੀ ਸਾਂਭ-ਸੰਭਾਲ ਲਈ ਵਿਸ਼ੇਸ਼ ਉਪਰਾਲੇ ਕੀਤੇ ਹਨ। ਉਹਾਂ ਵਲੋਂ ਲੋਕਾਂ ਨੂੰ ਵਾਤਾਵਰਣ ਦੀ ਸਾਂਭ-ਸੰਭਾਲ ਲਈ ਲਗਾਤਾਰ ਪ੍ਰੇਰਿਆ ਜਾ ਰਿਹਾ ਹੈ। ਉਹਨਾਂ ਵਲੋਂ ਨਰਸਰੀਆਂ ਦੀ ਸਥਾਪਨਾ ਤੋਂ ਲੈ ਕੇ ਕਈ ਸਥਾਨਾਂ 'ਤੇ ਜੰਗਲ ਵੀ ਲਗਵਾਏ ਜਾ ਰਹੇ ਹਨ।

- ਈਕੋ ਸਿੱਖ

  ਈਕੋ ਸਿੱਖ ਇਕ ਅੰਤਰਰਾਸ਼ਟਰੀ ਸੰਸਥਾ ਹੈ, ਜੋ ਕਿ ਕਈ ਦੇਸ਼ਾਂ ਵਿੱਚ ਸਿੱਖ-ਸਿਧਾਂਤਾਂ ਨੂੰ ਆਧਾਰ ਬਣਾ ਕੇ ਵਾਤਾਵਰਣ ਦੀ ਚੇਤਨਾ ਵਿੱਚ ਵਡੀ ਭੂਮਿਕਾ ਨਿਭਾ ਰਹੀ ਹੈ। ਇਸ ਸੰਸਥਾ ਦਾ ਮੁੱਖ ਉਦੇਸ਼ ਸਿੱਖ ਨੈਤਿਕਤਾਵਾਂ, ਸਿਧਾਂਤਾਂ, ਅਤੇ ਸੰਸਥਾਵਾਂ ਨੂੰ ਵਿਸ਼ਵ ਦੇ ਵਾਤਾਵਰਣ ਸੰਬੰਧੀ ਮਹੱਤਵਪੂਰਨ ਦੇ ਮੁੱਦਿਆਂ ਨਾਲ ਜੋੜਨਾ ਹੈ। ਕੁਦਰਤ ਪ੍ਰਤੀ ਆਸਥਾ ਸਿੱਖ ਜੀਵਨ ਜਾਂਚ ਦਾ ਧੁਰਾ ਹੈ। ਇਸ ਕਾਰਜ ਦੇ ਅੰਤਰਗਤ ਈਕੋ-ਸਿੱਖ ਨੇ ਗੁਰੂ ਨਾਨਕ ਬਾਗ਼ ਨਾਮਕ ਬਾਗ਼ ਦੀ ਲਗਵਾਈ ਦਾ ਕੰਮ ਆਰੰਭਿਆ ਹੈ, ਜਿਸ ਵਿੱਚ ਗੁਰਬਾਣੀ ਵਿੱਚ ਰੁਖਾਂ, ਪੌਦਿਆਂ ਦੇ ਨਾਮ ਆਏ ਹਨ, ਉਨ੍ਹਾਂ ਨੂੰ ਉਥੇ ਲਗਾਇਆ ਗਿਆ ਹੈ। ਇਹ ਬਾਗ਼ ਪੁਰਾਤਨ ਗੁਰਦੁਆਰਾ ਗੁਰੂਸਰ ਸਾਹਿਬ, ਪੱਤੋ ਹੀਰਾ ਸਿੰਘ ਪਿੰਡ ਮੋਗਾ ਵਿੱਚ ਸਥਿਤ ਹੈ।

ਉਪਰੋਕਤ ਸੰਸਥਾਵਾਂ ਤੋਂ ਇਲਾਵਾ ਖੇਤਰੀ ਪੱਧਰ 'ਤੇ ਕਈ ਸਿੱਖ ਜਥੇਬੰਦੀਆਂ ਸਿੱਖੀ ਦੇ ਪ੍ਰਚਾਰ-ਪ੍ਰਸਾਰ ਤੋਂ ਇਲਾਵਾ ਵਾਤਾਵਰਣ ਦੀ ਸਾਂਭ-ਸੰਭਾਲ ਵਲ ਉਦੇਸ਼ਿਤ ਹਨ। ਸ੍ਰੀ ਗੁਰੂ ਹਰਿ ਰਾਇ ਜੀ ਦਾ ਪ੍ਰਕਾਸ਼ ਦਿਹਾੜੇ ਨੂੰ ਸਿੱਖ ਵਾਤਾਵਰਣ ਦਿਵਸ ਦੇ ਰੂਪ ਵਿੱਚ ਮਨਾਉਣਾ ਸ਼ੁਰੂ ਕਰ ਦਿਤਾ ਹੈ। ਗੁਰੂ ਸਾਹਿਬ ਦੇ ਨਾਮ 'ਤੇ ਕਈ ਬਾਗ਼ਾਂ ਅਤੇ ਜੰਗਲਾਂ ਦੇ ਨਾਮ ਰਖੇ ਜਾ ਰਹੇ ਹਨ। ਡੇਰਾ ਬਾਬਾ ਨਾਨਕ ਵਿਖੇ ਬਣਾਏ ਕੋਰੀਡੋਰ ਅਤੇ ਸੁਲਤਾਨਪੁਰ ਲੋਧੀ ਵਿਖੇ 'ਬਾਬਾ ਨਾਨਕ ਦਾ ਪਿੰਡ' ਵਿੱਚ ਵੀ ਗੁਰੂ ਸਾਹਿਬ ਦੇ ਨਾਮ 'ਤੇ ਬਾਗ਼ ਦੀ ਤਜ਼ਵੀਜ਼ ਹੈ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ ਵਲੋਂ ਵੀ ਵਾਤਾਵਰਣ ਸਾਂਭ ਸੰਭਾਲ ਲਈ ਕਈ ਉਪਰਾਲੇ ਕੀਤੇ ਜਾ ਰਹੇ ਹਨ ਜਿਸ ਵਿੱਚ ਗੁਰਦੁਆਰਿਆਂ ਵਿੱਚ ਬੂਟਿਆਂ ਦਾ ਪ੍ਰਸ਼ਾਦ ਦਿੱਤਾ ਜਾਣਾ ਆਰੰਭ ਕੀਤਾ ਹੋਇਆ ਹੈ। ਇਸ ਤੋਂ ਇਲਾਵਾ ਵਖ-ਵਖ ਇਲਾਕਿਆਂ ਵਿੱਚ ਪਿੰਡ ਜਾਂ ਇਲਾਕੇ ਦੇ ਪੱਧਰ 'ਤੇ ਆਮ ਲੋਕਾਂ ਵਲੋਂ ਵਾਤਾਵਰਣ ਦੀ ਸੰਭਾਂਲ ਲਈ ਕਈ ਤਰ੍ਹਾਂ ਦੇ ਕਾਰਜ ਕੀਤੇ ਜਾ ਰਹੇ ਹਨ।

## 6.7 ਸਾਰ

- ਵਾਤਾਵਰਣ ਵਰਤਮਾਨ ਸਮੇਂ ਦੀ ਇਕ ਪ੍ਰਮੁੱਖ ਸਮੱਸਿਆ ਹੈ, ਜਿਸਦੀ ਸਾਂਭ-ਸੰਭਾਲ ਅਤੇ ਇਸ ਸੰਬੰਧੀ ਜਾਗਰੂਕਤਾ ਦੀ ਬਹੁਤ ਜਿਆਦਾ ਲੋੜ ਹੈ ਨਹੀਂ ਤਾਂ ਮਨੁੱਖੀ ਭਵਿਖ ਸਰਲ ਨਾ ਹੋ ਕੇ ਔਕੜਾਂ ਭਰਿਆ ਹੋਵੇਗਾ।

- ਵਾਤਾਵਰਣ ਦੀ ਸਮੱਸਿਆ ਦੇ ਮੁਖ ਕਾਰਣ ਅਨੈਤਿਕ ਤਰੀਕੇ ਨਾਲ ਵਿਕਸਤ ਕੀਤੇ ਉਦਯੋਗੀਕਰਣ, ਵਿਗਿਆਨਕ ਤਕਨੀਕਾਂ ਰਾਹੀਂ ਹਰ ਖੇਤਰ ਵਿੱਚ ਵਿਕਸਤ ਕੀਤੀ ਗਈ ਤਕਨਾਲੋਜੀ ਨੂੰ ਅਨੈਤਿਕ ਤਰੀਕੇ ਨਾਲ ਵਰਤਣ ਅਤੇ ਹਰ ਤਰ੍ਹਾਂ ਦੇ ਕੂੜੇ ਨੂੰ ਨਿਯਮਤ ਤਰੀਕੇ ਨਾਲ ਨਾ ਸਾਂਭਣ ਕਰਕੇ ਹੈ।
- ਵਾਤਾਵਰਣ ਦੀ ਸਾਂਭ-ਸੰਭਾਲ ਅਤੇ ਇਸ ਸੰਬੰਧੀ ਜਾਗਰੂਕਤਾ ਫੈਲਾਉਣ ਵਿੱਚ ਧਰਮ ਦਾ ਵਿਸ਼ੇਸ਼ ਮਹਤਵ ਹੈ, ਜਿਨ੍ਹਾਂ ਰਾਹੀਂ ਵਾਤਾਵਰਣ ਸੰਬੰਧੀ ਉਚ-ਪੱਧਰ ੀ ਸੰਸਥਾਵਾਂ ਦੇ ਨਿਰਮਾਣ ਹੋਏ ਹਨ।
- ਸਿੱਖੀ ਵਿੱਚ ਵਾਤਾਵਰਣ ਸੰਬੰਧੀ ਸਥਾਪਤ ਸਿਧਾਂਤ ਮਨੁੱਖਤਾ ਦੇ ਭਲੇ ਵਾਲੇ ਹਨ, ਜਿਨ੍ਹਾਂ ਦੀ ਸਥਾਪਨਾ ਲਈ ਗੁਰੂ ਸਾਹਿਬਾਨ ਨੇ ਉਚਤਮ ਆਦਰਸ਼ ਸਥਾਪਤ ਕੀਤੇ।
- ਗੁਰੂ ਸਾਹਿਬਾਨ ਅਤੇ ਸਿੱਖ ਸੰਸਥਾਵਾਂ ਨੇ ਵਾਤਾਵਰਣ ਸੰਬੰਧੀ ਅਣਗਿਣਤ ਕਾਰਜ ਕੀਤੇ ਹਨ, ਜਿਸ ਕਰਕੇ ਵਿਸ਼ਵ ਪੱਧਰ 'ਤੇ ਸਿੱਖਾਂ ਦੀ ਭੂਮਿਕਾ ਬਹੁਤ ਮਹਤਵਪੂਰਨ ਹੈ।

## 6.8 ਵਿਸਤਾਰ ਵਿੱਚ ਪੜ੍ਹਣਯੋਗ ਪੁਸਤਕਾਂ


- ਸਤਿਬੀਰ ਸਿੰਘ, *ਨਿਰਭਉ ਨਿਰਵੈਰੁ (ਜੀਵਨੀ ਗੁਰੂ ਹਰਿ ਰਾਇ ਜੀ),* ਨਿਊ ਬੁੱਕ ਕੰਪਨੀ, ਜਲੰਧਰ, 1981.
- ਹਰਪਾਲ ਸਿੰਘ ਪੰਨੂੰ, *ਗੁਰੂ ਨਾਨਕ ਦਾ ਕੁਦਰਤ ਸਿਧਾਂਤ*, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2002
- ਬਲਕਾਰ ਸਿੰਘ (ਸੰਪਾ.), *ਸੇਵਾ ਦਾ ਸਿੱਖ ਸੰਕਲਪ,* ਪੰਜਾਬੀ ਯੂਨੀਵਰਸਿਟੀ, ਪਟਿਆਲਾ, 1998
- Surjeet Kaur Chahal, *Ecology Redesigning Genes: Ethical and Sikh Perspective,* Singh Brothers, Amritsar, 2005


## 6.9 ਅਭਿਆਸ ਲਈ ਪ੍ਰਸ਼ਨ

ਪ੍ਰਸ਼ਨ 1. ਵਾਤਾਵਰਣ ਦੀ ਚੇਤਨਾ ਤੋਂ ਤੁਸੀਂ ਕੀ ਸਮਝਦੇ ਹੋ?

ਪ੍ਰਸ਼ਨ 2. ਵਾਤਾਵਰਣ ਦੀਆਂ ਸਮੱਸਿਆ ਲਈ ਕਿਹੜੇ ਤੱਤ ਜ਼ਿੰਮੇਵਾਰ ਹਨ?

ਪ੍ਰਸ਼ਨ 3. ਵਾਤਾਵਰਣ ਅਤੇ ਧਰਮ ਦੇ ਆਪਸੀ ਸੰਬੰਧ ਕੀ ਹਨ?

ਪ੍ਰਸ਼ਨ 4. ਕੁਦਰਤ ਦੇ ਸੰਕਲਪ ਬਾਰੇ ਲਿਖੋ।

ਪ੍ਰਸ਼ਨ 5. ਵਾਤਾਵਾਰਣ ਦੀ ਚੇਤਨਾ ਸੰਬੰਧੀ ਸਿੱਖ-ਸੰਸਥਾਵਾਂ ਦੀ ਭੂਮਿਕਾ ਬਾਰੇ ਲਿਖੋ।

## PROGRAMME: CERTIFICATE COURSE ON VALUE AND LEARNING OF SIKHISM

### COURSE: EQUALITY AND WELFARE

### SEMESTER-I

### UNIT VII – BIOETHICS (COMMERCIALIZATION OF ORGANS)

**STRUCTURE**


7.0ਉਦੇਸ਼

7.1ਜਾਣ-ਪਛਾਣ

7.2 ਪਰਿਭਾਸ਼ਾ, ਖੇਤਰ ਅਤੇ ਉਦੇਸ਼

7.2.1 ਪਰਿਭਾਸ਼ਾ

7.2.2 ਖੇਤਰ

7.2.3 ਉਦੇਸ਼

7.3 ਜੈਵਿਕ ਨੈਤਿਕਤਾ ਦੇ ਪ੍ਰਮੁੱਖ ਮੁਦੇ

7.4 ਪਰੰਪਰਾਗਤ ਅਤੇ ਸਮਕਾਲੀ ਨੈਤਿਕ ਸਿਧਾਂਤ

7.5 ਧਰਮ ਅਤੇ ਜੈਵਿਕ-ਨੈਤਿਕਤਾ

7.6 ਮਨੁੱਖੀ ਅੰਗਾਂ ਦਾ ਵਾਪਾਰੀਕਰਣ

7.7 ਸਿੱਖ ਧਰਮ ਅਤੇ ਜੈਵਿਕ-ਨੈਤਿਕਤਾ

7.8 ਸਿੱਖ ਸਿਧਾਂਤ ਵਿੱਚ ਮਨੁਖ

7.9 ਸਿੱਖ-ਵਿਹਾਰਕਤਾ

7.10 ਸਾਰ

7.11 ਵਿਸਤਾਰ ਵਿੱਚ ਪੜ੍ਹਣਯੋਗ ਪੁਸਤਕਾਂ

7.12 ਅਭਿਆਸ ਲਈ ਪ੍ਰਸ਼ਨ

**7.0 ਉਦੇਸ਼:**

- ਜੈਵਿਕ-ਨੈਤਿਕਤਾ ਦੇ ਸੰਕਲਪ ਨੂੰ ਸਮਝਣਾ
- ਜੈਵਿਕ-ਨੈਤਿਕਤਾ ਅਤੇ ਧਰਮ ਦੇ ਸੰਬੰਧਾਂ ਨੂੰ ਜਾਨਣਾ
- ਸਿੱਖੀ ਦੇ ਸੰਦਰਭ ਵਿੱਚ ਮਨੁੱਖੀ ਅੰਗਾਂ ਦੇ ਵਾਪਾਰੀਕਰਣ ਨੂੰ ਸਮਝਣਾ

## 7.1 ਜਾਣ-ਪਛਾਣ

ਜੈਵਿਕ-ਨੈਤਿਕਤਾ ਦਾ ਅਨੁਸ਼ਾਸ਼ਨ ਪ੍ਰਮੁੱਖ ਤੌਰ ‘ਤੇ ਮਨੁੱਖੀ ਜੀਵਨ ਅਤੇ ਇਸਦੀ ਤੰਦਰੁਸਤੀ ਲਈ ਸਿਹਤ ਨਾਲ ਜੁੜੀ ਨੈਤਿਕਤਾ ਦਾ ਅਧਿਐਨ ਕਰਦਾ ਹੈ। ਇਸ ਅਧਿਐਨ ਵਿੱਚ ਮਨੁੱਖੀ ਜੀਵਨ ਤੋਂ ਇਲਾਵਾ ਜਾਨਵਰਾਂ ਅਤੇ ਵਾਤਾਵਰਣ ਸੰਬੰਧੀ ਨੈਤਿਕਤਾ ਨੂੰ ਵੀ ਅਧਿਐਨ ਕਰਦਾ ਹੈ। ਅਧਿਐਨ ਦਾ ਇਹ ਅਨੁਸ਼ਾਸ਼ਨ ਵੀਹਵੀਂ ਸਦੀ ਵਿੱਚ ਪ੍ਰਚੱਲਿਤ ਹੋਇਆ ਅਤੇ ਵੀਹਵੀਂ ਸਦੀ ਦੇ ਪਿਛਲੇ ਅੱਧ ਵਿੱਚ ਇਹ ਅਨੁਸ਼ਾਸ਼ਨ ਸੰਸਾਰ ਦੇ ਵੱਖ-ਵੱਖ ਹਿਸਿਆਂ ਵਿੱਚ ਇਕ ਮਹੱਤਵਪੂਰਣ ਅਧਿਐਨ ਵਜੋਂ ਸਥਾਪਤ ਹੋਇਆ ਹੈ। ਜੈਵਿਕ-ਨੈਤਿਕਤਾ ਚਕਿਤਸਾ (medical) ਦੇ ਅਨੁਸ਼ਾਸ਼ਨ ਵਿੱਚ ਉਹਨਾਂ ਨੈਤਿਕ ਮੁੱਲਾਂ ਅਤੇ ਕਦਰਾਂ-ਕੀਮਤਾਂ ਨੂੰ ਸਮਝਣ ਅਤੇ ਅਧਿਐਨ ਕਰਨ ਦੀ ਕੋਸ਼ਿਸ਼ ਕਰਦਾ ਹੈ, ਜਿਸ ਨਾਲ ਮਨੁੱਖੀ ਜੀਵਨ ਦਾ ਇਸ ਸੰਸਾਰ ਵਿੱਚ ਰਹਿੰਦਿਆਂ ਧਰਤੀ ਦੇ ਹੋਰਨਾਂ ਜੀਵਾਂ ਅਤੇ ਵਾਤਾਵਰਣ ਆਦਿ ਨਾਲ ਸੰਬੰਧ ਸੁਖਾਵਾਂ ਅਤੇ ਸਮਾਨੰਤਰ ਬਣਿਆ ਰਹੇ। ਜੈਵਿਕ-ਨੈਤਿਕਤਾ ਦੇ ਅਧਿਐਨ ਦਾ ਖੇਤਰ ਸਿਹਤ-ਸੰਭਾਲ ਲਈ ਵਰਤੀਆਂ ਜਾਂਦੀਆਂ ਵਿਧੀਆਂ, ਨਿਰਦੇਸ਼ਾਂ, ਉਪਕਰਣਾਂ, ਟੀਕਾਕਰਣ ਆਦਿ ਦੀ ਸੁਯੋਗ ਵਰਤੋਂ ਅਤੇ ਸਮਝ ਲਈ ਦਰਸ਼ਨ ਜਾਂ ਫ਼ਲਸਫ਼ੇ ਦੇ ਨੈਤਿਕ-ਸ਼ਾਸਤਰ ਅਨੁਸ਼ਾਸ਼ਨ ਦੀਆਂ ਪਹੁੰਚ-ਵਿਧੀਆਂ ਤੋਂ ਲੈ ਕੇ ਸਮਾਜ, ਕਾਨੂੰਨ, ਅਰਥਚਾਰਾ ਆਦਿ ਨੂੰ ਵੀ ਵਰਤਦਾ ਹੈ।

## 7.2 ਪਰਿਭਾਸ਼ਾ, ਖੇਤਰ ਅਤੇ ਉਦੇਸ਼

### 7.2.1 ਪਰਿਭਾਸ਼ਾ

ਇਨਸਾਈਕਲੋਪੀਡੀਆ ਆਫ਼ ਬ੍ਰਿਟੈਨਿਕਾ ਅਨੁਸਾਰ “ਬਾਇਓਐਥਿਕਸ (ਜੈਵਿਕ-ਨੈਤਿਕਤਾ) ਵਿਹਾਰਕ-ਨੈਤਿਕਤਾ ਅਨੁਸ਼ਾਸ਼ਨ ਦੀ ਸ਼ਾਖ਼ਾ ਹੈ, ਜਿਹੜੀ ਚਕਿਤਸਾ ਅਤੇ ਜੀਵ-ਵਿਗਿਆਨਾਂ ਦੇ ਖੇਤਰ ਵਿੱਚ ਦਾਰਸ਼ਨਿਕ, ਸਮਾਜਿਕ ਅਤੇ ਕਾਨੂੰਨੀ ਉਲਝਣਾਂ ਦਾ ਅਧਿਐਨ ਕਰਦੀ ਹੈ। ਪ੍ਰਮੁੱਖ ਤੌਰ ‘ਤੇ ਇਹ ਮਨੁੱਖੀ ਜ਼ਿੰਦਗੀ ਅਤੇ ਉਸਦੀ ਸਿਹਤ ਨਾਲ ਸੰਬੰਧਤ ਹੈ ਭਾਂਵੇ ਕਿ ਇਹ ਕਈ ਵਾਰ ਅਮਨੁੱਖੀ ਜੈਵਿਕ ਵਾਤਾਵਰਣ ਦੇ ਨੈਤਿਕ ਪ੍ਰਸ਼ਨਾਂ ਨੂੰ ਵੀ ਸਿਝਦੀ ਹੈ।

ਇਨਸਾਈਕਲੋਪੀਡੀਆ ਆਫ਼ ਬਾਇਓਐਥਿਕਸ (2004) ਅਨੁਸਾਰ ਬਾਇਓਐਥਿਕਸ ਦੋ ਪ੍ਰਮੁੱਖ ਵਿਸ਼ਿਆਂ ਨਾਲ ਸੰਬੰਧਤ ਹੈ:

1. ਧਰਤੀ ਦੀ ਖ਼ੁਦਮੁਖ਼ਤਿਆਰੀ ਵਾਲੇ ਵਾਤਾਵਰਣ ਦੀ ਸਾਂਭ-ਸੰਭਾਲ ਪ੍ਰਤੀ ਜਿੰਮੇਵਾਰੀ ਅਪਣਾਉਣੀ, ਜਿਸ ਉਪਰ ਮਨੁੱਖੀ ਜਨ-ਜੀਵਨ ਆਸ਼ਰਿਤ ਹੈ।
2. ਤਰਲਮਈ ਮਨੁੱਖੀ ਸੁਭਾਉ ਦੇ ਬਦਲਾਓ ਦੀ ਸੰਭਾਵਨੀ ਸੰਬੰਧੀ ਭਵਿਖਮਈ ਜੀਵ-ਵਿਗਿਆਨ ਵਿੱਚ ਤੇਜ਼ੀ ਨਾਲ ਬਦਲਦੀਆਂ ਸਥਾਪਨਾ ਸੰਬੰਧੀ।

### 7.2.2 ਖੇਤਰ

ਜੈਵਿਕ-ਨੈਤਿਕਤਾ, ਬਾਇਓਐਥਿਕਸ (bioethics) ਸੰਕਲਪ ਦਾ ਪੰਜਾਬੀ ਰੂਪਾਂਤਰਣ ਹੈ, ਜਿਸਦਾ ਮੁਖ ਭਾਵ ਜੀਵਨ ਸੰਬੰਧੀ ਨੈਤਿਕ ਵਿਵਹਾਰ ਹੈ। ਜਰਮਨ ਧਰਮ-ਸ਼ਾਸਤਰੀ ਪਾਸਤਰ ਫ਼ਰਿਟਜ਼ ਜਾਹਰ (Pastor Fritz Jahr) ਨੇ 1927, 1928 ਅਤੇ 1934 ਵਿੱਚ ਲਿਖੇ ਲੇਖਾਂ ਵਿੱਚ ਇਸ ਸੰਕਲਪ ਨੂੰ ਈਜਾਦ ਕੀਤਾ, ਜੋ ਕਿ ਬਾਅਦ ਵਿੱਚ ਇਕ ਅਨੁਸ਼ਾਸ਼ਨ ਦੇ ਤੌਰ ‘ਤੇ ਸਥਾਪਤ ਹੋਇਆ। ਜੈਵਿਕ-ਨੈਤਿਕਤਾ

ਚਕਿਤਸਕ/ਡਾਕਟਰੀ ਨੈਤਿਕਤਾ ਦੇ ਅਧਿਐਨ ਦਾ ਖੇਤਰ ਹੈ, ਜਿਸ ਵਿੱਚ ਉਹ ਮਨੁੱਖੀ ਸਿਹਤ ਤੋਂ ਲੈ ਕੇ ਜਾਨਵਰਾਂ ਅਤੇ ਵਾਤਾਵਰਣ ਸੰਬੰਧੀ ਨੈਤਿਕਤਾਵਾਂ ਦੇ ਗੁੰਝਲਦਾਰ ਪ੍ਰਸ਼ਨਾਂ ਦੀ ਖੋਜ ਅਤੇ ਉਹਨਾਂ ਦੇ ਹੱਲ ਲਈ ਅਧਿਐਨ ਕਰਦਾ ਹੈ। ਇਸਦਾ ਖੇਤਰ ਅੰਤਰ-ਅਨੁਸ਼ਾਸ਼ਨੀ ਜਾਂ ਬਹੁ-ਅਨੁਸ਼ਾਸ਼ਨੀ ਹੈ। 20ਵੀਂ ਸਦੀ ਦੌਰਾਨ ਵਿਗਿਆਨ ਅਤੇ ਤਕਨਾਲੋਜੀ ਦੇ ਵਿਕਾਸ ਕਰਕੇ ਮਨੁੱਖੀ ਜੀਵਨ ਵਿੱਚ ਜੋ ਤਬਦੀਲੀਆਂ ਆਈਆਂ, ਉਹਨਾਂ ਦੀ ਗਿਣਤੀ, ਸੁਭਾਅ ਅਤੇ ਸਮਰਥਾ ਪਿਛਲੀਆਂ ਸਦੀਆਂ ਵਿੱਚ ਖੋਜ ਕੀਤੀ ਗਈ ਵਿਗਿਆਨ ਅਤੇ ਤਕਨਾਲੋਜੀ ਨਾਲ ਕਿਤੇ ਵਧੇਰੇ ਸ਼ਕਤੀਸ਼ਾਲੀ ਹੈ। ਇਸ ਸਦੀ ਦੌਰਾਨ ਜੀਵ-ਵਿਗਿਆਨ ਦੇ ਖੇਤਰ ਵਿੱਚ ਹੋਈ ਖੋਜ, ਜਿਸ ਵਿੱਚ ਕਲੋਨਿੰਗ (cloning) ਅਤੇ ਜੀਨ ਥੈਰੇਪੀ (gene therapy), ਜਾਨਵਰਾਂ ਤੋਂ ਮਨੁੱਖੀ ਪ੍ਰਤੀਰੋਪਣ (animal organs for human transplantation), ਸਟੈਮ ਸੈਲ (stem cells), ਮਨੁੱਖੀ ਸਰੀਰ ਦੀ ਬਣਤਰ, ਮਨੁਖ ਦੀ ਲੰਬੀ ਉਮਰ, ਮਨੁੱਖੀ ਅੰਗਾਂ ਦੀ ਖਰੀਦੋ-ਪਰੋਖਤ ਆਦਿ ਖੇਤਰ ਸ਼ਾਮਲ ਹਨ, ਨੇ ਮਨੁੱਖੀ ਨੈਤਿਕਤਾ ਸੰਬੰਧੀ ਕਈ ਤਰ੍ਹਾਂ ਦੇ ਪ੍ਰਸ਼ਨ ਪੈਦਾ ਕਰ ਦਿਤੇ ਹਨ। ਧਰਤੀ ਦੇ ਵੱਖ-ਵੱਖਖਿਤਿਆਂ ਵਿੱਚ ਗਤੀਸ਼ੀਲ ਸਭਿਆਚਾਰ ਅਤੇ ਸਥਾਪਤ ਸਭਿਅਤਾਵਾਂ ਨੇ ਆਪਣੇ ਅੰਦਰ ਕਈ ਤਰ੍ਹਾਂ ਦੇ ਆਦਰਸ਼ ਸਥਾਪਤ ਕੀਤੇ ਹੋਏ ਹਨ, ਜਿਨ੍ਹਾਂ ਦਾ ਵਰਤਮਾਨ ਵਿਗਿਆਨਕ ਖੋਜਾਂ ਅਤੇ ਉਹਨਾਂ ਦੁਆਰਾ ਮਨੁੱਖੀ ਜਨ-ਜੀਵਨ ਲਈ ਵਿਕਸਤ ਕੀਤੀਆਂ ਪ੍ਰਣਾਲੀਆਂ ਨਾਲ ਟਕਰਾਅ ਵੀ ਹੈ। ਵਿਗਿਆਨਕ ਖੋਜਾਂ, ਨਿਊਕਲਰ ਤਜ਼ਰਬਿਆਂ, ਵਡੇ ਪੱਧਰ 'ਤੇ ਖੇਤੀ ਅਤੇ ਕਾਸ਼ਤ ਦੌਰਾਨ ਵਰਤੇ ਜਾਣ ਵਾਲੇ ਰਸਾਇਣਾਂ ਅਤੇ ਉਪਕਰਣਾਂ, ਕਾਰਖ਼ਾਨਿਆਂ, ਖਾਧ-ਪਦਾਰਥਾਂ ਦੀਆਂ ਸੰਰਚਨਾ ਵਿੱਚ ਤਬਦੀਲੀਆਂ, ਭਰੂਣ-ਹਤਿਆ, ਬਚਿਆਂ ਦੇ ਜਣਨ, ਹਸਪਤਾਲਾਂ ਆਦਿ ਦੁਆਰਾ ਪੈਦਾ ਕੀਤੇ ਕੂੜੇ ਅਤੇ ਰਹਿੰਦ-ਖੂੰਦ ਕਰਕੇ ਮਨੁੱਖੀ ਜੀਵਨ ਦੀਆਂ ਮੂਲ ਲੋੜਾਂ ਹਵਾ ਅਤੇ ਪਾਣੀ ਗੰਧਲਾ ਗਏ ਹਨ। ਅਜਿਹਾ ਹੋਣ ਨਾਲ ਮਨੁੱਖੀ ਜੀਵਨ ਦੀ ਹੋਂਦ ਅਤੇ ਆਦਰਸ਼ਾਂ ਸੰਬੰਧੀ ਨਵੇਂ ਤਰ੍ਹਾਂ ਦੀਆਂ ਉਲਝਣਾਂ ਅਤੇ ਸਮੱਸਿਆਵਾਂ ਪੈਦਾ ਹੋ ਗਈਆਂ ਹਨ, ਜਿਸ ਵਿੱਚ ਨੈਤਿਕਤਾ ਦਾ ਪ੍ਰਸ਼ਨ ਕੇਂਦਰ ਵਿੱਚ ਆ ਗਿਆ ਹੈ।

### 7.2.3 ਉਦੇਸ਼

ਜੈਵਿਕ-ਨੈਤਿਕਤਾ ਦੇ ਅਨੁਸ਼ਾਸ਼ਨ ਦੇ ਘੇਰੇ ਅੰਤਰਗਤ ਹੇਠ ਲਿਖੇ ਪ੍ਰਮੁੱਖ ਉਦੇਸ਼ ਮੰਨੇ ਜਾ ਸਕਦੇ ਹਨ:

- ਜੈਵਿਕ-ਨੈਤਿਕਤਾ ਦੇ ਅਨੁਸ਼ਾਸ਼ਨ ਦੁਆਰਾ ਮਨੁੱਖੀ ਜੀਵਨ, ਜੀਵ-ਜੰਤੂ ਅਤੇ ਕੁਦਰਤ ਸੰਬੰਧੀ ਨੈਤਿਕਤਾ ਦਾ ਅਧਿਐਨ ਕਰਣਾ।
- ਜੈਵਿਕ-ਨੈਤਿਕਤਾ ਦੁਆਰਾ ਮਨੁੱਖੀ ਜੀਵਨ ਦਾ ਸਿਲਸਲੇਵਾਰ, ਤਰਕਮਈ ਅਤੇ ਵਿਹਾਰਕਤਾ ਦਾ ਅਧਿਐਨ ਪ੍ਰਸਤੁਤ ਕਰਣਾ।
- ਮਨੁੱਖੀ ਹੋਂਦ ਸੰਬੰਧੀ ਆਲੋਚਨਾਵਾਂ, ਵਿਚਾਰਾਂ, ਫ਼ੈਸਲਿਆਂ ਅਤੇ ਬਹਿਸਾਂ ਨੂੰ ਪ੍ਰੀਭਾਸ਼ਤ ਕਰਨਾ।
- ਵੱਖ-ਵੱਖ ਅਨੁਸ਼ਾਸ਼ਨਾਂ ਵਿੱਚ ਮਨੁੱਖੀ ਹੋਂਦ ਸੰਬੰਧੀ ਨੈਤਿਕ ਪ੍ਰਸ਼ਨਾਂ ਨੂੰ ਅੰਤਰ-ਅਨੁਸ਼ਾਸ਼ਨੀ ਵਿਧੀ ਰਾਹੀਂ ਇਕਸੁਰਤਾ ਪ੍ਰਦਾਨ ਕਰਨੀ।
- ਬੀਮਾਰ ਵਿਅਕਤੀ ਦੇ ਜੀਵਨ ਅਤੇ ਮੌਤ ਦੇ ਫ਼ੈਸਲਿਆਂ ਸੰਬੰਧੀ ਨੈਤਿਕ-ਪ੍ਰਸ਼ਨਾਂ ਦਾ ਦਾਰਸ਼ਨਿਕ ਅਧਿਐਨ ਕਰਨਾ।

## 7.3 ਜੈਵਿਕ ਨੈਤਿਕਤਾ ਦੇ ਪ੍ਰਮੁੱਖ ਮੁੱਦੇ

ਦੂਸਰੇ ਵਿਸ਼ਵ ਯੁੱਧ ਤੋਂ ਬਾਅਦ ਮਨੁੱਖੀ ਹਸਤੀ ਦੀ ਹੋਂਦ ਸੰਬੰਧੀ ਪੈਦਾ ਹੋਏ ਪ੍ਰਸ਼ਨ ਅਤੇ ਯੋਰਪ ਅਤੇ ਅਮਰੀਕਾ ਵਿੱਚ ਲਗਾਤਾਰ ਬਦਲ ਰਹੀਆਂ ਮਹੱਤਵਪੂਰਣ ਸਭਿਆਚਾਰਕ ਅਤੇ ਸਮਾਜਿਕ ਤਬਦੀਲੀਆਂ ਨੇ ਜੈਵਿਕ-ਨੈਤਿਕਤਾ ਦੇ ਅਨੁਸ਼ਾਸ਼ਨ ਨੂੰ ਸਥਾਪਤ ਕਰਨ ਵਿੱਚ ਪ੍ਰਮੁੱਖ ਭੂਮਿਕਾ ਨਿਭਾਈ। ਬਝਵੇਂ ਰੂਪ ਵਿੱਚ ਭਾਵੇਂ ਇਹ ਅਨੁਸ਼ਾਸ਼ਨ 1960 ਦੇ ਦਹਾਕੇ ਵਿੱਚ ਸਥਾਪਤ ਹੋਇਆ ਪਰ ਮਨੁੱਖੀ ਜੀਵਨ ਦੇ ਨੈਤਿਕਤਾ ਸੰਬੰਧੀ ਅਧਿਐਨ ਅਤੇ ਮਨੁੱਖੀ ਜੀਵਨ ਅਤੇ ਇਸਦੀ ਹੋਂਦ ਸੰਬੰਧੀ ਮੂਲ ਪ੍ਰਸ਼ਨ ਦੁਨੀਆਂ ਦੇ ਹਰ ਹਿੱਸੇ ਵਿੱਚ ਕਿਸੇ ਵੀ ਖੇਤਰ ਦੀ ਗਿਆਨ ਪਰੰਪਰਾ ਵਿੱਚ ਸ਼ਾਮਲ ਰਹੇ ਹਨ। ਇਸ ਵਿੱਚ ਏਸ਼ੀਆਈ ਦਰਸ਼ਨ-

ਪ੍ਰਣਾਲੀਆਂ, ਯੂਨਾਨੀ ਦਰਸ਼ਨ ਅਤੇ ਅਰਬੀ ਫ਼ਲਸਫ਼ੇ ਨੂੰ ਉਦਾਹਰਣ ਵਜੋਂ ਸਮਝਿਆ ਜਾ ਸਕਦਾ ਹੈ। ਇਹਨਾਂ ਦਹਾਕਿਆਂ ਵਿੱਚ ਵਿਕਸਤ ਹੋਈਆਂ ਵਿਗਿਆਨਕ ਤਕਨੀਕਾਂ ਦੁਆਰਾ ਮਨੁੱਖੀ ਅੰਗਾਂ ਦੇ ਪ੍ਰਤੀਰੋਪਣ, ਗੁਰਦਿਆਂ ਦੀ ਬਦਲੀ, ਬੱਚਿਆਂ ਦੇ ਪ੍ਰਜਣਨ ਅਤੇ ਡਾਕਟਰਾਂ ਦੁਆਰਾ ਵਰਤੀਆਂ ਜਾਂਦੀਆਂ ਵਿਧੀਆਂ ਨੇ ਨੈਤਿਕ-ਸ਼ਾਸਤਰੀਆਂ ਲਈ ਕਈ ਤਰ੍ਹਾਂ ਦੇ ਪ੍ਰਸ਼ਨ ਪੈਦਾ ਕਰ ਦਿਤੇ। ਇਸਦੇ ਨਾਲ ਹੀ ਮਨੁੱਖੀ ਸਿਹਤ ਦੇ ਦਿਨੋ-ਦਿਨ ਵਧਦੇ ਮਹਤਵ ਵਿੱਚ ਵਿਆਹ, ਕਾਮੁਕਤਾ, ਸਮਲਿੰਗੀ ਰਿਸ਼ਤੇ, ਸਮਲਿੰਗੀ ਵਿਆਹ ਆਦਿ ਸੰਬੰਧੀ ਇਸ ਤਰ੍ਹਾਂ ਦੇ ਕਈ ਨੈਤਿਕ ਪ੍ਰਸ਼ਨ ਪੈਦਾ ਹੋ ਗਏ, ਜਿਨ੍ਹਾਂ ਨੂੰ ਸਮਝਣਾ ਜਰੂਰੀ ਹੋ ਗਿਆ। ਇਹਨਾਂ ਤਕਨੀਕਾਂ ਨੂੰ ਵਰਤਣ ਅਤੇ ਦਰਪੇਸ਼ ਨਤੀਜਿਆਂ ਸੰਬੰਧੀ ਵੀ ਕਈ ਤਰ੍ਹਾਂ ਦੀਆਂ ਉਲਝਣਾਂ ਅਤੇ ਸਮੱਸਿਆਵਾਂ ਪੈਦਾ ਹੋ ਗਈਆਂ, ਜਿਨ੍ਹਾਂ ਨਾਲ ਮਨੁੱਖੀ ਨੈਤਿਕ ਕਦਰਾਂ-ਕੀਮਤਾਂ ਦੀ ਪੁਨਰ-ਵਿਆਖਿਆ ਸ਼ੁਰੂ ਹੋ ਗਈ।

ਜੈਵਿਕ-ਨੈਤਿਕਤਾ ਦੇ ਪ੍ਰਮੁੱਖ ਮੁੱਦਿਆਂ ਵਿੱਚ ਮਨੁੱਖੀ ਹੋਂਦ ਦੇ ਦਾਰਸ਼ਨਿਕ ਪਹਿਲੂ ਬਹੁਤ ਮਹੱਤਵਪੂਰਣ ਹਨ, ਜੋ ਇਹ ਸਮਝਣ ਵਿੱਚ ਸਹਾਇਤਾ ਕਰਦੇ ਹਨ ਕਿ ਕਿਸੇ ਬੁਰੀ ਤਰ੍ਹਾਂ ਅਪਾਹਜ, ਰੋਗੀ, ਜ਼ਖ਼ਮੀ ਅਤੇ ਮਾਨਸਿੱਖ ਤੌਰ ‘ਤੇ ਪਾਗ਼ਲ ਹੋ ਚੁਕੇ ਵਿਅਕਤੀ ਨੂੰ ਕਿਸ ਸਮੇਂ ਮ੍ਰਿਤਕ ਮੰਨਿਆ ਜਾਵੇ। ਇਸ ਤੋਂ ਇਲਾਵਾ ਗਰਭਪਾਤ, ਕੋਮਾ ਦੇ ਮਰੀਜ਼ਾਂ, ਅੰਗ-ਦਾਨੀਆਂ ਅਤੇ ਮਨੁੱਖੀ ਟਿਸ਼ੂਆਂ ਦੇ ਤਬਾਦਲੇ ਨਾਲ ਸੰਬੰਧਤ ਨੈਤਿਕਤਾਵਾਂ ਵਿਚਾਰਣਯੋਗ ਮੁੱਦੇ ਸਨ, ਜਿਨ੍ਹਾਂ ਨੂੰ ਜੈਵਿਕ-ਨੈਤਿਕਤਾ ਦੇ ਅਨੁਸ਼ਾਸ਼ਨ ਨਾਲ ਸਮਝਣ ਦੀ ਕੋਸ਼ਿਸ਼ ਕੀਤੀ ਗਈ ਅਤੇ ਲਗਾਤਾਰ ਇਸ ਵਿੱਚ ਵਾਧਾ ਹੋ ਰਿਹਾ ਹੈ।

## 7.4 ਪਰੰਪਰਾਗਤ ਅਤੇ ਸਮਕਾਲੀ ਨੈਤਿਕ ਸਿਧਾਂਤ

ਜੈਵਿਕ-ਨੈਤਿਕਤਾ ਦੇ ਅਨੁਸ਼ਾਸ਼ਨ ਵਿੱਚ ਦਰਪੇਸ਼ ਮੁਦਿਆਂ ਨੂੰ ਸਮਝਣ ਅਤੇ ਵਿਚਾਰਣ ਲਈ ਵੱਖ-ਵੱਖ ਪਰੰਪਰਾਵਾਂ ਅਤੇ ਸਮਕਾਲੀ ਦਰਸ਼ਨ ਚਿ ਬੁਨਿਆਦੀ ਨੁਕਤੇ ਕਿ ਇਹ ਕੀ ਹੈ ਅਤੇ ਵਧੀਆ ਕਿਵੇਂ ਹੈ ਆਦਿ ਨੂੰ ਨਿਯਮਤ ਤੌਰ ‘ਤੇ ਅਧਿਐਨ ਕਰਕੇ ਸਥਾਪਨਾ ਕਰਨੀ ਅਹਿਮ ਅਭਿਆਸ ਹੈ। ਇਸ ਵਿੱਚ *ਉਪਯੋਗਤਾਵਾਦ, ਕਾਂਤਵਾਦ ਅਤੇ ਨਾਰੀਵਾਦ* ਦੇ ਦਾਰਸ਼ਨਿਕ ਵਿਚਾਰਾਂ ਰਾਹੀਂ ਨੈਤਿਕ ਮੁਦਿਆਂ ਨੂੰ ਵਿਚਾਰਣ ਦੀ ਕੋਸ਼ਿਸ਼ ਕੀਤੀ ਜਾਂਦੀ ਹੈ। ਹਾਲਾਂਕਿ ਵੱਖ-ਵੱਖ ਪਹੁੰਚ-ਵਿਧੀਆਂ ਰਾਹੀਂ ਦਾਰਸ਼ਨਿਕ ਪਹਿਲੂਆਂ ਨੂੰ ਸਮਝਣਾ ਅਤੇ ਹਲ ਕਰਣਾ ਮੁਸ਼ਕਿਲ ਕਾਰਜ ਹੈ ਪਰ ਫਿਰ ਵੀ ਕਿਸੇ ਮੁੱਦੇ ਦੀ ਸਮਝ ਲਈ ਵੱਖ-ਵੱਖ ਵਿਚਾਰਾਂ ਦੀ ਬਹਿਸ ਨਾਲ ਕਿਸੇ ਸੰਭਾਵਤ ਹਲ ਵਲ ਤੁਰਿਆ ਜਾ ਸਕਦਾ ਹੈ, ਜਿਸ ਵਿੱਚ ਵਧ ਤੋਂ ਵਧ ਮਨੁੱਖਾਂ ਦੇ ਖੁਸ਼ੀ ਅਤੇ ਤੰਦੁਰਸਤ ਜੀਵਨ ਦੀ ਪਹਿਲ ਹੋਵੇ। ਅਜਿਹਾ ਅਭਿਆਸ ਕਰਨ ਨਾਲ ਵਿਸ਼ਵ-ਨੈਤਿਕਤਾ ਦੀ ਸੰਭਾਵਨਾ ਵੀ ਪ੍ਰਗਟ ਹੁੰਦੀ ਹੈ ਭਾਵੇਂਕਿ ਇਸ ਵਿੱਚ ਵੀ ਬਹੁਤ ਮੁਸ਼ਕਿਲਾਂ ਹਨ। ਕਿਸੇ ਵੀ ਵਿਅਕਤੀ ਦੀ ਖੁਦਮੁਖਤਿਆਰੀ, ਆਤਮ-ਸਨਮਾਨ, ਮਨੁੱਖੀ-ਅਧਿਕਾਰ, ਆਜ਼ਾਦੀ ਆਦਿ ਇਸ ਤਰ੍ਹਾਂ ਦੇ ਨੈਤਿਕ ਪ੍ਰਸ਼ਨ ਹਨ, ਜਿਨ੍ਹਾਂ ਨੂੰ ਕਿਸੇ ਇਕ ਸਾਂਝੇ ਨਿਯਮ ਵਿੱਚ ਬੰਨ੍ਹਣਾ ਮੁਸ਼ਕਿਲ ਕਾਰਜ ਹੈ।

## 7.5 ਧਰਮ ਅਤੇ ਜੈਵਿਕ-ਨੈਤਿਕਤਾ

ਧਰਮ, ਧਾਰਮਿਕ-ਨੈਤਿਕਤਾ, ਨੈਤਿਕਤਾ, ਜੈਵਿਕ-ਨੈਤਿਕਤਾ, ਧਰਮ-ਨਿਰਪਖਤਾ, ਸੈਕੂਲਰਵਾਦ ਆਦਿ ਸੰਕਲਪ ਇਕ-ਦੂਜੇ ਦੀ ਸਮਝ ਲਈ ਜੁੜੇ ਹੋਏ ਹਨ। ਧਰਮ, ਅਧਿਐਨ ਅਤੇ ਗਿਆਨ ਦੇ ਖੇਤਰ ਵਿੱਚ ਇਕ ਅਜਿਹਾ ਅਨੁਸ਼ਾਸ਼ਨ ਹੈ, ਜਿਸਨੇ ਸਦੀਆਂ ਤੋਂ ਮਨੁੱਖੀ ਮਾਨਸਿੱਖਤਾ ਨੂੰ ਕਿਸੇ ਨਾ ਕਿਸੇ ਰੂਪ ਵਿੱਚ ਲਗਾਤਾਰ ਪ੍ਰਭਾਵਤ ਕੀਤਾ ਹੈ। ਕਿਸੇ ਵੀ ਸਭਿਆਚਾਰ, ਪਰੰਪਰਾ, ਸਮੂਹ, ਸਭਿਅਤਾ ਆਦਿ ‘ਤੇ ਇਕ ਮਹੱਤਵਪੂਰਣ ਪ੍ਰਭਾਵ ਧਰਮ-ਪਰੰਪਰਾ ਦਾ ਹੈ ਭਾਵੇਂ ਕਿ ਧਰਮ-ਪਰੰਪਰਾਵਾਂ ਦੇ ਵਿਰੋਧ ਵਿੱਚ ਵੀ ਬਹੁਤ ਕੁਝ ਸਥਾਪਤ ਹੋਇਆ। ਜੈਵਿਕ-ਨੈਤਿਕਤਾ ਦੇ ਸੰਦਰਭ ਵਿੱਚ ਵੀ ਇਸ ਤਰਹਾਂ ਹੀ ਹੋਇਆ ਹੈ ਕਿ ਵਿਗਿਆਨ ਅਤੇ ਤਕਨਾਲੋਜੀ ਦੀਆਂ ਖੋਜਾਂ ਅਤੇ ਵਿਕਸਤ ਕੀਤੀਆਂ ਜਾ ਰਹੀਆਂ ਤਕਨੀਕਾਂ ‘ਤੇ ਮੁੱਢਲੇ ਪ੍ਰਸ਼ਨ ਧਰਮ-

ਸ਼ਾਸਤਰੀਆਂ ਵਲੋਂ ਹੀ ਪੈਦਾ ਕੀਤੇ ਗਏ, ਜੋ ਕਿ ਬਾਅਦ ਵਿੱਚ ਜਿਆਦਾਤਰ ਨੈਤਿਕ-ਸ਼ਾਸਤਰ ਦੇ ਅੰਤਰਗਤ ਵਿਚਾਰੇ ਗਏ।

ਧਰਤੀ ਉਤੇ ਧਰਮ ਦੀਆਂ ਵੱਖ-ਵੱਖ ਪਰੰਪਰਾਵਾਂ ਨੇ ਆਪਣੀ ਸ਼ਰਧਾ ਅਤੇ ਗਿਆਨ ਦੀਆਂ ਸਥਾਪਨਾ ਲਈ ਕਈ ਤਰ੍ਹਾਂ ਦੀਆਂ ਧਾਰਨਾਵਾਂ ਨੂੰ ਸਥਾਪਤ ਕੀਤਾ, ਜਿਨ੍ਹਾਂ ਵਿੱਚੋਂ ਕਈ ਧਾਰਨਾਵਾਂ ਵਿਗਿਆਨ ਅਤੇ ਤਕਨਾਲੋਜੀ ਦੇ ਖੇਤਰਾਂ ਵਿੱਚ ਪ੍ਰਸ਼ਨਮਈ ਹੋ ਗਈਆਂ। ਸੈਕੂਲਰਵਾਦ ਦੇ ਪ੍ਰਸਾਰ ਕਰਕੇ ਵਿਗਿਆਨ ਅਤੇ ਚਤਿਸਾ ਦੇ ਖੇਤਰਾਂ ਨੂੰ ਧਰਮ-ਨਿਰਪਖ ਕਰਨ ਦੀ ਕੋਸ਼ਿਸ਼ ਕੀਤੀ ਗਈ ਅਤੇ ਇਸ ਤਰ੍ਹਾਂ ਦੀਆਂ ਸੰਸਥਾਵਾਂ ਦਾ ਨਿਰਮਾਣ ਕੀਤਾ ਗਿਆ, ਜਿਨ੍ਹਾਂ ਵਿੱਚ ਧਰਮ ਦਾ ਕੋਈ ਦਖ਼ਲ ਨਾ ਹੋਵੇ। ਜੈਵਿਕ-ਨੈਤਿਕਤਾ ਦੇ ਅਨੁਸ਼ਾਸ਼ਨ ਵਿੱਚ ਵੀ ਅਜਿਹਾ ਕੀਤਾ ਗਿਆ ਪਰ ਇਸ ਦੇ ਬਾਵਜੂਦ ਬਹੁਤ ਸਾਰੇ ਵਿਅਕਤੀਆਂ ਨੇ ਇਹ ਮਹਿਸੂਸ ਕੀਤਾ ਕਿ ਨੈਤਿਕਤਾ ਦੇ ਪ੍ਰਸ਼ਨਾਂ ਉਪਰ ਵਿਚਾਰ ਕਰਨ ਲਈ ਧਰਮ-ਪਰੰਪਰਾਵਾਂ ਵਿੱਚੋਂ ਵਿਕਸਤ ਅਤੇ ਸਥਾਪਤ ਹੋਏ ਨੈਤਿਕ-ਗਿਆਨ ਦਾ ਅਨੁਸਰਣ ਵੀ ਜਰੂਰੀ ਹੈ ਕਿਉਂਕਿ ਮਨੁੱਖੀ ਜਨ-ਜੀਵਨ ਦਾ ਇਕ ਵੱਡਾ ਹਿੱਸਾ ਧਾਰਮਿਕ-ਪਰੰਪਰਾਵਾਂ ਨਾਲ ਜੁੜਿਆ ਹੋਇਆ ਹੈ। ਮਨੁੱਖੀ ਮਨ ਅਤੇ ਦੇਹ ਦੀਆਂ ਸ਼ੰਕਾਵਾਂ ਵਿੱਚ ਧਰਮ-ਨੈਤਿਕਤਾ ਦਾ ਇਕ ਮਹੱਤਵਪੂਰਣ ਪ੍ਰਭਾਵ ਹੈ, ਜਿਸ ਕਰਕੇ ਜੈਵਿਕ-ਨੈਤਿਕਤਾ ਦੇ ਅਨੁਸ਼ਾਸ਼ਨ ਦੀ ਧਰਮ ਦੀ ਸਮਝ ਨਾਲ ਸਾਂਝ ਜਰੂਰੀ ਹੈ। ਇਸ ਤਰ੍ਹਾਂ ਦੇ ਦਵੰਧ ਜਾਂ ਮੁਸ਼ਕਿਲਾਂ ਲਗਾਤਾਰ ਇਸ ਅਨੁਸ਼ਾਸ਼ਨ ਨਾਲ ਜੁੜੀਆਂ ਹੋਈਆਂ ਹਨ ਕਿਉਂਕਿ ਜੈਵਿਕ-ਨੈਤਿਕਤਾ ਦੇ ਅਨੁਸ਼ਾਸ਼ਨ ਦੀ ਵਿਸ਼ਵ ਵਿੱਚ ਸਥਾਪਨਾ ਲਈ ਵੱਖ-ਵੱਖ ਧਰਮ-ਪਰੰਪਰਾਵਾਂ ਦੇ ਅਨੁਸਰਣ ਦੀ ਬਹੁਤ ਜਰੂਰਤ ਹੈ।

ਵੱਖ-ਵੱਖ ਧਰਮ ਜਿਵੇਂ ਕਿ ਯਹੂਦੀ, ਇਸਾਈਅਤ, ਇਸਲਾਮ, ਜੈਨਮਤ, ਬੁੱਧਮਤ, ਹਿੰਦੂਮਤ ਅਤੇ ਸਿੱਖ ਧਰਮ ਤੋਂ ਇਲਾਵਾ ਹਜ਼ਾਰਾਂ ਇਸ ਤਰ੍ਹਾਂ ਦੀਆਂ ਪਰੰਪਰਾਵਾਂ ਹਨ, ਜੋ ਕਿ ਆਪਣੇ ਜੀਵਨ-ਵਿਵਹਾਰ ਵਿੱਚ ਖ਼ਾਸ ਕਿਸਮ ਦੇ ਜੀਵਨ ਨੂੰ ਤਰਜੀਹ ਦਿੰਦੀਆਂ ਹਨ ਜਾਂ ਪਹਿਲ ਦਿੰਦੀਆਂ ਹਨ। ਸਾਮੀ ਧਰਮ (ਯਹੂਦੀ, ਇਸਾਈਅਤ ਅਤੇ ਇਸਲਾਮ) ਧਰਮਾਂ ਦੀ ਬਣਤਰ ਸਾਂਝੀ ਹੋਣ ਦੇ ਬਾਵਜੂਦ ਜੀਵਨ ਸੰਬੰਧੀ ਵਿਭਿੰਨ ਦ੍ਰਿਸ਼ਟੀਕੋਣ ਅਤੇ ਅਭਿਆਸ ਹਨ। ਇਸ ਤਰ੍ਹਾਂ ਵੱਖ-ਵੱਖ ਧਰਮਾਂ ਦੇ ਕਿਸੇ ਇਕ ਸਥਾਨ ਉਤੇ ਰਹਿਣ ਦੇ ਬਾਵਜੂਦ ਜੀਵਨ ਜੀਉਣ ਦੇ ਢੰਗਾਂ ਵਿੱਚ ਕਈ ਤਰ੍ਹਾਂ ਦੀਆਂ ਸਮਾਨਤਾਵਾਂ ਅਤੇ ਅਸਮਾਨਤਾਵਾਂ ਵੀ ਹਨ। ਉਦਾਹਰਣ ਵਜੋਂ ਅਰਬ ਦੀਆਂ ਕਈ ਖੇਤਰੀ ਜਾਂ ਇਲਾਕਾਈ ਰਵਾਇਤਾਂ ਦਾ ਪੰਜਾਬ ਵਿੱਚ ਬੈਠਾ ਮੁਸਲਮਾਨ ਵੀ ਅਭਿਆਸ ਕਰਦਾ ਹੈ। ਇਸੇ ਤਰ੍ਹਾਂ ਵੱਖ-ਵੱਖ ਧਰਮ-ਪਰੰਪਰਾਵਾਂ ਦੇ ਲੋਕ ਕਿਸੇ ਹੋਰ ਖੇਤਰਾਂ ਵਿੱਚ ਵਸਣ ਕਰਕੇ ਆਪਣੀਆਂ ਖੇਤਰੀ ਜਾਂ ਇਲਾਕਾਈ ਰਵਾਇਤਾਂ ਨੂੰ ਸੁਰਜੀਤ ਰਖਣ ਦੀ ਲਗਾਤਾਰ ਕੋਸ਼ਿਸ਼ ਕਰਦੇ ਰਹਿੰਦੇ ਹਨ। ਇਸ ਕਰਕੇ ਧਰਮ-ਪਰੰਪਰਾਵਾਂ ਰਾਹੀਂ ਪੈਦਾ ਕੀਤੇ ਨੈਤਿਕ-ਸ਼ਾਸਤਰ, ਦਲੀਲਾਂ ਅਤੇ ਵਿਚਾਰ-ਪਰੰਪਰਾ ਦਾ ਜੈਵਿਕ-ਨੈਤਿਕਤਾ ਨਾਲ ਸਿਧਾ ਸੰਬੰਧ ਹੈ ਤਾਂਕਿ ਜ਼ਿੰਦਗੀ ਅਤੇ ਮੌਤ ਦੇ ਦਰਪੇਸ਼ ਮਸਲਿਆਂ ਨੂੰ ਮਨੁੱਖਤਾ ਦੀ ਭਲਾਈ ਦੇ ਵਧੇਰੇ ਆਦਰਸ਼ਾਂ ਲਈ ਸੇਵਾ ਅਤੇ ਦਿਸ਼ਾ-ਨਿਰਦੇਸ਼ਾਂ ਵਜੋਂ ਵਰਤਿਆ ਜਾ ਸਕੇ।

## 7.6 ਮਨੁੱਖੀ ਅੰਗਾਂ ਦਾ ਵਾਪਾਰੀਕਰਣ

ਜੈਵਿਕ-ਨੈਤਿਕਤਾ ਦੇ ਅਨੁਸ਼ਾਸ਼ਨ ਵਿੱਚ ਇਹ ਇਕ ਮਹੱਤਵਪੂਰਣ ਗੁੰਝਲ ਅਤੇ ਸਮਸਿਆ ਸੀ ਕਿ ਮਨੁੱਖੀ ਅੰਗਾਂ ਦੇ ਵਾਪਾਰੀਕਰਣ ਨੂੰ ਕਿਸ ਤਰ੍ਹਾਂ ਸਮਝਿਆ ਜਾਵੇ ਅਤੇ ਇਸ ਨਾਲ ਜੁੜੇ ਨੈਤਿਕ-ਪ੍ਰਸ਼ਨਾਂ ਦਾ ਹਲ ਕੀ ਹੋਵੇ? 1950 ਤੋਂ ਬਾਅਦ ਮਨੁੱਖੀ ਅੰਗਾਂ ਖਾਸ ਕਰਕੇ ਗੁਰਦਿਆਂ ਦੀ ਅਦਲਾ-ਬਦਲੀ, ਅੱਖਾਂ ਅਤੇ ਮਨੁੱਖੀ ਟਿਸ਼ੂਆਂ ਦੀ ਮੰਗ ਇੰਨੀ ਤੇਜ਼ੀ ਨਾਲ ਵਧ ਗਈ ਕਿ ਸਿਹਤਮੰਦ ਵਿਅਕਤੀਆਂ ਵਲੋਂ ਦਾਨ ਕੀਤੇ ਜਾਣ ਵਾਲੇ ਅੰਗਾਂ ਦਾ ਲੋੜ ਤਕ ਸੀਮਤ ਨਾ ਰਹਿ ਕੇ ਵਾਪਾਰੀਕਰਣ ਸ਼ੁਰੂ ਹੋ ਗਿਆ। ਇਸ ਵਰਤਾਰੇ ਵਿੱਚ ਘੱਟ ਕਮਾਈ ਦੇ ਖੇਤਰਾਂ ਦੇ ਵਿਅਕਤੀਆਂ ਨੂੰ ਅੰਗ-ਦਾਨੀ ਵਜੋਂ ਉਤਸ਼ਾਹਤ ਕਰਣ ਅਤੇ ਉਹਨਾਂ ਦੀ ਮਾਇਕ ਸਹਾਇਤਾ ਜਾਂ ਦੂਸਰੇ ਸ਼ਬਦਾਂ ਵਿੱਚ ਇਹ ਕਿਹਾ ਜਾ ਸਕਦਾ ਹੈ ਕਿ ਅੰਗਾਂ ਦੀ ਕਿਸੇ ਵੀ ਤਰ੍ਹਾਂ ਦੀ ਖਰੀਦੋ-ਪਰੋਖਤ ਦਾ ਸਿਲਸਿਲਾ ਸ਼ੁਰੂ ਹੋ ਗਿਆ। ਇਹ ਵਰਤਾਰਾ ਇਥੋਂ ਤਕ ਹੀ ਸੀਮਤ ਨਹੀਂ ਰਿਹਾ ਬਲਕਿ ਇਸ

ਤੋਂ ਅਗੇ ਕਿਸੇ ਹੋਰ ਬੀਮਾਰੀ ਦੀ ਸਰਜ਼ਰੀ ਜਾਂ ਆਪ੍ਰੇਸ਼ਨ ਵਕਤ ਅੰਗਾਂ ਦੀ ਚੋਰੀ ਸ਼ੁਰੂ ਹੋ ਗਈ। ਅਜਿਹੀਆਂ ਉਦਾਹਰਣਾਂ ਦੇ ਸਾਹਮਣੇ ਆਉਣ ਕਰਕੇ ਡਾਕਟਰੀ ਜਾਂ ਨਰਸਿੰਗ ਨੈਤਿਕਤਾ ਪ੍ਰਸ਼ਨਮਈ ਹੋ ਗਈ ਅਤੇ ਮਨੁੱਖੀ ਹੋਂਦ ਜਾਂ ਜੀਵਨ ਦੇ ਮੂਲ ਉਦੇਸ਼ ਨੂੰ ਮੁੜ ਵਿੱਚ ਾਰਿਆ ਜਾਣ ਲਗ ਪਿਆ। ਮੈਡੀਕਲ ਜਾਂ ਚਕਿਤਸਾ ਦੇ ਇਸ ਲਾਲਚੀ ਵਰਤਾਰੇ ਸੰਬੰਧੀ ਵੱਖ-ਵੱਖ ਦੇਸ਼ਾਂ ਵਿੱਚ  ਕਈ ਤਰ੍ਹਾਂ ਦੇ ਕਾਨੂੰਨ ਸਥਾਪਤ ਕੀਤੇ ਗਏ ਪਰ ਇਹ ਵਰਤਾਰਾ ਘਟਣ ਦੀ ਬਜਾਇ ਵਧੇਰੇ ਹੋ ਰਿਹਾ ਹੈ। ਇਸ ਦੀਆਂ ਹੋਰ ਵਧੇਰੇ ਉਦਾਹਰਣਾਂ ਵਿੱਚੋਂ ਕੋਵਿਡ-19 ਜਾਂ ਕੋਰੋਨਾ ਦੇ ਸਮੇਂ ਦੌਰਾਨ ਮਨੁੱਖੀ ਅਣ-ਵਿਵਹਾਰ ਦੀਆਂ ਕਈ ਘਟਨਾਵਾਂ ਨੂੰ ਦਰਜ਼ ਕੀਤਾ ਜਾ ਸਕਦਾ ਹੈ, ਜਿਸ ਵਿੱਚ  ਮਨੁੱਖੀ ਅੰਗਾਂ ਦੀ ਚੋਰੀ ਤੋਂ ਲੈ ਕੇ ਕਈ ਤਰ੍ਹਾਂ ਦੇ ਅਣ-ਨੈਤਿਕ ਵਰਤਾਰੇ ਸ਼ਾਮਲ ਹਨ। ਸੋਸ਼ਲ-ਮੀਡੀਆ ਉਪਰ ਇਸ ਤਰ੍ਹਾਂ ਦੀਆਂ ਕਈ ਵੀਡੀਓ ਵੇਖੀਆਂ ਜਾ ਸਕਦੀਆਂ ਹਨ, ਜਿਸ ਵਿੱਚ  ਟੀਕਾਕਾਰਣ (vaccine) ਵੇਲੇ ਕੇਵਲ ਟੀਕੇ ਦੀ ਸੂਈ ਲਗਾਈ ਜਾਂਦੀ ਹੈ ਪਰ ਦਵਾਈ ਨਹੀਂ ਭੇਜੀ ਜਾਂਦੀ।

## 7.6 ਸਿੱਖ-ਧਰਮ ਅਤੇ ਜੈਵਿਕ-ਨੈਤਿਕਤਾ

ਸਿੱਖ-ਧਰਮ ਸ਼ਬਦ-ਗੁਰੂ ਰਾਹੀਂ ਧਰਤੀ ਸ਼ਬਦ-ਸਭਿਅਤਾ ਦੀ ਸਥਾਪਨਾ ਕਰਨ ਦਾ ਮਹਾਂ-ਅਨੁਭਵ ਹੈ, ਜਿਸ ਵਿੱਚ  ਮਨੁਖ, ਜੀਵ-ਜੰਤੂ, ਕਣ-ਅਣੂ ਜਾਂ ਇਹ ਕਿਹਾ ਜਾ ਸਕਦਾ ਹੈ ਕਿ ਸਾਰਾ ਬ੍ਰਹਿਮੰਡ ਅਤੇ ਕੁਦਰਤ ਅਕਾਲਪੁਰਖ ਦਾ ਗੁਣ-ਗਾਇਨ ਕਰ ਰਹੀ ਹੈ। ਜੈਵਿਕ-ਨੈਤਿਕਤਾ ਦੇ ਸੰਦਰਭ ਵਿੱਚ  ਸਿੱਖੀ ਦੇ ਮਨੁੱਖੀ ਆਦਰਸ਼, ਦੇਹ ਅਤੇ ਮਨ ਦੇ ਵਰਤਾਰਿਆਂ ਅਤੇ ਅਭਿਆਸ ਨੂੰ ਸਮਝਣਾ ਜਰੂਰੀ ਹੈ। ਨੈਤਿਕਤਾ ਸੰਬੰਧੀ ਸਿੱਖ ਆਦਰਸ਼ ਦਾ ਮੁੱਖ ਸ੍ਰੋਤ ਸ੍ਰੀ ਗੁਰੂ ਗ੍ਰੰਥ ਸਾਹਿਬ ਹੈ ਅਤੇ ਇਸ ਤੋਂ ਇਲਾਵਾ ਦਸਮ ਗ੍ਰੰਥ, ਭਾਈ ਗੁਰਦਾਸ ਜੀ ਦੀਆਂ ਵਾਰਾਂ, ਭਾਈ ਨੰਦ ਲਾਲ ਜੀ ਦੀਆਂ ਕ੍ਰਿਤਾਂ, ਭਾਈ ਮਨੀ ਸਿੰਘ ਜੀ ਦੇ ਕਾਰਜ, ਗੁਰ-ਬਿਲਾਸ, ਮਹਿਮਾ-ਪ੍ਰਕਾਸ਼, ਗੁਰ-ਸਾਖੀਆਂ, ਰਹਿਤਨਾਮੇ ਆਦਿ ਅਜਿਹੇ ਸ੍ਰੋਤ ਹਨ, ਜਿਨ੍ਹਾਂ ਵਿੱਚੋਂ ਸਿੱਖ-ਨੈਤਿਕਤਾ ਦੇ ਸੰਕਲਪ ਨੂੰ ਸਮਝਿਆ ਜਾ ਸਕਦਾ ਹੈ ਅਤੇ ਸਿੱਖ ਇਤਿਹਾਸ ਦਾ ਵਰਤਾਰਾ ਸਿੱਖ-ਨੈਤਿਕਤਾ ਦਾ ਉਹ ਵਿਹਾਰਕ ਪਖ ਹੈ, ਜਿਸ ਦੀ ਛਾਪ ਪੰਜ ਸਦੀਆਂ ਤੋਂ ਲਗਾਤਾਰ ਵੇਖੀ ਜਾ ਸਕਦੀ ਹੈ।

## 7.8ਸਿੱਖ ਸਿਧਾਂਤ ਵਿੱਚ  ਮਨੁਖ

ਸਿੱਖੀ ਸਿਧਾਂਤਾਂ ਵਿੱਚ  ਮਨੁੱਖੀ ਜੀਵਨ ਦਾ ਪ੍ਰਮੁੱਖ ਉਦੇਸ਼ ਅਕਾਲਪੁਰਖ/ਵਾਹਿਗੁਰੂ ਨਾਲ ਮਿਲਾਪ ਹੈ:

ਭਈ ਪਰਾਪਤਿ ਮਾਨੁਖ ਦੇਹੁਰੀਆ॥
ਗੋਬਿੰਦ ਮਿਲਣ ਕੀ ਇਹ ਤੇਰੀ ਬਰੀਆ॥
ਅਵਰਿ ਕਾਜ ਤੇਰੈ ਕਿਤੈ ਨ ਕਾਮ॥
ਮਿਲੁ ਸਾਧਸੰਗਤਿ ਭਜੁ ਕੇਵਲ ਨਾਮ॥ (ਸ੍ਰੀ ਗੁਰੂ ਗ੍ਰੰਥ ਸਾਹਿਬ, 378)

ਇਸ ਕਰਕੇ ਮਨੁੱਖੀ ਦੇਹ ਨੂੰ ਸਿੱਖੀ ਵਿੱਚ  ਕੇਵਲ ਸੰਸਾਰ ਭੋਗਣ ਦੀ ਵਸਤ ਜਾਂ ਪਦਾਰਥ ਨਾ ਮੰਨ ਕੇ ਸਭ ਤੋਂ ਉਤਮ ਕਾਰਜ ਲਈ ਮਹੱਤਵਪੂਰਣ ਮੰਨਿਆ ਗਿਆ ਹੈ। ਮਨੁੱਖੀ ਦੇਹੀ ਨਾ ਅਪਵਿੱਤਰ/ਪਵਿੱਤਰ ਦੇ ਵਰਗਾਂ ਵਿੱਚੋਂ ਬਾਹਰ ਕੱਢ ਕੇ ਪ੍ਰਭੂ/ਪ੍ਰੀਤਮ/ਵਾਹਿਗੁਰੂ ਨੂੰ ਮਿਲਣ ਦਾ ਰਾਹ ਮੰਨਿਆ ਗਿਆ ਹੈ। ਸਿੱਖੀ ਵਿੱਚ ਮਨੁੱਖੀ ਦੇਹ ਵਾਹਿਗੁਰੂ ਦੀ ਬਖ਼ਸ਼ਿਸ਼ ਹੈ ਅਤੇ ਉਸਦਾ ਦਾ ਘਰ ਹੈ:

ਕਾਇਆ ਹਰਿ ਮੰਦਰੁ ਹਰਿ ਆਪਿ ਸਵਾਰੇ॥
ਤਿਸੁ ਵਿਚਿ ਹਰਿ ਜੀਉ ਵਸੈ ਮੁਰਾਰੇ॥ (1060)

ਘਰ ਹੀ ਅੰਦਰਿ ਸਾਚਾ ਸੋਈ॥

ਗੁਰਮੁਖਿ ਵਿਰਲਾ ਬੂਝੈ ਕੋਈ॥ (1060)

ਕਾਇਆ ਮੰਦਰ ਮਨਸਾ ਥੰਭ॥ (344)

ਗੁਰਬਾਣੀ ਨੇ ਮਨੁੱਖੀ ਦੇਹ ਨੂੰ 'ਸਰੋਵਰ' ਕਰਕੇ ਜਾਣਿਆ ਹੈ, ਜੋ ਕਿ ਅਧਿਆਤਮਕ ਉਜਲਤਾ ਦਾ ਪ੍ਰਤੀਕ ਹੈ:

ਏਹੁ ਸਰੀਰੁ ਸਰਵਰੁ ਹੈ ਸੰਤਹੁ ਇਸਨਾਨੁ ਕਰੇ ਲਿਵ ਲਾਈ॥ (910)

ਮਨੁੱਖੀ ਜੀਵਨ ਦਾ ਆਦਰਸ਼ ਅਤੇ ਉਸ ਅਦਰਸ਼ ਦੀ ਪ੍ਰਾਪਤੀ ਵਿੱਚ ਮਨੁੱਖੀ ਦੇਹ ਦਾ ਸਿੱਖ ਨੁਕਤੇ ਤੋਂ ਮਹੱਤਵਪੂਰਣ ਯੋਗਦਾਨ ਹੈ। ਇਸੇ ਕਰਕੇ ਸਿੱਖ ਨੈਤਿਕਤਾ ਦੇ ਸਿਧਾਂਤਾਂ ਵਿੱਚ ਦੇਹ ਅਤੇ ਮਨ ਦੀ ਕਿਰਤ ਸੁੱਚੀ ਹੋਣੀ ਚਾਹੀਦੀ ਹੈ। ਗੁਰਬਾਣੀ ਵਿੱਚ ਮਨੁੱਖੀ ਜੀਵਨ ਦੇ ਆਦਰਸ਼ ਤੋਂ ਲੈ, ਜੀਵ-ਜੰਤੂਆਂ ਅਤੇ ਕੁਦਰਤ ਦੀ ਉਜੀਵਕਾ ਤੋਂ ਲੈ ਕੇ ਬ੍ਰਹਿਮੰਡ ਦੇ ਤਵਾਜ਼ਨ ਜਾਂ ਇਕਸੁਰਤਾ ਲਈ ਵਿਸ਼ੇਸ਼ ਫੁਰਮਾਨ ਹਨ, ਜਿਨ੍ਹਾਂ ਨੂੰ ਸਿੱਖਾਂ ਨੇ ਆਪਣੀ ਜੀਵਨ ਵਿੱਚ ਬਸਰ ਕੀਤਾ ਹੈ।

## 7.9 ਸਿੱਖ-ਵਿਹਾਰਕਤਾ

ਜੈਵਿਕ-ਨੈਤਿਕਤਾ ਦੇ ਸੰਦਰਭ ਵਿੱਚ ਸਿੱਖ-ਨੈਤਿਕਤਾ ਨੂੰ ਪ੍ਰੀਭਾਸ਼ਤ ਕਰਨ ਵਾਲੇ ਮੂਲ ਸੰਕਲਪ ਦਾਨ ਅਤੇ ਸੇਵਾ ਹਨ, ਜਿਨ੍ਹਾਂ ਰਾਹੀਂ 'ਸਰਬਤ ਦਾ ਭਲਾ' ਲੋਚਿਆ ਜਾਂਦਾ ਹੈ। ਸਿੱਖ-ਇਤਿਹਾਸ ਦਾ ਹਰ ਪੰਨਾ ਮਨੁੱਖੀ ਸੇਵਾ ਨਾਲ ਜੜ੍ਹਿਆ ਹੈ, ਜਿਸ ਵਿੱਚ ਮਨੁੱਖਤਾ, ਜੀਵ-ਜੰਤੂ ਅਤੇ ਕੁਦਰਤ ਸ਼ਾਮਲ ਹਨ। ਸਿੱਖ ਗੁਰੂ ਸਾਹਿਬਾਨ, ਸੰਤਾਂ-ਮਹਾਂਪੁਰਖਾਂ ਅਤੇ ਦੁਨੀਆਂ ਵਿੱਚ ਵਸਦੇ ਸਿੱਖਾਂ ਨੇ ਮਨੁੱਖੀ ਜੀਵਨ ਦੀ ਤੰਦਰੁਸਤੀ, ਜੀਵ-ਜੰਤੂਆਂ ਅਤੇ ਕੁਦਰਤ ਦੀ ਇਕਸੁਰਤਾ ਲਈ ਅਨਿਕ ਕਾਰਜ ਕੀਤੇ ਹਨ। ਗੁਰੂ ਸਾਹਿਬਾਨ ਨੇ ਮਨੁੱਖੀ ਜੀਵਨ ਦੀ ਭਰਪੂਰਤਾ ਅਤੇ ਚੁਗਿਰਦੇ ਦੀ ਸਾਂਭ-ਸੰਭਾਲ ਲਈ ਸਿੱਖਾਂ ਨੂੰ ਨੈਤਿਕ ਪੱਧਰ 'ਤੇ ਆਦਰਸ਼ਪੂਰਣ ਬਣਾਇਆ, ਜਿਸ ਕਰਕੇ ਸਿੱਖਾਂ ਨੇ ਆਪਣੇ ਜੀਵਨ ਵਿੱਚ ਇਹਨਾਂ ਗੁਣਾਂ ਦੀ ਸੰਭਾਲ ਕੀਤੀ ਹੈ।

ਮੈਡੀਕਲ-ਨੈਤਿਕਤਾ ਦੇ ਸੰਦਰਭ ਵਿੱਚ ਅਸੀਂ ਉੱਪਰ ਜਾਣਿਆ ਕਿ ਕਿਸ ਤਰ੍ਹਾਂ ਮਨੁੱਖੀ ਜੀਵਨ ਦਾ ਘਾਣ ਕੀਤਾ ਜਾ ਰਿਹਾ ਹੈ, ਜਿਸ ਵਿੱਚ ਅਣਮਨੁੱਖੀ ਤਰੀਕੇ ਨਾਲ ਲੋਕਾਂ ਨੂੰ ਬਿਨਾਂ ਦਸੇ ਉਹਨਾਂ ਦੇ ਅੰਗਾਂ ਨਾਲ ਖਿਲਵਾੜ ਕਤਿਾ ਜਾ ਰਿਹਾ ਹੈ। ਅਮੀਰ ਲੋਕਾਂ ਦੀ ਵਧੇਰੇ ਜ਼ਿੰਦਗੀ ਲਈ ਆਮ ਲੋਕਾਂ ਦੇ ਜੀਵਨ ਨੂੰ ਖਰੀਦਿਆ ਜਾਂਦਾ ਹੈ। ਪਰ ਸਿੱਖ-ਸਿਧਾਂਤਾਂ ਵਿੱਚ ਇਸ ਤਰ੍ਹਾਂ ਦੇ ਵਰਤਾਰੇ ਨੂੰ "ਪਾਪ" ਮੰਨਿਆ ਗਿਆ ਹੈ। ਸਿੱਖੀ ਦੇ ਆਰੰਭ ਤੋਂ ਲੈ ਕੇ ਮਨੁੱਖਤਾ ਦੀ ਸੇਵਾ ਲਈ ਸਿੱਖਾਂ ਨੇ ਵੱਖ-ਵੱਖ ਵਿਧੀਆਂ ਰਾਹੀਂ ਅਰੋਗੀ ਮਨੁੱਖਾਂ ਦੀ ਸਹਾਇਤਾ ਕੀਤੀ ਹੈ। ਵਰਤਮਾਨ ਸਮੇਂ ਵਿੱਚ ਸਿੱਖਾਂ ਦੁਆਰਾ ਖੋਲ੍ਹੇ ਗਏ ਹਸਪਤਾਲ ਅਤੇ ਵੱਖ-ਵੱਖ ਹਸਪਤਾਲਾਂ ਵਿੱਚ ਪਾਏ ਯੋਗਦਾਨ ਨੂੰ ਅੱਜ ਵਿਸ਼ਵ ਪੱਧਰ 'ਤੇ ਜਾਣਿਆ ਗਿਆ ਹੈ।

ਸਿੱਖਾਂ ਵਿੱਚ ਅੰਗ ਦਾਨ, ਨੇਤਰ ਦਾਨ, ਖ਼ੂਨ ਦਾਨ ਅਤੇ ਇਸ ਤਰ੍ਹਾਂ ਮਨੁੱਖੀ ਸਿਹਤ ਨਾਲ ਜੁੜੀਆਂ ਲੋੜਾਂ ਸੇਵਾ ਦੇ ਨੁਕਤੇ ਤੋਂ ਹਨ ਨਾ ਕਿ ਵਾਪਾਰ ਦੇ। ਉਦਾਹਰਣ ਵਜੋਂ ਕੋਵਿਡ-19 ਦੌਰਾਨ ਜਦੋਂ ਪੂਰੇ ਭਾਰਤ ਵਿੱਚੋਂ ਆਕਸੀਜਨ ਗੈਸ ਦੀ ਤੰਗੀ ਆ ਗਈ ਤਾਂ 350 ਰੁਪਏ ਵਿੱਚ ਮਿਲਣ ਵਾਲੇ ਆਕਸੀਜਨ ਸਿਲੰਡਰ ਦੀ ਮਾਰਕੀਟ ਵਿੱਚ ਕੀਮਤ ਕਈ ਹਜ਼ਾਰਾਂ ਵਿੱਚ ਹੋ ਗਈ, ਜਿਸ ਕਰਕੇ ਭਾਰਤ ਦੇ ਕਈ ਹਿਸਿਆਂ ਵਿੱਚ ਮੌਤਾਂ ਹੋਣੀਆਂ ਸ਼ੁਰੂ ਹੋ ਗਈਆਂ। ਪਰ ਸਿੱਖਾਂ ਨੇ ਆਪਣੇ ਨੈਤਿਕ ਅਤੇ ਸੇਵਾਮਈ ਗੁਣਾਂ ਕਰਕੇ ਗੁਰਦਵਾਰਿਆਂ ਵਿੱਚ ਆਕਸੀਜਨ ਗੈਸ ਦੇ ਮੁਫ਼ਤ ਵਿੱਚ ਲੰਗਰ ਲਾਏ, ਜਿਥੇ ਬਿਨਾਂ ਕਿਸੇ ਕੀਮਤ, ਜਾਤ-ਪਾਤ, ਊਚ-ਨੀਚ, ਭੇਦ-ਭਾਵ ਦੇ ਸਭ ਨੂੰ ਆਕਸੀਜਨ ਗੈਸ ਪ੍ਰਦਾਨ ਕੀਤੀ।

ਸਿੱਖਾਂ ਵਿੱਚ ਇਹ ਅਧਿਐਨ ਕਰਨ ਤੋਂ ਪਤਾ ਚਲਦਾ ਹੈ ਕਿ ਅੰਗਾਂ ਦਾ ਦਾਨ ਸੇਵਾ ਅਤੇ ਭਰਾਤਰੀ-ਭਾਵ ਵਿੱਚੋਂ ਕਤਿਾ ਜਾਂਦਾ ਹੈ। ਪੰਜਾਬ ਵਿੱਚ ਇਸ ਤਰ੍ਹਾਂ ਦੀਆਂ ਅਨੇਕ ਉਦਹਾਰਣਾਂ ਲਗਪਗ ਹਰ ਇਕ ਖੇਤਰ ਵਿੱਚ ਮਿਲ ਜਾਣਗੀਆਂ ਕਿ ਵਿਅਕਤੀ ਨੇ ਆਪਣਾ ਗੁਰਦਾ ਕਿਸੇ ਨੂੰ ਦਾਨ ਕੀਤਾ ਹੋਇਆ ਹੈ। ਇਸ ਵਿੱਚ ਇਕ ਇਹ ਵੀ ਮਹੱਤਵਪੂਰਣ ਤਾਂ ਹੈ ਕਿ ਇਸ ਦਾਨ ਵਿੱਚ ਔਰਤਾਂ ਦਾ ਯੋਗਦਾਨ ਵਧੇਰੇ ਹੈ।

## 7.10 ਸਾਰ

- ਜੈਵਿਕ-ਨੈਤਿਕਤਾ ਮਨੁੱਖੀ ਜੀਵਨ, ਜੀਵ-ਜੰਤੂ, ਪਸ਼ੂ-ਪੰਛੀਆਂ ਅਤੇ ਕੁਦਰਤੀ ਵਾਤਾਵਰਣ ਦੀ ਸਿਹਤਯਾਬੀ ਅਤੇ ਤੰਦਰੁਸਤੀ ਨਾਲ ਜੁੜੇ ਨੈਤਿਕ ਪ੍ਰਸ਼ਨਾਂ ਨਾਲ ਸੰਬੰਧਤ ਹੈ।
- ਜੈਵਿਕ-ਨੈਤਿਕਤਾ ਵਿਗਿਆਨ ਅਤੇ ਤਕਨਾਲੋਜੀ ਦੁਆਰਾ ਮਨੁੱਖਤਾ ਲਈ ਵਿਕਸਤ ਕੀਤੀਆਂ ਵਿਧੀਆਂ ਅਤੇ ਸਹੂਲਤਾਂ ਦੇ ਸੰਦਰਭ ਵਿੱਚ ਨੈਤਿਕ-ਕੀਮਤਾਂ ਨੂੰ ਅਧਿਐਨ ਅਤੇ ਸਥਾਪਤ ਕਰਨ ਦਾ ਅਨੁਸ਼ਾਸ਼ਨ ਹੈ।
- ਜੈਵਿਕ-ਨੈਤਿਕਤਾ ਦਾ ਧਰਮ ਨਾਲ ਵਿਸ਼ੇਸ਼ ਸੰਬੰਧ ਹੈ। ਵੱਖ-ਵੱਖ ਧਰਮਾਂ ਦੀਆਂ ਨੈਤਿਕ-ਕੀਮਤਾਂ ਤੋਂ ਬਿਨਾਂ ਜੈਵਿਕ-ਨੈਤਿਕਤਾ ਦਾ ਅਨੁਸ਼ਾਸ਼ਨ ਠੀਕ ਦਿਸ਼ਾ ਵਿੱਚ ਕਾਰਜ ਨਹੀਂ ਕਰ ਸਕਦਾ।
- ਸਿੱਖ-ਧਰਮ ਦੀਆਂ ਨੈਤਿਕ-ਕੀਮਤਾਂ ਜੈਵਿਕ-ਨੈਤਿਕਤਾ ਦੇ ਅਨੁਸ਼ਾਸ਼ਨ ਦੀ ਬਿਹਤਰੀ ਅਤੇ ਵਧੇਰੇ ਕਾਰਜ-ਕੁਸ਼ਲਤਾ ਵਿੱਚ ਮਹੱਤਵਪੂਰਣ ਯੋਗਦਾਨ ਪਾ ਸਕਦੀਆਂ ਹਨ ਕਿਉਂਕਿ ਸਿੱਖ-ਧਰਮ ਆਪਣੇ ਸਿਧਾਂਤਕ ਗੁਣਾਂ ਨੂੰ ਵਿਹਾਰਕਤਾ ਅਤੇ ਅਮਲ ਵਿੱਚ ਵਧੇਰੇ ਕਾਰਜਸ਼ੀਲ ਹੈ।

## 7.11 ਵਿਸਤਾਰ ਵਿੱਚ ਪੜ੍ਹਣਯੋਗ ਪੁਸਤਕਾਂ


- Boylan, M. (2013). *Medical Ethics*, MA and Oxford: Wiley-Blackwell.
- Overall, C. (1987). *Ethics and Human Reproduction: A Feminist Analysis*. Boston: Allen & Unwin.
- Avtar Singh (1991). *Ethics Of The Sikh*, Patiala: Punjabi University.
- Wazir Singh (1977). *Humanism of Guru Nanak: A Philosophical Inquiry*, Delhi: Ess Ess Publications.
- Nripinder Singh (1990). *The Sikh Moral Tradition.* New Delhi: Ramesh Jain Manohar.
- *Encyclopedia of Bioethics* (2004). Stephen Garrard Post (ed.). USA: Macmillan Reference.


## 7.12 ਅਭਿਆਸ ਲਈ ਪ੍ਰਸ਼ਨ

ਪ੍ਰਸ਼ਨ 1. ਜੈਵਿਕ-ਨੈਤਿਕਤਾ ਤੋਂ ਤੁਸੀਂ ਕੀ ਸਮਝਦੇ ਹੋ?

ਪ੍ਰਸ਼ਨ 2. ਜੈਵਿਕ-ਨੈਤਿਕਤਾ ਦੇ ਉਦੇਸ਼ਾਂ ਕੀ ਹਨ?

ਪ੍ਰਸ਼ਨ 3. ਜੈਵਿਕ-ਨੈਤਿਕਤਾ ਅਤੇ ਧਰਮ ਦੇ ਆਪਸੀ ਸੰਬੰਧਾਂ ਬਾਰੇ ਲਿਖੋ।

ਪ੍ਰਸ਼ਨ 4. ਸਿੱਖੀ-ਸਿਧਾਂਤਾਂ ਵਿੱਚ ਜੈਵਿਕ-ਨੈਤਿਕਤਾ ਸੰਬੰਧੀ ਪ੍ਰਮੁੱਖ ਨੁਕਤੇ ਕੀ ਹਨ?

# PROGRAMME: CERTIFICATE COURSE ON VALUE AND LEARNING OF SIKHISM

**COURSE: EQUALITY AND WELFARE**

**SEMESTER-I**

**UNIT VIII - BIOETHICS: RIGHT TO DIE**

**STRUCTURE**

8.0 ਉਦੇਸ਼

8.1 ਜਾਣ-ਪਛਾਣ

8.2 ਮਰਨ ਦਾ ਅਧਿਕਾਰ

8.3 ਜੈਵਿਕ-ਨੈਤਿਕਤਾ ਅਤੇ ਜੈਵਿਕ-ਸੱਤਾ ਦਾ ਸੰਬੰਧ

8.4 ਮਰਨ ਦਾ ਅਧਿਕਾਰ ਅਤੇ ਧਰਮ

8.5 ਸਿੱਖ-ਸਿਧਾਂਤ

8.5.1 ਮੌਤ ਦਾ ਸਿਧਾਂਤ

8.6 ਸਿੱਖ-ਵਿਵਹਾਰਕਤਾ

8.7 ਸਾਰ

8.8 ਵਿਸਤਾਰ ਵਿਚ ਪੜ੍ਹਨਯੋਗ ਪੁਸਤਕਾਂ

8.9 ਅਭਿਆਸ ਲਈ ਪ੍ਰਸ਼ਨ

## 8.0 ਉਦੇਸ਼

- ਮਰਨ ਦੇ ਅਧਿਕਾਰ ਨੂੰ ਸਮਝਣਾ।
- ਜੀਵ-ਨੈਤਿਕਤਾ ਅਤੇ ਮਰਨ ਦਾ ਅਧਿਕਾਰ ਦਾ ਸੰਬੰਧ ਜਾਣਨਾ।
- ਸਿੱਖ-ਧਰਮ ਵਿਚ ਮਰਨ ਦੇ ਅਧਿਕਾਰ ਸੰਬੰਧੀ ਧਾਰਨਾ ਨੂੰ ਸਮਝਣਾ।

## 8.1 ਜਾਣ-ਪਛਾਣ

ਮਰਨ ਦਾ ਅਧਿਕਾਰ ਵਰਤਮਾਨ ਸਮਾਜ ਦੀਆਂ ਕਈ ਸਮਸਿਆਵਾਂ ਵਿਚੋਂ ਇਕ ਹੈ, ਜਿਸ ਨਾਲ ਮਨੁੱਖੀ ਨੈਤਕਿਤਾ, ਧਰਮ, ਵਿਅਕਤੀਗਤ ਆਜ਼ਾਦੀ, ਸਮਾਜਕ-ਪ੍ਰਬੰਧ, ਖੇਤਰੀ-ਵਿਸ਼ਵਾਸ਼, ਰਾਸ਼ਟਰੀ ਅਤੇ ਅੰਤਰ-ਰਾਸ਼ਟਰੀ ਕਾਨੂੰਨ ਆਦਿ ਜੁੜੇ ਹੋਏ ਹਨ। ਮੌਤ, ਮਨੁੱਖੀ ਹੋਂਦ ਨੂੰ ਬੁਨਿਆਦੀ ਤੌਰ 'ਤੇ ਨਿਸ਼ਚਤ ਕਰਨ ਲਈ ਇਕ ਮਹੱਤਵਪੂਰਣ ਵਰਤਾਰਾ ਹੈ। ਮੌਤ ਦਾ ਸੰਕਲਪ, ਸਿਧਾਂਤ ਅਤੇ ਵਰਤਾਰਾ ਮਨੁੱਖਤਾ ਨਾਲ ਜੁੜੇ ਬੁਨਿਆਦੀ ਆਧਾਰਾਂ ਵਿਚੋਂ ਹੈ, ਜਿਸਦੀ ਚੇਤਨਾ ਨਾਲ ਜੀਵਨ-ਪ੍ਰਸੰਗ ਬਦਲ ਜਾਂਦਾ ਹੈ। ਮੌਤ, ਜ਼ਿੰਦਗੀ ਦੇ ਅਭਿਆਸ ਵਿਚ ਇਕ ਪ੍ਰਭਾਵਸ਼ਾਲੀ ਤੱਤ ਹੈ, ਜਿਸਦੀ ਹੋਂਦ ਦਾ ਖਿਆਲ ਚੇਤਨਾ ਵਿਚ ਆਉਣ ਸਾਰ ਹੀ ਉਸਦਾ ਵਰਤਮਾਨ 'ਤੇ ਅਸਰ ਦਿਖਾਈ ਦਿੰਦਾ ਹੈ ਅਤੇ ਜਿਸ ਅਨੁਸਾਰ ਭਵਿਖ ਪ੍ਰਤੀ ਅੰਦਾਜ਼ੇ ਜਾਂ ਵਿਚਾਰ ਬਦਲ ਜਾਂਦੇ ਹਨ। ਆਧੁਨਿਕ ਯੁੱਗ ਵਿੱਚ ਵਿਗਿਆਨ ਅਤੇ ਤਕਨਾਲੋਜੀ ਦੀ ਤਰੱਕੀ ਨਾਲ ਇਕ ਪਾਸੇ ਮਨੁੱਖੀ ਬੀਮਾਰੀਆਂ ਅਤੇ ਹਾਦਸਾਮਈ ਸੱਟਾਂ ਨੂੰ ਠੀਕ ਕਰਨ ਅਤੇ ਮਨੁੱਖੀ ਉਮਰ ਨੂੰ ਵਧੇਰੇ ਕਰਨ ਲਈ ਸਹੂਲਤਾਂ ਪੈਦਾ ਕੀਤੀਆਂ ਹਨ, ਉਥੇ ਮਨੁੱਖ ਨੂੰ ਤਰੁੰਤ, ਜਲਦੀ ਅਤੇ ਬਿਨਾਂ-ਦਰਦ ਦੇ ਮਰਨ ਲਈ ਵੀ ਰਾਹ ਤਿਆਰ ਕੀਤੇ ਹਨ। ਮਨੁੱਖੀ ਨੈਤਿਕਤਾ ਦੇ ਸੰਦਰਭ ਵਿਚ ਅਤੇ ਧਰਮਾਂ ਦੇ ਵੱਖ-ਵੱਖ ਅਨੁਭਵਾਂ ਦੇ ਪ੍ਰਸੰਗ ਵਿਚ ਇਹ ਵਿਚਾਰ ਜਾਂ ਪ੍ਰਸ਼ਨ ਮਹਤਵਪੂਰਨ ਹਨ ਕਿ ਕੀ ਮਰਨ ਦਾ ਅਧਿਕਾਰ ਦਿਤਾ ਜਾ ਸਕਦਾ ਹੈ, ਕੀ ਇਸ ਤਰ੍ਹਾਂ ਦੀ ਮੌਤ ਨੈਤਿਕਮਈ ਹੈ? ਆਦਿ। ਪਰ ਮਰਨ ਦੇ ਇਸ ਅਧਿਕਾਰ ਨੂੰ ਦੁਨੀਆਂ ਦੇ ਵੱਖ-ਵੱਖ ਦੇਸ਼ਾਂ ਨੇ ਵੱਖ-ਵੱਖ ਕਾਨੂੰਨਾਂ ਦੇ ਅੰਤਰਗਤ ਖਾਸ ਹਾਲਾਤ ਵਿੱਚ ਇਹ ਅਧਿਕਾਰ ਦਿਤੇ ਹੋਏ ਹਨ।

## 8.2 ਮਰਨ ਦਾ ਅਧਿਕਾਰ

ਮਰਨ ਦਾ ਅਧਿਕਾਰ ਪ੍ਰਮੁਖ ਰੂਪ ਵਿਚ ਇਸ ਤਥ ਨਾਲ ਸੰਬੰਧਤ ਹੈ ਕਿ ਅਸਹਿ ਪੀੜ, ਨਾ ਠੀਕ ਹੋਣ ਵਾਲੀ ਬੀਮਾਰੀ ਅਤੇ ਕਿਸੇ ਮਨੁੱਖ ਦੁਆਰਾ ਜ਼ਿੰਦਗੀ ਪ੍ਰਤੀ ਉਪਰਾਮਤਾ ਜਾ ਨਾ ਜੀਣ ਦੀ ਇਛਾ ਦੇ ਸੰਦਰਭ ਵਿਚ ਉਸਨੂੰ (Euthanasia) ਰਾਹੀਂ ਅਤੇ ਅਤਿ-ਵਿਕਤਸ ਦਵਾਈਆਂ ਅਤੇ ਤਕਨੀਕਾਂ ਰਾਹੀਂ (ਜਿਸ ਵਿਚ ਕਿਸੇ ਤਰ੍ਹਾਂ ਦੀ ਪੀੜ ਜਾਂ ਦਰਦ ਨਾ ਹੋਵੇ) ਦੇ ਕੇ ਮਰਨ ਲਈ ਸਹਾਇਤਾ ਕੀਤੀ ਜਾਵੇ। ਇਸ ਨੂੰ ਆਤਮਹਤਿਆ ਲਈ ਸਹਾਇਤਾ ਵੀ ਕਿਹਾ ਜਾਂਦਾ ਹੈ। ਇਸ ਵਿਚਾਰ ਦੀ ਸਥਾਪਨਾ ਅਤੇ ਲਗਾਤਾਰ ਪੱਛਮੀ ਦੇਸ਼ਾਂ ਵਿਚ ਕੀਤੀ ਪ੍ਰੋੜਤਾ ਕਰਕੇ ਇਕ ਦਿਸ਼ਾ ਤੋਂ ਇਹ ਵਰਤਾਰਾ ਕਿਸੇ ਦੁੱਖ ਤੋਂ ਨਿਜ਼ਾਤ ਲਈ ਠੀਕ ਵੀ ਲੱਗਦਾ ਹੈ ਪਰ ਇਸ ਦੇ ਨਾਲ ਕਈ ਅਜਿਹੇ ਪ੍ਰਸ਼ਨ ਖੜ੍ਹੇ ਹੋ ਜਾਂਦੇ ਹਨ, ਜਿਨ੍ਹਾਂ ਦੇ ਉੱਤਰ ਅਜੇ ਉਪਲਬਧ ਨਹੀਂ, ਜਿਸ ਕਰਕੇ ਇਸ ਵਿਚਾਰ ਸੰਬੰਧੀ ਲਗਾਤਾਰ ਲੰਬੇ ਸਮੇਂ ਤੋਂ ਚਰਚਾ ਚੱਲ ਰਹੀ ਹੈ। ਇਸ ਵਿਚਾਰ ਸੰਬੰਧੀ ਚਰਚਾ ਵੱਖ-ਵੱਖ ਖੇਤਰਾਂ, ਸਮਾਜਾਂ, ਦੇਸ਼ਾਂ ਵਿਚ ਕਈ ਨੁਕਤਿਆਂ ਤੋਂ ਪ੍ਰਚੱਲਿਤ ਹੈ। ਇਸ ਸੰਬੰਧੀ ਪੈਦਾ ਹੋਏ ਪ੍ਰਸ਼ਨਾਂ ਦਾ ਮੁੱਖ ਆਧਾਰ ਇਹ ਹੈ ਕਿ ਜੇਕਰ ਅਸੀਂ ਜੀਵਨ ਦੇ ਨਹੀਂ ਸਕਦੇ ਤਾਂ ਸਾਨੂੰ ਜੀਵਨ ਲੈਣ ਦਾ ਅਧਿਕਾਰ ਨਹੀਂ ਹੈ। ਅਣਚਾਹੀ ਜ਼ਿੰਦਗੀ ਇਕ ਖਿੰਡਾਅ ਵਾਲੀ ਇਛਾ ਹੈ, ਜਿਸ ਰਾਹੀਂ ਇਕ ਮਨੁੱਖ ਆਪਣੇ ਆਪ ਵਿਚ ਇਹ ਫ਼ੈਸਲਾ ਲੈਂਦਾ ਹੈ ਕਿ ਉਸਦੀ ਜ਼ਿੰਦਗੀ ਵਿਚ ਕੋਈ ਰੌਚਿਕਤਾ ਨਹੀਂ ਹੈ। ਮਨੁੱਖ ਲੰਬੇ ਸਮੇਂ ਤੋਂ ਆਪਣੀਆਂ ਮਾਨਸਿੱਖ ਅਤੇ ਕਈ ਤਰ੍ਹਾਂ ਦੀਆਂ ਮੁਸ਼ਕਿਲਾਂ ਕਰਕੇ ਆਤਮ-ਹਤਿਆਵਾਂ ਕਰਦੇ ਆਏ ਹਨ ਅਤੇ ਅੱਜ ਵੀ ਕਰ ਰਹੇ ਹਨ। ਇਹਨਾਂ ਆਤਮ-ਹਤਿਆਵਾਂ ਨੂੰ ਕਾਨੂੰਨੀ ਮਾਨਤਾ ਦੇਣਾ ਜਾਂ ਸਮਾਜਕ ਤੌਰ ਤੇ ਸਵੀਕਾਰ ਕਰ ਲੈਣਾ ਸਹਿਜ ਨਹੀਂ ਹੈ। ਸਮਾਜ ਦੀ ਸੰਤੁਲਤਾ ਅਤੇ ਮਨੁੱਖ ਦੀ ਹਸਤੀ ਦੇ ਭਵਿੱਖ ਲਈ ਜਰੂਰੀ ਹੈ ਕਿ ਆਤਮਹੱਤਿਆ ਲਈ ਬਣ ਰਹੇ ਕਾਰਣਾਂ ਅਤੇ ਸਮੱਸਿਆਵਾਂ ਨੂੰ ਹਲ ਕਤਿਾ ਜਾਵੇ ਕਿਉਂਕਿ ਕਿਸੇ ਵੀ ਤਰ੍ਹਾਂ ਆਤਮ-ਹੱਤਿਆ ਸਮਾਜਕ ਅਤੇ ਨੈਤਿਕ ਆਦਰਸ਼ ਨਹੀਂ ਮੰਨਿਆ ਗਿਆ।

ਪਰ ਇਹਨਾਂ ਪ੍ਰਸ਼ਨਾਂ ਦੇ ਬਾਵਜੂਦ ਦੁਨੀਆਂ ਦੇ ਵੱਖ-ਵੱਖ ਦੇਸ਼ਾਂ ਵਿਚ 'ਮਰਨ ਦੇ ਅਧਿਕਾਰ' ਸੰਬੰਧੀ ਕਾਨੂੰਨ ਬਚੇ ਹਨ, ਜਿਨ੍ਹਾਂ ਨੂੰ ਖਾਸ ਸਮੇਂ ਵਿਚ ਲਾਗੂ ਕਰਨ ਦੀ ਪ੍ਰਵਾਨਗੀ ਹੈ। 'ਮਰਨ ਦੇ ਅਧਿਕਾਰ' ਨੂੰ 'ਜ਼ਿੰਦਗੀ ਜੀਣ ਦੇ ਅਧਿਕਾਰ' ਦੇ ਅੰਤਰਗਤ 'ਸਨਮਾਨ ਨਾਲ ਮਰਨ ਦੇ ਅਧਿਕਾਰ' ਨਾਲ ਜੋੜਿਆ ਗਿਆ ਹੈ। ਪਛਮੀ ਦੇਸ਼ਾਂ ਵਿਚ ਇਸ ਅਧਿਕਾਰ ਦੀ ਵਰਤੋਂ ਕਈ ਨੁਕਤਿਆਂ ਤੋਂ ਕੀਤੀ ਗਈ ਪਰ ਏਸ਼ੀਆਈ ਦੇਸ਼ਾਂ ਵਿਚ ਇਹ ਕਾਨੂੰਨ ਅਜੇ ਤੱਕ ਕਾਨੂੰਨ ਤੱਕ ਹੀ ਸੁੱਰਿਖਤ ਹਨ, ਇਹਨਾਂ ਦੀ ਵਰਤੋਂ ਸੰਬੰਧੀ ਅਜੇ ਤੱਕ ਕਈ ਮੁਸ਼ਕਿਲਾਂ ਦਰਪੇਸ਼ ਹਨ।

## 8.3 ਜੈਵਿਕ-ਨੈਤਿਕਤਾ ਅਤੇ ਜੈਵਿਕ-ਸੱਤਾ ਦਾ ਸੰਬੰਧ

'ਮਰਨ ਦੇ ਅਧਿਕਾਰ' ਨੂੰ ਭਾਵੇਂ ਕਈ ਦੇਸ਼ਾਂ ਵਿਚ ਕਾਨੂੰਨੀ ਮਾਨਤਾ ਮਿਲੀ ਹੋਈ ਹੈ ਪਰ ਦਾਰਸ਼ਨਿਕ ਅਤੇ ਚਿੰਤਕ ਇਸ ਵਿਸ਼ੇ ਨੂੰ ਦੀਆਂ ਬਹੁਤ ਗੰਭੀਰ ਪਰਤਾਂ ਨੂੰ ਵੀ ਫਰੋਲਦੇ ਹਨ। ਜੈਵਿਕ-ਨੈਤਿਕਤਾ ਦੀ ਸਮਝ ਲਈ ਇਕ ਮਹਤਵਪੂਰਨ ਸੰਕਲਪ ਜੈਵਿਕ-ਸਤਾ ਹੈ, ਜੋ ਕਿ ਫਰਾਂਸੀਸੀ ਚਿੰਤਕ ਮਿਸ਼ੇਲ ਫੂਕੋ ਰਾਹੀਂ ਪ੍ਰੀਭਾਸ਼ਤ ਅਤੇ ਸਥਾਪਤ ਕੀਤਾ ਗਿਆ ਹੈ। ਜੈਵਿਕ-ਰਾਜਨੀਤੀ ਦਾ ਸੰਕਲਪ ਰਾਜਨੀਤੀ ਅਤੇ ਸ਼ਾਸ਼ਨ-ਕਲਾ ਦੀ ਨਵੀ ਜੁਗਤ ਹੈ। ਇਹ ਵਰਤਾਰਾ 'right to take life or let live' ਤੋਂ ਬਦਲ ਕੇ ਇਸ ਤਰ੍ਹਾਂ ਦੇ ਸਮਾਜ ਦੀ ਸਿਰਜਨਾ ਹੈ, ਜਿਸ ਵਿਚ ਵਿਅਕਤੀ ਅਨੁਸ਼ਾਸ਼ਤ ਹੁੰਦਾ ਹੋਇਆ ਉਪਜਾਊ ਰਹਿੰਦਾ ਹੈ ਭਾਵ ਰਾਜਨੀਤੀ ਨੇ ਇਸ ਤਰ੍ਹਾਂ ਦਾ ਵਰਤਾਰਾ ਸਥਾਪਤ ਕਰ ਦਿਤਾ ਹੈ ਵਿਅਕਤੀ ਰਾਜਸਤਾ ਦੇ ਹੁਕਮ ਵਿਚ ਵੀ ਰਹਿੰਦਾ ਹੈ ਅਤੇ ਉਸਦੇ ਜੀਵਨ ਦੀ ਹੋਂਦ ਰਾਜਨੀਤੀ ਲਈ ਉਪਯੋਗੀ ਰਹਿੰਦੀ ਹੈ। ਸੱਤਾ ਦੇ ਇਸ ਨਵੇਂ ਪਰਿਪੇਖ ਅਨੁਸਾਰ ਸੱਤਾ ਵਿਅਕਤੀਗਤ ਜੀਵਨ ਦੀ ਪਾਲਣਾ ਕਰਦੀ ਹੈ ਅਤੇ ਮੌਤ-ਬਿੰਦੂ ਨੂੰ ਨਕਾਰਦੀ ਹੈ। ਇਸ ਵਰਤਾਰੇ ਨੂੰ ਕਿਵੇਂ ਸਮਝਿਆ ਜਾਵੇ, ਇਹ ਇਕ ਗੰਭੀਰ ਪ੍ਰਸ਼ਨ ਹੈ। ਇਸ ਵਰਤਾਰੇ ਵਿਚ ਦੇਹ ਨੂੰ ਇਸ ਤਰ੍ਹਾਂ ਸਿੱਧਾ ਲਿਆ ਜਾਂਦਾ ਹੈ ਜਾਂ ਨਿਯੰਤਰਿਤ ਕਰ ਦਿਤਾ ਜਾਂਦਾ ਹੈ ਕਿ ਉਹ ਅਨੁਸ਼ਾਸ਼ਤ ਸਮਾਜ ਵਿਚ ਇਸ ਤਰ੍ਹਾਂ ਵਿਵਹਾਰ ਕਰਦੀ ਹੈ ਕਿ ਵੱਧ ਤੋਂ ਵੱਧ ਉਪਜ ਪੈਦਾ ਕਰਦੀ ਹੋਈ ਉਹ ਅਨੁਸ਼ਾਸ਼ਨ ਵਿਚ ਰਹਿੰਦੀ ਹੈ। ਵੱਖ-ਵੱਖ ਤਰ੍ਹਾਂ ਦੇ ਸੰਗਠਨ ਇਸ ਵਰਤਾਰੇ ਦੀ ਸੰਪੂਰਨਤਾ ਲਈ ਵਿਸ਼ੇਸ਼ ਭੂਮਿਕਾਵਾਂ ਨਿਭਾਉਂਦੇ ਹਨ, ਜਿਸ ਵਿਚ ਦੇਹ ਨੂੰ ਇਕ ਮਸ਼ੀਨ ਦੀ ਤਰ੍ਹਾਂ ਪ੍ਰੀਭਾਸ਼ਤ ਕਰਕੇ ਉਸਨੂੰ ਉਸੇ ਤਰ੍ਹਾਂ ਵਰਤਿਆ ਅਤੇ ਵਿਵਹਾਰ ਕੀਤਾ ਜਾਂਦਾ ਹੈ।

ਜੈਵਿਕ-ਰਾਜਨੀਤੀ ਜ਼ਿੰਦਗੀ 'ਤੇ ਰਾਜ ਦੀ ਸੱਤਾ ਹੈ, ਜੋ ਕਿ ਲੋਕਾਂ ਦੀ ਜ਼ਿੰਦਗੀ ਅਤੇ ਸਿਹਤ ਨੂੰ ਸੰਗਠਿਤ ਕਰਦੀ ਹੈ। ਇਸ ਤਰ੍ਹਾਂ ਕਰਨ ਨਾਲ ਰਾਜ ਦੀ ਪ੍ਰਭੂਸੱਤਾ 'right to death' ਦੇ ਅਧਿਕਾਰ ਨੂੰ ਦੇਹ ਅਤੇ ਜ਼ਿੰਦਗੀ ਨੂੰ ਗਣਿਤਮਈ ਤਰੀਕੇ ਨਾਲ ਸੰਗਠਿਤ ਕਰਨ ਵਿਚ ਤਬਦੀਲ ਕਰ ਦਿੰਦੀ ਹੈ। ਜੈਵਿਕ-ਰਾਜਨੀਤੀ ਜ਼ਿੰਦਗੀ ਦੀ ਉਹ ਨਿਰੰਤਰਤਾ ਹੈ, ਜਿਸ ਵਿਚ ਜਨਮ-ਦਰ, ਮੌਤ-ਦਰ ਆਦਿ ਅਨੁਸ਼ਾਸ਼ਨ ਅਤੇ ਵਿਗਿਆਨ ਨਾਲ ਇਸ ਤਰ੍ਹਾਂ ਵਰਤੋਂ ਕੀਤੀ ਜਾਂਦੀ ਹੈ, ਜਿਸ ਨਾਲ ਆਮ ਲੋਕਾਂ ਦੀ ਸਿਹਤ ਵਿਚ ਇਜ਼ਾਫ਼ਾ ਹੋ ਸਕੇ ਅਤੇ ਉਹਨਾਂ ਦੀ ਵਧੇਰੇ ਕੰਮ ਲਈ ਤਿਆਰ ਹੋ ਸਕੇ। ਇਹ ਇਕ ਬਾਰੀਕ ਅਤੇ ਸੰਘਣਾ ਰਾਜਨੀਤਿਕ ਵਰਤਾਰਾ ਹੈ। ਇਸ ਤੋਂ ਪਹਿਲਾਂ ਸੱਤਾ ਕਿਸੇ ਵਿਅਕਤੀ ਅਤੇ ਜਾਂ ਫਿਰ ਵਿਅਕਤੀਆਂ ਦੇ ਕਿਸੇ ਸਮੂਹ 'ਤੇ ਧਿਆਨ ਕੇਂਦਰਤ ਕਰਦੀ ਸੀ ਪਰ ਹੁਣ ਉਸਦਾ ਕੇਂਦਰ ਸੰਯੁਕਤ ਆਬਾਦੀ ਹੋ ਗਿਆ ਸੀ, ਜਿਸਨੂੰ ਵਿਗਿਆਨ ਅਤੇ ਰਾਜਨੀਤੀ ਨਾਲ ਕਾਬੂ ਕਰਨਾ ਮੁੱਖ ਉਦੇਸ਼ ਸੀ। ਸੋ ਇਹ ਸੱਤਾ ਦਾ ਇਕ ਨਵਾਂ ਅਧਿਆਇ ਹੈ, ਜਿਸ ਵਿਚ ਇਲਾਕਾਈ ਪ੍ਰਭੂਸੱਤਾ ਤੋਂ ਆਬਾਦੀ ਦਾ ਨਿਰਧਾਰਨ ਅਤੇ ਨਿਯੰਤਰਤਾ ਸੀ (ਆਬਾਦੀ 'ਤੇ ਨਿਯੰਤਰਣ ਤੋਂ ਭਾਵ ਆਬਾਦੀ ਦੇ ਵਧਣ-ਘਟਣ ਬਾਰੇ ਨਾ ਹੋ ਕੇ ਇਸਨੂੰ ਸੱਤਾ ਲਈ ਕਿਸ ਤਰ੍ਹਾਂ ਅਨੁਸ਼ਾਸ਼ਤ ਕੀਤਾ ਜਾਵੇ, ਇਹ ਪ੍ਰਮੁਖ ਉਦੇਸ਼ ਸੀ)। ਇਸ ਨਾਲ ਇਕ ਨਵੀਂ ਦੇਹ ਪੈਦਾ ਹੋ ਜਾਂਦੀ ਹੈ, ਜੋ ਕਿ ਅਨੇਕ-ਭਾਂਤੀ ਹੈ ਅਤੇ ਅਨਿਕ-ਸਿਰਾਂ ਵਾਲੀ ਹੈ। ਇਸ ਤਰ੍ਹਾਂ ਜੈਵਿਕ-ਰਾਜਨੀਤੀ ਆਬਾਦੀ ਨੂੰ ਆਪਣਾ ਕੇਂਦਰ-ਬਿੰਦੂ ਬਣਾਉਂਦੀ ਹੈ, ਜਿਸ ਵਿਚ ਉਹ ਆਬਾਦੀ ਨੂੰ ਜੀਵ-ਵਿਗਿਆਨਕ ਸਮੱਸਿਆ ਅਤੇ ਰਾਜਨੀਤੀ ਦੀ ਸਮੱਸਿਆ ਵਜੋਂ ਪ੍ਰਭਾਸ਼ਿਤ ਕਰਦੀ ਹੈ। ਤੁਸੀਂ ਇਸ ਵਰਤਾਰੇ 'ਚ ਵੇਖ ਸਕਦੇ ਹੋ ਕਿ ਸਟੇਟ

ਕਿਸ ਤਰ੍ਹਾਂ ਜੈਵਿਕ-ਰਾਜਨੀਤੀ ਨੂੰ ਸੰਗਠਿਤ ਕਰਦੀ ਹੋਈ ਦਵਾਈਆਂ, ਟੀਕਾ-ਕਰਣ, ਆਤਮ-ਦਾਹ ਨੂੰ ਗੈਰ-ਕਾਨੂੰਨੀ ਘੋਸ਼ਿਤ ਕਰਨਾ ਆਦਿ ਦੇ ਕਾਰਜ ਕਰਦੀ ਹੈ।

ਸੱਤਾ ਦੀ ਨਿਰੰਤਰ ਸਥਾਪਤੀ ਲਈ ਜੈਵਿਕ-ਰਾਜਨੀਤੀ ਇਕ ਅਹਿਮ ਯੰਤਰ ਹੈ, ਜਿਸ ਵਿਚ ਅਤਿ-ਵਿਗਿਆਨਕ ਤਕਨੀਕਾਂ ਅਤੇ ਯੰਤਰਾਂ ਨਾਲ ਲੋਕਾਂ ਦੇ ਵੱਖੋ-ਵੱਖਰੇ ਅਧਿਐਨ ਕੀਤੇ ਜਾਂਦੇ ਹਨ। ਇਹਨਾਂ ਅਧਿਐਨਾਂ ਵਿਚ ਵਿਅਕਤੀਆਂ ਦੇ ਸੁਭਾਅ, ਰੰਗ-ਰੂਪ, ਨਸਲ, ਜਾਤੀ, ਧਰਮ, ਬਿਮਾਰੀ, ਆਦਤਾਂ, ਮੌਸਮ, ਭੂਗੋਲ ਆਦਿ ਦੀ ਗਿਣਤੀਆਂ-ਮਿਣਤੀਆਂ ਦੇ ਅੰਕੜੇ ਅਤੇ ਨਕਸ਼ੇ ਤਿਆਰ ਕੀਤੇ ਜਾਂਦੇ ਹਨ, ਜਿਹਨਾਂ ਨੂੰ ਬਾਰੀਕੀ ਨਾਲ ਅਧਿਐਨ ਕਰਕੇ ਸੱਤਾ ਲਈ ਵਰਤਿਆ ਜਾਂਦਾ ਹੈ। ਅਨੁਸ਼ਾਸ਼ਨ ਦੀ ਰਾਜਨੀਤੀ ਅਤੇ ਜੈਵਿਕ-ਰਾਜਨੀਤੀ ਇਕੋ ਵੇਲੇ ਅਲੱਗ ਅਤੇ ਜੁੜੇ ਹੋਏ ਵੀ ਹਨ। ਅਨੁਸ਼ਾਸ਼ਨ ਦੀ ਰਾਜਨੀਤੀ ਵਿਚ ਵਿਅਕਤੀਗਤ-ਦੇਹ ਨੂੰ ਸੰਸਥਾਵਾਂ ਰਾਹੀਂ ਪ੍ਰਭਾਵਸ਼ਾਲੀ ਕਾਮੇ ਵਜੋਂ ਤਿਆਰ ਕੀਤਾ ਜਾਂਦਾ ਹੈ ਅਤੇ ਜੈਵਿਕ-ਰਾਜਨੀਤੀ ਵਿਚ ਆਬਾਦੀ ਦੇ ਜੀਵ-ਵਿਗਿਆਨਕ ਵਰਤਾਰੇ ਨੂੰ ਸਿਹਤਮੰਦ-ਆਬਾਦੀ ’ਚ ਨਿਸ਼ਚਿਤ ਕਰਕੇ ਨਿਯੰਤਰਿਤ ਕੀਤਾ ਜਾਂਦਾ ਹੈ। ਅਨੁਸ਼ਾਸ਼ਨ ਦਾ ਉਦੇਸ਼ ਇਕੱਲੇ ਵਿਅਕਤੀ ’ਤੇ ਕੇਂਦਰਤ ਹੋਣਾ ਹੈ ਜਦਕਿ ਜੈਵਿਕ-ਰਾਜਨੀਤੀ ਪੂਰੀ ਆਬਾਦੀ ਨੂੰ ਨਿਸ਼ਚਿਤ ਕਰਦਾ ਹੈ।

## 8.4 ਮਰਨ ਦਾ ਅਧਿਕਾਰ ਅਤੇ ਧਰਮ

‘ਮਰਨ ਦੇ ਅਧਿਕਾਰ’ ਸੰਬੰਧੀ ਕਾਨੂੰਨੀ ਅਤੇ ਵਿਵਹਾਰਕ ਸਮਸਿਆ ਵਿਚ ਸਭ ਤੋਂ ਵੱਡਾ ਦਖ਼ਲ ਧਰਮ ਹੈ ਕਿਉਂਕਿ ਧਰਮ ਦੇ ਵਿਭਿੰਨ ਅਨੁਭਵ ਇਸ ਵਰਤਾਰੇ ਸੰਬੰਧੀ ਆਪਣੀਆਂ ਵਿਭਿੰਨਤਾਵਾਂ ਦੇ ਬਾਵਜੂਦ ਅੰਤਿਮ ਹਸਤੀ ਪ੍ਰਮਾਤਮਾ ਨੂੰ ਮੰਨਦੇ ਹਨ ਅਤੇ ਹਰ ਤਰ੍ਹਾਂ ਦਾ ਅੰਤਿਮ ਫ਼ੈਸਲਾ ਵੀ ਉਸਦੇ ਹਥ ਮੰਨਦੇ ਹਨ। ਕੋਈ ਵੀ ਧਰਮ ਆਤਮਘਾਤ ਨੂੰ ਨਹੀਂ ਮੰਨਦਾ ਪਰ ਧਰਮ ਅਤੇ ਉਸਦੇ ਆਦਰਸ਼ਾਂ ਦੀ ਪਾਲਣਾ ਲਈ ਬਲੀ, ਕੁਰਬਾਨੀ ਅਤੇ ਸ਼ਹਾਦਤ ਦੇ ਵਿਵਹਾਰ ਸਥਾਪਤ ਹਨ। ਧਰਮਾਂ ਦੀ ਸਾਮੀ ਪਰੰਪਰਾ, ਜਿਸ ਵਿਚ ਯਹੂਦੀ, ਈਸਾਈਆ ਅਤੇ ਇਸਲਾਮ ਸ਼ਾਮਲ ਹਨ ਅਤੇ ਧਰਮਾਂ ਦੀ ਭਾਰਤੀ ਪਰੰਪਰਾ, ਜਿਸ ਵਿਚ ਜੈਨ, ਸਨਾਤਨੀ/ਹਿੰਦੂ ਅਤੇ ਬੁੱਧ ਧਰਮ ਸ਼ਾਮਲ ਹਨ ਵਿਚ ਆਤਮਹਤਿਆ ਨੂੰ ਕਿਸੇ ਵੀ ਤਰ੍ਹਾਂ ਪ੍ਰਵਾਨਗੀ ਨਹੀਂ ਦਿਤੀ ਗਈ ਜਾਂ ਇਸ ਵਿਚਾਰ ਨੂੰ ਸਾਰਥਕ ਵਿਚਾਰ ਵਜੋਂ ਪ੍ਰਵਾਨ ਨਹੀਂ ਕੀਤਾ ਗਿਆ। ਵੱਖ-ਵੱਖ ਧਰਮ ਮਨੁੱਖ ਅਤੇ ਸਮਾਜ ਦੇ ਹਰ ਤਰ੍ਹਾਂ ਦੇ ਵਿਕਾਸ ਵਿਚ ਸਹਾਇਕ ਹੀ ਰਹੇ ਹਨ ਬਲਕਿ ਮਨੁੱਖ ਦਾ ਜੀਵਨ ਵਿਚ ਧਰਮ ਧੁਰਾ ਹਨ। ਪਰ ਆਧੁਨਿਕ ਸਮਾਜਾਂ ਵਿਚ ਵਿਗਿਆਨ ਅਤੇ ਤਕਨਾਲੋਜੀ ਨੂੰ ਹੀ ਜ਼ਿੰਦਗੀ ਦੀ ਖੁਸ਼ੀ ਦਾ ਆਧਾਰ ਮੰਨਣ ਵਾਲੇ ਲੋਕ ਧਰਮ ਦੇ ਦੈਵੀ ਆਸ਼ਿਆਂ ਤੋਂ ਪਰੇ ਹੋ ਗਏ। ਅਜਿਹਾ ਹੋਣ ਨਾਲ ਹੌਲੀ-ਹੌਲੀ ਧਰਮਾਂ ਦੇ ਉਹ ਗੁਣ ਜਿਸ ਵਿਚ ਮਨੁੱਖ ਸਚਾਈ, ਸੇਵਾ, ਭਲਾਈ, ਪਿਆਰ ਆਦਿ ਦੇ ਉਚ ਆਦਰਸ਼ਾਂ ਨਾਲ ਜੀਵਨ ਜੀਉਂਦਾ ਸੀ ਅਤੇ ਉਸ ਵਿਚ ਕਿਸੇ ਵੀ ਮੁਸੀਬਤ ਅਤੇ ਬੀਮਾਰੀ ਨਾਲ ਜੂਝਣ ਲਈ ਵਿਸ਼ਵਾਸ਼, ਧਰਮੀ ਲੋਕਾਂ ਦਾ ਸੰਗ ਅਤੇ ਖੇਤਰੀ ਪਰੰਪਰਾਵਾਂ ਵਿਚੋਂ ਵਿਕਸਤ ਹੋਈ ਦਵਾ-ਦਾਰੂ ਦਾ ਆਸਰਾ ਆਦਿ ਸ਼ਾਮਲ ਸਨ। ਮਨੁੱਖ ਦੀ ਇਕਲਤਾ ਅਤੇ ਉਸ ਦੁਆਰਾ ਉਸਦੇ ਨਿਜਤਵ ਜਾਂ ਵਿਅਕਤੀਗਤ ਤੌਰ ‘ਤੇ ਸੀਮਤ ਹੋਣ ਕਰਕੇ ਉਹ ਇਹਨਾਂ ਅਨੁਭਵਾਂ ਤੋਂ ਦੂਰ ਹੋ ਗਿਆ ਅਤੇ ਕੇਵਲ ਤਕਨਾਲੋਜੀ ਅਤੇ ਆਧੁਨਿਕ ਦਵਾਈਆਂ ਨੂੰ ਹੀ ਅੰਤਿਮ ਮੰਨ ਲਿਆ। ਨਤੀਜੇ ਵਜੋਂ ਇਸ ਤਰ੍ਹਾਂ ਦੇ ਮਨੁੱਖ ਕੋਲੋਂ ਧਰਮ ਵਿਚ ਸਥਾਪਤ ਅਰਦਾਸ, ਸਿਮਰਨ ਅਤੇ ਵਿਸ਼ਵਾਸ਼ ਜਿਹੇ ਗੁਣ ਛੁਟ ਜਾਂਦੇ ਹਨ, ਜੋ ਮਨੁੱਖ ਨੂੰ ਔਖੀ ਤੋਂ ਔਖੀ ਮੁਸੀਬਤ ਵਿਚੋਂ ਵੀ ਕੱਢ ਲੈਂਦੇ ਹਨ।

## 8.5 ਸਿੱਖ-ਸਿਧਾਂਤ

ਸਿੱਖੀ ਦੇ ਸਿਧਾਂਤਾਂ ਵਿਚੋਂ ‘ਮਰਨ ਦੇ ਅਧਿਕਾਰ’ ਸੰਬੰਧੀ ਜਾਣਨ ਲਈ ਜਰੂਰੀ ਹੈ ਕਿ ਜੀਵਨ ਕੀ ਹੈ, ਦੇ ਪ੍ਰਸ਼ਨ ਅਤੇ ਪ੍ਰਯੋਜਨ ਨੂੰ ਸਮਝਿਆ ਜਾਵੇ। ਸਿੱਖੀ ਵਿਚ ਜੀਵਨ ਨੂੰ ਅਕਾਲਪੁਰਖ ਦੀ ਬਖ਼ਸ਼ਿਸ਼ ਮੰਨਿਆ

ਗਿਆ ਅਤੇ ਇਸ ਜੀਵਨ ਨੂੰ ਇਸ ਨੁਕਤੇ ਤੋਂ ਕੀਮਤੀ ਮੰਨਿਆ ਗਿਆ ਹੈ ਕਿ ਇਸ ਜੀਵਨ ਰਾਹੀਂ ਪ੍ਰਭੂ-ਪ੍ਰੀਤਮ ਤੋਂ ਵਿਛੜੀ ਜੋਤਿ ਮੁੜ ਮਿਲ ਸਕਦੀ ਹੈ:

ਭਈ ਪਰਾਪਤਿ ਮਾਨੁਖ ਦੇਹੁਰੀਆ॥
ਗੋਬਿੰਦ ਮਿਲਣ ਕੀ ਇਹ ਤੇਰੀ ਬਰੀਆ॥
ਅਵਰਿ ਕਾਜ ਤੇਰੈ ਕਿਤੈ ਨ ਕਾਮ॥
ਮਿਲੁ ਸਾਧਸੰਗਤਿ ਭਜੁ ਕੇਵਲ ਨਾਮ॥
ਸਰੰਜਾਮਿ ਲਾਗੁ ਭਵਜਲੁ ਤਰਨ ਕੈ॥
ਜਨਮ ਬ੍ਰਿਥਾ ਜਾਤ ਰੰਗਿ ਮਾਇਆ ਕੈ॥
ਜਪੁ ਤਪੁ ਸੰਜਮੁ ਧਰਮੁ ਨ ਕਮਾਇਆ॥
ਸੇਵਾ ਸਾਧ ਨ ਜਾਨਿਆ ਹਰਿ ਰਾਇਆ
ਕਹੁ ਨਾਨਕ ਹਮ ਨੀਚ ਕਰੰਮਾ॥
ਸਰਣਿ ਪਰੇ ਕੀ ਰਾਖਹੁ ਸਰਮਾ॥

ਸਿੱਖ-ਅਨੁਭਵ ਵਿਚ ਇਹ ਜੀਵਨ ਅਤਿ-ਦਰਲੱਭ ਹੈ, ਜੋ ਬਹੁਤ ਜਨਮਾਂ ਬਾਅਦ ਵੱਡੇ ਭਾਗੀਂ ਮਿਲਿਆ ਹੈ। ਇਸ ਕਰਕੇ ਇਸ ਜੀਵਨ ਰਾਹੀਂ ਉਹ ਕਮਾਈ ਕਰਨੀ ਚਾਹੀਦੀ ਹੈ ਤਾਂਕਿ ਦੁਨਿਆਵੀ ਦੁਖਾਂ ਤੋਂ ਨਿਵਰਤੀ ਹੋ ਸਕੇ। ਗੁਰਬਾਣੀ ਵਿਚ ਮਨੁੱਖੀ ਜੀਵਨ 'ਚ ਆਉਣ ਤੋਂ ਪਹਿਲਾਂ ਜੀਵਨ ਦੇ ਕਈ ਚੱਕਰ ਕੀਟ, ਪਤੰਗਿਆਂ ਦੇ ਜੀਵਨ ਤੋਂ ਲੈਕ ਕੇ ਵੱਖ-ਵੱਖ ਜੀਵਾਂ, ਜਾਨਵਰਾਂ, ਰੁਖਾਂ, ਪਹਾੜਾਂ ਆਦਿ ਦੀਆਂ ਜੋਨੀਆਂ ਵਿਚ ਬਸਰ ਹੋਏ ਹਨ ਅਤੇ ਮਨੁੱਖਾ ਜੀਵਨ ਦੀ ਪ੍ਰਾਪਤੀ ਤੋਂ ਬਾਅਦ ਇਸ ਨੂੰ ਵਿਅਰਥ ਨਹੀਂ ਕਰਨਾ ਚਾਹੀਦਾ ਸਗੋਂ ਇਸ ਅਵਸਰ ਨੂੰ ਉੱਚ ਆਦਰਸ਼ਾਂ ਰਾਹੀਂ ਜੀਣਾ ਚਾਹੀਦਾ ਹੈ:

ਅਹੰਬੁਧਿ ਪਰਬਾਦ ਨੀਤ ਲੋਭ ਰਸਨਾ ਸਾਦਿ॥
ਲ਼ਪਟਿ ਕਪਟਿ ਗ੍ਰਿਹਿ ਬੇਧਿਆ ਮਿਥਿਆ ਬਿਖਿਆਦਿ॥
ਐਸੀ ਪੇਖੀ ਨੇਤ੍ਰ ਮਹਿ ਪੂਰੇ ਗੁਰ ਪ੍ਰਸਾਦਿ॥
ਰਾਜ ਮਿਲਖ ਧਨ ਜੋਬਨਾ ਨਾਮੈ ਬਿਨੁ ਬਾਦਿ॥
ਰੂਪ ਧੂਪ ਸੋਗੰਧਤਾ ਕਾਪਰ ਭੋਗਾਦਿ॥
ਮਿਲਤ ਸੰਗਿ ਪਾਪਿਸਟ ਤਨ ਹੋਏ ਦੁਰਗਾਦਿ॥
ਫਿਰਤ ਫਿਰਤ ਮਾਨੁਖੁ ਭਇਆ ਖਿਨ ਭੰਗਨ ਦੇਹਾਦਿ॥
ਇਹ ਅਉਸਰ ਤੇ ਚੂਕਿਆ ਬਹੁ ਜੋਨਿ ਭ੍ਰਮਾਦਿ॥
ਪ੍ਰਭ ਕਿਰਪਾ ਤੇ ਗੁਰ ਮਿਲੇ ਹਰਿ ਹਰਿ ਬਿਸਮਾਦ॥
ਸੂਖ ਸਹਜ ਨਾਨਕਅਨੰਦ ਤਾ ਕੈ ਪੂਰਨ ਨਾਦ॥

ਇਸ ਤਰ੍ਹਾਂ ਇਸ ਬੇਸ਼ਕੀਮਤੀ ਜੀਵਨ ਨੂੰ ਉਸਦੇ ਅੰਤਿਮ ਉਦੇਸ਼ ਲਈ ਸਿੱਖ-ਸਿਧਾਂਤਾਂ ਵਿੱਚ ਪ੍ਰੇਰਿਆ ਗਿਆ ਹੈ। ਜੀਵਨ ਦੇ ਇਸ ਆਦਰਸ਼ਕ ਜੀਵਨ ਤੋਂ ਅਸੀਂ ਸਹਿਜੇ ਸਮਝ ਸਕਦੇ ਹਾਂ ਕਿ ਜੀਵਨ ਕੀ ਹੈ ਅਤੇ ਇਸਦਾ ਸਿੱਖ-ਸਿਧਾਂਤਾਂ ਦੇ ਨੁਕਤੇ ਕੀ ਆਦਰਸ਼ ਅਤੇ ਉਦੇਸ਼ ਹੈ। ਇਸ ਤਰ੍ਹਾਂ ਜਦੋਂ ਅਸੀਂ 'ਮਰਨ ਦੇ ਅਧਿਕਾਰ' ਦੀ ਸਮੱਸਿਆ ਜਾਂ ਵਰਤਾਰੇ ਜਾਂ ਵਿਚਾਰ ਦੀ ਗੱਲ ਕਰਦੇ ਹਾਂ ਤਾਂ ਸਾਡੇ ਲਈ ਇਹ ਸਮਝਣਾ ਜਰੂਰੀ ਹੈ ਕਿ ਸਿੱਖ-ਸਿਧਾਂਤਾਂ ਵਿਚ ਮੌਤ ਨੂੰ ਕਿਸ ਤਰ੍ਹਾਂ ਅਨੁਭਵ ਕੀਤਾ ਗਿਆ ਹੈ ਜਾਂ ਸਿਧਾਂਤਬੱਧ ਕੀਤਾ ਗਿਆ ਹੈ।

### 8.5.1 ਮੌਤ ਦਾ ਸਿਧਾਂਤ

ਮੌਤ ਦਾ ਸਿਧਾਂਤ, ਸਿੱਖੀ ਵਿਚ ਕਾਲ ਦੇ ਸਿਧਾਂਤ ਜਾਂ ਸੰਕਲਪ ਕਰਕੇ ਵੀ ਜਾਣਿਆ ਜਾਂਦਾ ਹੈ। ਕਾਲ ਦੇ ਅਰਥ ਸਮਾਂ ਅਤੇ ਮੌਤ ਸਵੀਕਾਰੇ ਗਏ ਹਨ। ਇਸ ਸੰਕਲਪ ਦੀ ਧਾਰਨਾ, ਵਿਸ਼ਵਾਸ਼, ਉਦੇਸ਼ ਅਤੇ ਵਿਵਹਾਰ ਰਾਹੀਂ ਅਸੀਂ ਇਹ ਸਮਝਣਯੋਗ ਹੋ ਸਕਦੇ ਕਿ ਮੌਤ ਹੈ ਕੀ, ਜਿਸ ਕਰਕੇ ਮਨੁੱਖੀ ਜੀਵਨ ਦੀਆਂ ਸਭ ਧਾਰਨਾਵਾਂ ਬਦਲ ਜਾਂਦੀਆਂ ਹਨ। ਮਨੁੱਖ ਮਨ ਵਿਚ ਮੌਤ ਨੂੰ ਜ਼ਿਉਂਦੇ-ਜੀ ਅਪਨਾਉਣ ਦੇ ਬਹੁਪਰਤੀ ਕਾਰਨ ਹੋ ਸਕਦੇ ਹਨ, ਜਿਸ ਕਰਕੇ ਮਨੁੱਖ ਦਾ ਮਨ-ਬੁਧੀ ਉਸ ਮੌਤ ਨੂੰ ਅਪਨਾਉਣ ਦੇ ਉਸ ਨਤੀਜੇ ‘ਤੇ ਪਹੁੰਚ ਜਾਂਦਾ ਹੈ, ਜਿਥੇ ਉਸ ਕੋਲ ਕੋਈ ਰਸਤਾ ਨਹੀਂ ਹੁੰਦਾ। ਦੁੱਖ, ਬੀਮਾਰੀ, ਹਾਲਾਤ ਮਨੁੱਖ ਨੂੰ ਇਸ ਸੰਬੰਧੀ ਮਜ਼ਬੂਰ ਕਰ ਦਿੰਦੇ ਹਨ, ਜਿਸ ਵਿਚ ਕਈ ਮਨੁੱਖ ਜੀਵਨ ਦੀ ਤੰਦੀ ਛੱਡ ਮੌਤ ਨੂਮ ਚੁਣ ਲੈਂਦਾ ਹਨ। ਇਹ ਇਕ ਪ੍ਰਪੱਕ ਸੱਚਾਈ ਹੈ ਕਿ ਮੌਤ ਸਭ ਲਈ ਨਿਸ਼ਚਤ ਹੈ ਪਰ ਕਿਸੇ ਵੀ ਸਮਾਜ ਵਿਚ ਮੌਤ ਦਾ ਅਨੁਭਵ ਅਤੇ ਸਿਧਾਂਤਕ ਆਦਰਸ਼ ਕੀ ਹੈ, ਉਹ ਇਹ ਸਥਾਪਤ ਕਰਦਾ ਹੈ ਕਿ ਉਸ ਸਮਾਜ ਦੇ ਲੋਕਾਂ ਦਾ ਮਨੋਬਲ ਅਤੇ ਜੀਵਨ ਨੂੰ ਵੇਖਣ ਦਾ ਕੀ ਤਰੀਕਾ ਹੈ। ਸਿੱਖ-ਸਿਧਾਂਤਾਂ ਵਿਚ ਮੌਤ ਨੂੰ ਤਸੱਵਰ ਅਕਾਲਪੁਰਖ ਰਾਹੀਂ ਕੀਤਾ ਗਿਆ ਹੈ, ਜੋ ਕਿ ਇਕਲਾ ਹੀ ਕਾਲ-ਮੁਕਤ ਬਾਕੀ ਸਭ ਮਨੁੱਖ, ਧਰਤੀਆਂ, ਖੰਡ, ਬ੍ਰਹਿਮੰਗਡ ਕਾਲ ਦੀ ਸ਼ਰਨ ਵਿੱਚ ਹਨ, ਜੋ ਬਣਿਆ ਹੈ ਉਹ ਬਿਨਸੇਗਾ ਵੀ। ਇਹ ਪਹਿਲਾ ਅਤੇ ਅੰਤਿਮ ਸਤਿ ਹੈ। ਕੇਵਲ ਵਾਹਿਗੁਰੂ ਹੀ ਆਦਿ ਅਤੇ ਅੰਤ ਹੈ:

ਪ੍ਰਭ ਭਾਵੈ ਮਾਨੁਖ ਗਤਿ ਪਾਵੈ॥
ਪ੍ਰਭ ਭਾਵੈ ਤਾ ਪਾਥਰ ਤਰਾਵੈ॥
ਪ੍ਰਭ ਭਾਵੈ ਬਿਨੁ ਸਾਸ ਤੇ ਰਾਖੈ॥
ਪ੍ਰਭ ਭਾਵੈ ਤਾ ਹਰਿ ਗੁਣ ਭਾਖੈ॥
ਪ੍ਰਭ ਭਾਵੈ ਤਾ ਪਤਿਤ ਉਧਾਰੈ॥
ਆਪਿ ਕਰੈ ਆਪਨ ਬੀਚਾਰੈ॥
ਦੁਹਾ ਸਿਰਿਆ ਕਾ ਆਪਿ ਸੁਆਮੀ॥
ਖੇਲੈ ਬਿਗਸੈ ਅੰਤਰਜਾਮੀ॥
ਝੋ ਭਾਵੈ ਸੋ ਕਾਰ ਕਰਾਵੈ॥
ਨਾਨਕ ਦ੍ਰਿਸਟੀ ਅਵਰੁ ਨ ਆਵੈ॥

ਸਿੱਖ-ਜੀਵਨ ਦਾ ਆਦਰਸ਼ ਵਾਹਿਗੁਰੂ ਹੈ, ਜਿਸਨੂੰ ਜੋ ਭਾਉਂਦਾ ਹੈ, ਸੋ ਵਾਪਰਦਾ ਹੈ। ਉਹ ਜਗਤ ਦੇ ਦੋਹਾਂ ਸਿਰਿਆਂ ਦਾ ਮਾਲਕ ਹੈ। ਇਸ ਲਈ ਜੀਵਨ, ਮੌਤ ਉਸਦੇ ਹਥ ਵਿਚ ਹੈ। ਇਸ ਲਈ ਆਪਣਾ ਜੀਵਨ-ਆਦਰਸ਼ ਮਿਥ ਕੇ ਮਨੁੱਖ ਨੂੰ ਉੱਚਤਮ ਆਦਰਸ਼ਾਂ ਦੀ ਪ੍ਰਾਪਤੀ ਲਈ ਯਤਨ ਕਰਨਾ ਚਾਹੀਦਾ ਹੈ। ਅਜਿਹਾ ਕਰਦਿਆਂ ਮਨੁੱਖ ਵਿਚ ਜੋ ਸਤਿ ਗੁਣਾਂ ਦਾ ਪ੍ਰਕਾਸ਼ ਹੁੰਦਾ ਹੈ, ਉਸ ਨਾਲ ਉਸਦਾ ਮਨੋਬਲ ਅਤੇ ਮਾਨਸਿੱਖ ਪ੍ਰਵਿਰਤੀਆਂ ਜ਼ਿੰਦਗੀ ਦੇ ਸਤਿ ਦੇ ਨਜ਼ਦੀਕ ਹੋ ਜਾਂਦੀਆਂ। ਅਜਿਹਾ ਹੋਣ ਨਾਲ ਮਨੁੱਖ ਜੀਵਨ ਅਤੇ ਸਮਾਜ ਦੀਆਂ ਔਕੜਾਂ ਨੂੰ ਇਸ ਪੱਧਰ ਤਕ ਭਾਰ ਨਹੀਂ ਬਣਾਉਂਦਾ ਕਿ ਉਸ ਨੂੰ ਆਪਣੇ ਆਪ ਮੌਤ ਨੂੰ ਚੁਨਣਾ ਪੈ ਜਾਵੇ। ਉਸਨੂੰ ਇਹ ਸਮਝ ਆ ਜਾਂਦੀ ਹੈ ਕਿ:

ਜੋ ਉਪਜਿਓ ਸੋ ਬਿਨਸਿ ਹੈ ਪਰੋ ਆਜੁ ਕੈ ਕਾਲਿ॥
ਨਾਨਕ ਹਰਿ ਗੁਨ ਗਾਇ ਲੇ ਛਾਡਿ ਸਗਲ ਜੰਜਾਲ॥

ਮੌਤ ਦਾ ਸੱਚ ਅਨੁਭਵ ਕਰਨ ਵਾਲਾ ਇਸ ਵਿਚਾਰ 'ਤੇ ਜਾਂ ਇਸ ਧਾਰਨਾ ਨੂੰ ਇਸ ਤਰ੍ਹਾਂ ਆਤਮਸਾਤ ਕਰ ਲੈਂਦਾ ਹੈ ਕਿ ਉਸਨੂੰ ਜ਼ਿੰਦਗੀ ਦੇ ਦੁੱਖ, ਸੁੱਖ, ਰੋਗ, ਖੁਸ਼ੀਆਂ ਦੇ ਅੰਤਰੀਵ ਭੇਤ ਪੈਣੇ ਸ਼ੁਰੂ ਹੋ ਜਾਂਦੇ ਹਨ। ਇਸ ਕਰਕੇ ਉਹ ਵਕਤੀ ਅਤੇ ਲੰਮੀਆਂ ਮੁਸੀਬਤਾਂ ਲਈ ਅੰਦਰੋਂ-ਬਾਹਰੋਂ ਤਿਆਰ ਰਹਿੰਦੇ ਹਨ। ਉਹ ਜੀਵਨ ਦੇ ਕਸ਼ਟਾਂ ਨਾਲ ਜੂਝਣ ਦੀ ਸਮਰੱਥਾ ਰਖਦੇ ਹਨ। ਜੀਵਨ ਜੀਣ ਲਈ ਹੈ ਪਰ ਸਦੈਵ ਨਹੀਂ। ਇਹ ਸਰੀਰ ਨੇ ਖਤਮ ਹੋਣਾ ਹੈ ਪਰ ਅਮਰਦਲੀ ਜੋਤਿ ਨੇ ਨਹੀਂ। ਇਸ ਲਈ ਇਸ ਜੋਤਿ ਦਾ ਉਦੇਸ਼ ਮਹੱਤਵਪੂਰਣ ਹੈ, ਜੋ ਕਿ ਇਸ ਸਰੀਰ ਰਾਹੀਂ ਸਹਿਜ 'ਚ ਪ੍ਰਾਪਤ ਹੋ ਸਕਦਾ ਹੈ। ਇਸ ਕਰਕੇ ਉਸ ਉਦੇਸ਼ ਲਈ ਕਾਰਜ ਕਰਨਾ ਚਾਹੀਦਾ ਹੈ:

ਙੰਙਾ ਙ੍ਰਾਸੈ ਕਾਲੁ ਤਿਹ ਜੋ ਸਾਕਤ ਪ੍ਰਭਿ ਕੀਨ॥
ਅਨਿਕ ਜੋਨਿ ਜਨਮਹਿ ਮਰਹਿ ਆਤਮ ਰਾਮੁ ਨ ਚੀਨ॥
ਙਿਆਨ ਧਿਆਨ ਤਾਹੂ ਕਉ ਆਏ॥
ਕਰਿ ਕਿਰਪਾ ਜਿਹ ਆਪਿ ਦਿਵਾਏ॥
ਙਣਤੀ ਙਣੀ ਨਹੀ ਕੋਊ ਛੂਟੈ॥
ਕਾਚੀ ਗਾਗਰਿ ਸਰਪਰ ਫੂਟੈ।
ਸੋ ਜੀਵਤ ਜਿਹ ਜੀਵਤ ਜਪਿਆ॥
ਪ੍ਰਗਟ ਭਏ ਨਾਨਕ ਨਹ ਛਪਿਆ॥

## 8.6 ਸਿੱਖ-ਵਿਵਹਾਰਕਤਾ

ਗੁਰੂ-ਸਾਹਿਬਾਨ ਦਾ ਜੀਵਨ-ਆਦਰਸ਼ ਅਤੇ ਸਿੱਖਾਂ ਦਾ ਇਤਿਹਾਸ ਵਿਚ ਵਰਤਾਰਾ ਅਦੁੱਤੀ ਹੈ। ਗੁਰੂ-ਸਾਹਿਬਾਨ ਦੇ ਆਦਰਸ਼ਾਂ ਤੇ ਆਪਣੇ ਜੀਵਨ ਦੀ ਸਿਰਜਣਾ ਕਰਨ ਵਾਲਿਆਂ ਨੇ ਜੀਵਨ-ਮੌਤ ਦੇ ਵਰਤਾਰੇ ਨੂੰ ਬੜੀ ਸੂਖ਼ਮਤਾ ਨਾਲ ਧਾਰਨ ਕਤਿਾ ਹੈ, ਜਿਸ ਕਰਕੇ ਗੁਰੂ ਨੂੰ ਪਿਆਰ ਕਰਨ ਵਾਲਿਆਂ ਨੇ ਇਤਿਹਾਸ ਵਿਚ ਮੌਤ ਨੂੰ ਇਕ ਖੇਡ ਦੇ ਤੌਰ 'ਤੇ ਅਨੁਭਵ ਕੀਤਾ ਹੈ। ਸਿੱਖ-ਇਤਿਹਾਸ ਵਿਚ ਆਤਮ-ਹੱਤਿਆ ਦੀਆਂ ਘਟਨਾਵਾਂ ਲਭਣੀਆਂ ਬਹੁਤ ਮੁਸ਼ਕਿਲ ਹੈ। ਆਧੁਨਿਕ ਵਰਤਾਰੇ ਤੋਂ ਪਹਿਲਾਂ ਤਾਂ ਕਿਸੇ ਘਟਨਾ ਦਾ ਮਿਲਣਾ ਅਸੰਭਵ ਜਿਹਾ ਹੈ ਕਿਉਂਕਿ ਸਿੱਖਾਂ ਨੇ ਆਪਣੇ ਜੀਵਨ ਨੂੰ ਗੁਰੂ-ਆਦਰਸ਼ਾਂ ਜਿਵੇਂ ਕਿ ਸਬਰ, ਸੰਤੋਖ, ਸੰਜਮ, ਨਿਰਭਉ ਆਦਿ ਵਿਚ ਇਸ ਤਰ੍ਹਾਂ ਉਤਾਰਿਆ ਹੈ ਕਿ ਉਹ ਜੀਵਨ ਦੀ ਔਖੀ ਤੋਂ ਔਖੀ ਮੁਸੀਬਤ ਨੂੰ ਪਾਰ ਕਰਦੇ ਰਹੇ ਹਨ ਅਤੇ ਅਜ ਵੀ ਇਹ ਗੁਣ ਸਿੱਖਾਂ ਦੇ ਸੁਭਾਅ ਦਾ ਹਿਸਾ ਹਨ। ਸਿੱਖ-ਇਤਿਹਾਸ 'ਸਰਬੱਤ ਦੇ ਭਲੇ' ਦਾ ਅਤੇ 'ਚੜ੍ਹਦੀ ਕਲਾ' ਦਾ ਇਤਿਹਾਸ ਹੈ, ਜਿਸ ਵਿਚ ਸਿੱਖਾਂ ਨੇ ਸਦੀਆਂ ਤੋਂ ਘੱਟ-ਗਿਣਤੀ ਹੋਣ ਦੇ ਬਾਵਜੂਦ ਲਗਾਤਾਰ ਜੀਵਨ ਅਤੇ ਸਮਾਜ ਦੀ ਸੰਤੁਲਤਾ ਅਤੇ ਖੁਸ਼ਹਾਲੀ ਲਈ ਕਾਰਜ ਕੀਤੇ ਹਨ। ਸਿੱਖ-ਵਿਵਹਾਰਕਤਾ ਵਿਚ ਕੁਝ ਅਜਿਹੇ ਸੰਕਲਪਾਂ ਅਤੇ ਧਾਰਨਾਵਾਂ ਹਨ, ਜੋ ਮਨੁੱਖ ਨੂੰ ਮਰਨ ਤੋਂ ਨਹੀਂ ਮਰ ਰਹੇ ਵਿਅਕਤੀ ਨੂੰ ਜੀਵਨ ਬਖ਼ਸ਼ਦੀਆਂ ਹਨ। ਜਿਵੇਂ ਕਿ:

- ਸਵਾ ਲੱਖ ਦਾ ਅਨੁਭਵ:
  ਸਵਾ ਲੱਖ ਦਾ ਸੰਕਲਪ ਇਕ ਅਹਿਮ ਸੰਕਲਪ ਹੈ। ਸਿੱਖ-ਪਰੰਪਰਾ ਵਿਚ ਇਕ ਵਿਅਕਤੀ ਨੂੰ ਸਵਾ ਲੱਖ ਮੰਨਿਆ ਗਿਆ ਹੈ। ਹਰ ਇਕ ਸਿੱਖ ਆਪਣੇ ਆਪ ਵਿਚ ਸਵਾ ਲੱਖ ਦੀ ਤਾਕਤ ਨੂੰ ਅਨੁਭਵ ਕਰਨ ਦੇ ਸਮਰਥ ਹੈ। ਗੁਰੂ ਗੋਬਿੰਦ ਸਿਘ ਦੁਆਰਾ ਬਖਸ਼ਿਸ਼ ਇਸ ਸੰਕਲਪ ਨੂੰ ਸਿੱਖਾਂ ਨੇ ਆਪਣੇ ਜੀਵਨ ਵਿਚ ਆਤਮਸਾਤ ਕੀਤਾ ਹੈ। ਇਸ ਲਈ ਕਿਸੇ ਇਕਲੀ ਵਸਤ, ਚੀਜ਼, ਮਨੁੱਖ ਨੂੰ ਇਕ ਨਾ ਮੰਨ ਕੇ ਸਵਾ ਲੱਖ ਮੰਨਦੇ ਹਨ, ਜੋ ਕਿ ਸਿੱਖਾਂ ਦੇ ਉਚੇਰੇ ਮਨੋਬਲ ਅਤੇ ਜੀਵਨ ਨੂੰ ਵੇਖਣ ਵਾਲੇ ਵਿਰਾਟ ਨਜ਼ਰੀਏ ਦਾ ਪ੍ਰਤੀਕ ਹੈ। ਇਸ ਸੰਕਲਪ ਕੇਵਲ ਸਿਧਾਂਤਕ ਰੂਪ ਵਿਚ ਨਹੀਂ ਹੈ ਬਲਕਿ ਇਸ ਇਸ ਦੀਆਂ ਅਣਗਿਣਤ ਘਟਨਾਵਾਂ ਇਤਿਹਾਸ ਦੇ ਪੰਨਿਆਂ 'ਚ ਬਿਰਾਜਮਾਨ ਹਨ। ਭਾਈ ਬਚਿੱਤਰ ਸਿੰਘ, ਇਕ ਸਾਧਾਰਨ ਕਦ ਦੇ ਸਿੱਖ ਨੇ ਆਨੰਦਪੁਰ ਦੇ ਕਿਲ੍ਹੇ ਨੂੰ ਢਾਉਣ ਆ ਰਹੇ

ਇਕ ਨਸ਼ੀਲੇ ਹਾਥੀ ਨੂੰ, ਜਿਸਦੇ ਮੱਥੇ 'ਤੇ ਲੋਹੇ ਦੀ ਢਾਲ ਵੀ ਸੀ, ਨੂੰ ਆਪਣੀ ਬਰਛੀ ਦੇ ਇਕ ਵਾਰ ਨਾਲ ਹੀ ਹਾਥੀ ਦਾ ਮੱਥਾ ਵਿੰਨ੍ਹ ਦਿਤਾ, ਜਿਸ ਨਾਲ ਜੰਗ ਦੀ ਦਿਸ਼ਾ ਦੀ ਦਿਸ਼ਾ ਬਦਲ ਗਈ। ਬਾਬਾ ਬੰਦਾ ਸਿੰਘ ਬਹਾਦਰ, ਬਾਬਾ ਦੀਪ ਸਿੰਘ ਸ਼ਹੀਦ, ਹਰੀ ਸਿੰਘ ਨਲੂਆ, ਸ਼ਾਮ ਸਿੰਘ ਆਟਾਰੀ ਵਾਲਾ ਅਨੇਕਾਂ ਅਜਿਹੇ ਸਿੱਖ ਯੋਧੇ ਸਨ, ਜਿਨ੍ਹਾਂ ਨੇ ਜੰਗ ਦੇ ਮੈਦਾਨ ਵਿਚ ਇਕ, ਸਵਾ ਲਖ ਕਿਵੇਂ ਹੁੰਦਾ ਹੈ, ਨੂੰ ਕਰ ਕੇ ਵਿਖਾਇਆ। ਇਸ ਤੋਂ ਬਿਨਾਂ ਸਾਡੇ ਕੋਲ ਭਾਈ ਬਿਧੀ ਚੰਦ, ਭਾਈ ਘਨ੍ਹਈਆ ਜੀ, ਉਦਾਸੀ, ਨਿਰਮਲੇ ਅਤੇ ਹੋਰ ਸਿੱਖ, ਸੰਤ ਅਤੇ ਸਾਧੂ ਦੀਆਂ ਉਦਾਹਰਣਾਂ ਹਨ, ਜਿਨ੍ਹਾਂ ਇਕਲਿਆਂ ਨੇ ਉਸ ਤਰ੍ਹਾਂ ਦੇ ਕਾਰਜ ਕੀਤੇ, ਜੋ ਕਿ ਸਵਾ ਲੱਖ ਦੇ ਅਨੁਭਵ ਵਾਲੇ ਹਨ।

- ਸਿੱਖ-ਅਰਦਾਸ

  ਅਰਦਾਸ ਇਕ ਮਹਾਂ-ਅਨੁਭਵ ਹੈ, ਜਿਸਨੂੰ ਜਿਗਿਆਸੂ ਦੁਆਰਾ ਹਰ ਵਾਰ ਅਨੁਭਵ ਕਰਨ ਦਾ ਅਵਸਰ ਹੁੰਦਾ ਹੈ। ਸਿੱਖ ਅਰਦਾਸ ਸਿੱਖਾਂ ਦੀ ਸਾਂਝੀ ਚੇਤਨਾ ਦਾ ਸਗਲ ਅਨੁਭਵ ਅਤੇ ਪ੍ਰਗਟਾਵਾ ਹੈ, ਜਿਸ ਵਿਚ ਸਿੱਖ ਅਧਿਆਤਮਕਤਾ ਅਤੇ ਇਤਿਹਾਸ ਸਮੋਇਆ ਹੋਇਆ ਹੈ। ਸਿੱਖ ਆਰਦਾਸ ਵਿਚ ਦਰਜ਼ 'ਜਿਨ੍ਹਾਂ ਸਿੰਘਾਂ-ਸਿੰਘਣੀਆਂ ਨੇ ਧਰਮ ਹੇਤ ਸੀਸ ਦਿਤੇ, ਬੰਦ ਬੰਦ ਕਟਾਏ, ਖੋਪਰੀਆਂ ਲੁਹਾਈਆਂ, ਚਰਖੜੀਆਂ ਤੇ ਚੜ੍ਹੇ, ਆਰਿਆਂ ਨਾਲ ਚਿਰਾਏ ਗਏ' ਸਿੱਖ-ਵਿਵਹਾਰਕਤਾ ਦਾ ਅਦੁੱਤੀ ਜਲੌ ਹੈ। ਇਹ ਅਰਦਾਸ ਹਰ ਸਿੱਖ ਰੋਜ਼ਾਨਾ ਦੋ ਵਾਰ ਕਰਦਾ ਹੈ, ਜਿਸ ਦੌਰਾਨ ਉਸਦੀ ਸਮੁਚੀ ਚੇਤਨਾ ਗੁਰੂ-ਸਾਹਿਬਾਨ ਅਤੇ ਸਿੱਖ-ਇਤਿਹਾਸ ਨਾਲ ਬਾ-ਵਾਸਤਾ ਹੁੰਦੀ ਹੈ, ਜੋ ਕਿ ਉਸਨੂੰ ਔਖੇ ਸਮੇਂ ਵਿਚ ਡੋਲਣ ਨਹੀਂ ਦਿੰਦੀ।

- ਸਿੰਘ-ਬੋਲੇ

  ਸਿੱਖ-ਜੀਵਨ ਵਿਚ ਚੜ੍ਹਦੀ ਕਲਾ ਦੇ ਅਭਿਆਸ ਲਈ ਸਿੰਘ-ਬੋਲਿਆਂ ਦਾ ਬਹੁਤ ਮਹਤਵ ਹੈ। ਅਠਾਰਵੀਂ ਸਦੀ ਦੇ ਸਿੱਖ-ਸੰਘਰਸ਼ ਦੌਰਾਨ ਜੰਗ ਲੜ੍ਹ ਰਹੇ ਸਿੱਖਾਂ ਨੇ ਆਪਣੀ ਕੋਡ-ਭਾਸ਼ਾ ਤਿਆਰ ਕੀਤੀ, ਜੋ ਕਿ ਸਦਾ ਲਈ ਉਹਨਾਂ ਦੇ ਜੀਵਨ ਦਾ ਹਿੱਸਾ ਬਣ ਗਈ। ਇਹ ਬੋਲੇ ਕੇਵਲ ਜੰਗੀ-ਜੁਗਤਾਂ ਨਹੀਂ ਸਨ ਬਲਕਿ ਸਿੱਖਾਂ ਦੀ ਚੜ੍ਹਦੀ ਕਲਾ ਅਤੇ ਉਚੇ ਮਨੋਬਲ ਦੇ ਪ੍ਰਤੀਕ ਹਨ। ਸਵਾ ਲੱਖ ਵੀ ਇਕ ਬੋਲਾ ਹੀ ਹੈ। ਇਸ ਤੋਂ ਇਲਾਵਾ ਇਹਨਾਂ ਬੋਲਿਆਂ ਵਿਚ ਦੂਜੇ ਦੇ ਸਨਮਾਨ ਅਤੇ ਉਤਸ਼ਾਹ ਨੂੰ ਵੀ ਵੇਖਿਆ ਜਾ ਸਕਦਾ ਹੈ। ਇਹ ਬੋਲੇ ਕਿਸੇ ਵੀ ਚੀਜ਼ ਜਾਂ ਵਸਤ ਨੂੰ ਨਵੀਂ ਭਾਸ਼ਾ ਵਿਚ ਕਹਿਣ ਨਾਲ ਸੰਬੰਧਤ ਹਨ, ਜਿਵੇਂ ਕਿ ਨੇਤਰਹੀਣ ਵਿਅਕਤੀ ਨੂੰ ਸੂਰਮਾ, ਦੁੱਧ ਨੂੰ ਸਮੁੰਦਰ, ਬਚੇ ਨੂੰ ਭੁਝੰਗੀ, ਛੋਲਿਆਂ ਨੂੰ ਬਾਦਾਮ ਆਦਿ। ਇਹਨਾਂ ਦੀ ਗਿਣਤੀ ਸੈਂਕੜਿਆਂ ਵਿਚ ਹੈ।

## 8.7 ਸਾਰ

- 'ਮਰਨ ਦਾ ਅਧਿਕਾਰ' ਮਨੁੱਖ ਦੀ ਖਾਸ ਹਾਲਾਤ ਵਿਚ ਮੌਤ ਅਪਨਾਉਣ ਲਈ 'ਆਤਮ-ਸਨਮਾਨ ਨਾਲ ਮੌਤ' ਦੇ ਉਦੇਸ਼ ਨਾਲ ਜੁੜਿਆ ਹੋਇਆ ਹੈ।
- 'ਮਰਨ ਦਾ ਅਧਿਕਾਰ' ਸੰਬੰਧੀ ਵੱਖ-ਵੱਖ ਦੇਸ਼ਾਂ ਵਿਚ ਨਿਯਮ ਅਤੇ ਕਾਨੂੰਨ ਹਨ।
- 'ਮਰਨ ਦਾ ਅਧਿਕਾਰ' ਜੈਵਿਕ-ਨੈਤਿਕਤਾ ਦੇ ਖੇਤਰ ਵਿਚ ਇਕ ਪੇਚੀਦਾ ਪ੍ਰਸ਼ਨ ਹੈ, ਜਿਸਨੂੰ ਜੈਵਿਕ-ਰਾਜਨੀਤੀ ਦੇ ਸੰਦਰਭ ਵਿਚ ਵੀ ਸਮਝਣ ਚਾਹੀਦਾ ਹੈ।
- ਦੁਨੀਆਂ ਦੇ ਜਿਆਦਾਤਰ ਧਰਮ 'ਮਰਨ ਦੇ ਅਧਿਕਾਰ' ਨਾਲ ਸਹਿਮਤ ਨਹੀਂ ਹਨ।
- ਸਿੱਖ-ਸਿਧਾਂਤ ਅਨੁਸਾਰ 'ਮਰਨ ਦੇ ਅਧਿਕਾਰ' ਨੂੰ ਜੀਵਨ ਅਤੇ ਮੌਤ ਦੇ ਉਦੇਸ਼ਾਂ ਰਾਹੀਂ ਸਮਝਿਆ ਜਾ ਸਕਦਾ ਹੈ।

- ਸਿੱਖ-ਇਤਿਹਾਸ ਵਿਚ 'ਸਵਾ ਲਖ', 'ਅਰਦਾਸ', 'ਸਿੰਘ-ਬੋਲੇ', 'ਚੜ੍ਹਦੀ ਕਲਾ' ਆਦਿ ਅਜਿਹੇ ਸੰਕਲਪਾਂ ਦੇ ਅਭਿਆਸ ਕੀਤਾ ਗਿਆ ਹੈ, ਜੋ ਮੌਤ ਨੂੰ ਵਿਲੱਖਣ ਤਰੀਕੇ ਅਤੇ ਵਿਧੀ ਨਾਲ ਅਨੁਭਵ ਕਰਦੇ ਹਨ।

## 8.8 ਵਿਸਤਾਰ ਵਿਚ ਪੜ੍ਹਨਯੋਗ ਪੁਸਤਕਾਂ


- Avtar Singh (1991). *Ethics Of The Sikh,* Patiala: Punjabi University.
- Boylan, M. (2013). *Medical Ethics,* MA and Oxford: Wiley-Blackwell.
- *Encyclopedia of Bioethics* (2004). Stephen Garrard Post (ed.). USA: Macmillan Reference.
- Foucault, M. (2008). *The Birth of Biopolitics.* New York: Palgrave.
- Nripinder Singh (1990). *The Sikh Moral Tradition.* New Delhi: Ramesh Jain Manohar.
- Overall, C. (1987). *Ethics and Human Reproduction: A Feminist Analysis*. Boston: Allen & Unwin.
- Wazir Singh (1977). *Humanism of Guru Nanak: A Philosophical Inquiry,* Delhi: Ess Ess Publications.


## 8.9 ਅਭਿਆਸ ਲਈ ਪ੍ਰਸ਼ਨ

ਪ੍ਰਸ਼ਨ 1. 'ਮਰਨ ਦੇ ਅਧਿਕਾਰ' ਤੋਂ ਤੁਸੀ ਕੀ ਸਮਝਦੇ ਹੋ?

ਪ੍ਰਸ਼ਨ 2. 'ਮਰਨ ਦੇ ਅਧਿਕਾਰ' ਸੰਬੰਧੀ ਧਰਮਾਂ ਦੀ ਕੀ ਮਾਨਤਾ ਹੈ?

ਪ੍ਰਸ਼ਨ 3. 'ਮਰਨ ਦੇ ਅਧਿਕਾਰ' ਅਤੇ ਸਿੱਖ-ਸਿਧਾਂਤਾਂ ਬਾਰੇ ਲਿਖੋ।

ਪ੍ਰਸ਼ਨ 4. ਮੌਤ ਸੰਬੰਧੀ ਸਿੱਖ-ਵਿਵਹਾਰ ਦੀਆਂ ਉਦਾਹਰਣਾਂ ਦਿਓ।